ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 11 | Issue 26 | 02 July 2021 to 08 July 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਭਾਰਤ ਉਪਰ ਜੰਗ ਦਾ ਖ਼ਤਰਾ ਮੰਡਰਾਇਆ

## ✪ ਜੰਮੂ ਦੇ ਹਵਾਈ ਸੈਨਾ ਅੱਡੇ 'ਤੇ ਦੋ ਡਰੋਨਾਂ ਰਾਹੀਂ ਹਮਲਾ, 2 ਜਵਾਨ ਜ਼ਖ਼ਮੀ ✪ ਚੀਨ ਨੇ ਚੀਨ-ਭਾਰਤ ਸਰਹੱਦ ਦੇ ਪੱਛਮੀ ਹਿੱਸੇ ਵਿਚ ਵੱਡੀ ਪੱਧਰ 'ਤੇ ਫ਼ੌਜਾਂ ਕੀਤੀਆਂ ਜਮਾਂ ✪ ਸੀਮਾ 'ਤੇ ਲਗਾਤਾਰ ਤਣਾਉ ਕਾਰਨ ਭਾਰਤ ਦੇ ਅਰਥਚਾਰੇ 'ਤੇ ਵੱਡਾ ਅਸਰ

**ਸ੍ਰੀਨਗਰ/ਏ.ਟੀ.ਨਿਊਜ਼** : ਚੀਨ ਤੇ ਪਾਕਿਸਤਾਨ ਦੀਆਂ ਭਾਰਤ ਵਿਰੋਧੀ ਗਤੀਵਿਧੀਆਂ ਕਾਰਨ ਭਾਰਤ ਉਪਰ ਜੰਗ ਦੇ ਖਤਰੇ ਮੰਡਰਾਉਣੇ ਸ਼ੁਰੂ ਹੋ ਗਏ ਹਨ। ਜੰਮੂ ਕਸ਼ਮੀਰ ਵਿਚ 370 ਧਾਰਾ ਦਾ ਖਾਤਮਾ ਮੋਦੀ ਸਰਕਾਰ ਲਈ ਗਲੇ ਦੀ ਹੱਡੀ ਬਣ ਗਿਆ ਹੈ।ਜੰਮੂ ਹਵਾਈ ਅੱਡੇ ਉਪਰ ਡਰੋਨ ਹਮਲਾ ਇਸੇ ਪ੍ਰਸੰਗ ਵਿਚ ਮਾਹਿਰ ਦੇਖ ਰਹੇ ਹਨ।ਜੰਮੂ ਹਵਾਈ ਅੱਡੇ ਦੇ ਅੰਦਰ ਇੰਡੀਅਨ ਏਅਰ ਫੋਰਸ ਸਟੇਸ਼ਨ (ਹਵਾਈ ਸੈਨਾ ਦੇ ਤਕਨੀਕੀ ਖੇਤਰ) ਵਿਚ ਬੀਤੇ ਐਤਵਾਰ ਦੇਰ ਰਾਤ ਮਹਿਜ 5 ਮਿੰਟ ਦੇ ਵਕਫੇ ਵਿਚ 1.35 ਅਤੇ 1.47 ਵਜੇ ਡਰੋਨਾਂ ਰਾਹੀਂ ਸੁੱਟੀ ਧਮਾਕਾਖੇਜ਼ ਸਮੱਗਰੀ ਨਾਲ 2 ਭੇਦ ਭਰੇ ਧਮਾਕੇ ਹੋਏ। ਹਵਾਈ ਸੈਨਾ ਦੇ ਬੁਲਾਰੇ ਅਨੁਸਾਰ ਇਨਾਂ ਘੱਟ ਤੀਬਰਤਾ ਵਾਲੇ ਧਮਾਕਿਆਂ ਵਿਚ ਹਵਾਈ ਅੱਡੇ ਦੀ ਇਕ ਇਮਾਰਤ ਦੀ ਛੱਤ ਨੂੰ ਨੁਕਸਾਨ ਪਹੁੰਚਿਆ, ਜਦਕਿ ਦੂਜਾ ਧਮਾਕਾ ਖੁੱਲੇ ਖੇਤਰ ਵਿਚ ਹੋਇਆ ।ਧਮਾਕੇ 'ਚ ਹਵਾਈ ਸੈਨਾ ਦੇ 2 ਕਰਮੀ ਅਰਵਿੰਦ ਸਿੰਘ ਤੇ ਐਸ. ਕੇ. ਸਿੰਘ ਮਾਮੂਲੀ ਜ਼ਖ਼ਮੀ ਹੋਏ । ਅੱਡੇ ਵਿਚ ਮੌਜੂਦ ਕਿਸੇ ਵੀ ਉਪਕਰਨ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ। ਘਟਨਾ ਬਾਅਦ ਜੰਮੂ ਸ਼ਹਿਰ ਵਿਚ ਹਾਈ ਅਲਰਟ ਜਾਰੀ ਕਰ ਦਿੱਤਾ ਗਿਆ ।ਸੁਰੱਖਿਆ ਬਲਾਂ ਨੇ ਇਲਾਕੇ ਨੂੰ ਘੇਰ ਕੇ ਤਲਾਸ਼ੀ ਮੁਹਿੰਮ ਛੇੜ ਦਿੱਤੀ ਹੈ। ਇਹ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ ਕਿ ਧਮਾਕੇ ਵਿਚ ਵਰਤੇ ਗਏ




ਡਰੋਨਾਂ ਨੂੰ ਸਰੱਹਦ ਪਾਰੋਂ ਕੰਟਰੋਲ ਕੀਤਾ ਜਾ ਰਿਹਾ ਸੀ ।ਹਾਲਾਂਕਿ ਇਸ ਨੂੰ ਲੈ ਕੇ ਹਵਾਈ ਸੈਨਾ ਵਲੋਂ ਕੋਈ ਸਪੱਸ਼ਟ ਜਵਾਬ ਨਹੀਂ ਮਿਲਿਆ। ਜੰਮੂ-ਕਸ਼ਮੀਰ ਦੇ ਡੀ.ਜੀ.ਪੀ. ਦਿਲਬਾਗ ਸਿੰਘ ਨੇ ਇਸ ਹਮਲੇ ਨੂੰ ਜੇਹਾਦੀ ਹਮਲਾ ਦੱਸਦੇ ਹੋਏ ਕਿਹਾ ਕਿ ਇਸ ਵਿਚ ਸੰਭਾਵਿਤ ਡਰੋਨਾਂ ਦਾ ਇਸਤੇਮਾਲ ਕਰਕੇ ਧਮਾਕਾਖੇਜ਼ ਸਮੱਗਰੀ ਹਵਾਈ ਅੱਡੇ ਅੰਦਰ ਸੁੱਟ ਕੇ ਧਮਾਕਾ ਕਰ ਕੇ ਹਵਾਈ ਉਪਕਰਨਾਂ ਨੂੰ ਨੁਕਸਾਨ ਪਹੁੰਚਾਉਣ ਦਾ ਯਤਨ ਕੀਤਾ ਗਿਆ ਹੈ । ਦੇਸ਼ ਵਿਚ ਏਅਰ ਫੋਰਸ ਸਟੇਸ਼ਨ 'ਤੇ ਡਰੋਨਾਂ ਰਾਹੀਂ ਅਜਿਹਾ ਹਮਲਾ ਪਹਿਲੀ ਵਾਰ ਹੋਇਆ ਹੈ ।

**ਲਸ਼ਕਰ ਜਿਦੀ ਗ੍ਰਿਫਤਾਰ**

ਜੰਮੂ ਕਸ਼ਮੀਰ ਪੁਲਿਸ ਨੇ ਜੰਮੂ ਵਿਖੇ ਲਸ਼ਕਰ ਵਲੋਂ ਵੱਡੀ ਜੇਹਾਦੀ ਵਾਰਦਾਤ ਨੂੰ ਅੰਜਾਮ ਦੇਣ ਤੋਂ ਪਹਿਲਾਂ ਨਾਕਾਮ ਕਰਦੇ ਹੋਏ ਇਕ ਜੇਹਾਦੀ ਨਦੀਮ ਉਲ ਹਕ ਵਾਸੀ ਬਾਨਿਹਾਲ ਨੂੰ 5 ਕਿੱਲੋ ਵਜ਼ਨੀ ਬਾਰੂਦੀ ਸੁਰੰਗ ਸਮੇਤ ਗ੍ਰਿਫਤਾਰ ਕਰ ਲਿਆ। ਡੀ.ਜੀ.ਪੀ. ਦਿਲਬਾਗ ਸਿੰਘ ਅਨੁਸਾਰ 5 ਤੋਂ 6 ਕਿੱਲੋ ਵਜ਼ਨੀ ਆਈ.ਈ.ਡੀ. ਨੂੰ ਜੰਮੂ ਵਿਖੇ ਕਿਸੇ ਭੀੜ ਭਾੜ ਵਾਲੇ ਇਲਾਕੇ ਵਿਚ ਲਗਾਉਣ ਦਾ ਕੰਮ ਜੇਹਾਦੀ ਨੂੰ ਸੌਂਪਿਆ ਗਿਆ ਸੀ । ਪੁਲਿਸ ਨਦੀਮ ਕੋਲੋਂ ਪੁੱਛਗਿੱਛ ਕਰ ਰਹੀ ਹੈ ।

**ਐਨ.ਆਈ.ਏ. ਵਲੋਂ ਜਾਂਚ ਸ਼ੁਰੂ**

ਕੌਮੀ ਜਾਂਚ ਏਜੰਸੀ ਅਤੇ ਐਨ.ਐਸ.ਜੀ. ਦੇ ਕਮਾਂਡੋ ਦਸਤੇ ਦੀਆਂ ਟੀਮਾਂ ਧਮਾਕਿਆਂ ਤੋਂ ਬਾਅਦ ਜੰਮੂ ਹਵਾਈ ਅੱਡੇ ਵਿਚ ਪਹੁੰਚ ਗਈਆਂ ਹਨ। ਐਨ.ਆਈ.ਏ. ਦੀ ਟੀਮ ਨੇ ਹਵਾਈ ਅੱਡੇ 'ਤੇ ਧਮਾਕੇ ਵਾਲੇ ਸਥਾਨ ਦਾ ਦੌਰਾ ਕਰ ਕੇ ਧਮਾਕੇ ਬਾਰੇ ਜਾਣਕਾਰੀ ਲਈ ਤੇ ਕੁਝ ਸਬੂਤ ਇਕੱਠੇ ਕੀਤੇ ਜਿਸ ਵਿਚ ਇਕ ਸ਼ੈੱਲ ਵੀ ਬਰਾਮਦ ਕੀਤਾ । **ਬਾਕੀ ਸਫ਼ਾ 24 'ਤੇ**

## ਭਾਰਤੀ ਹਥਿਆਰਬੰਦ ਸੈਨਾਵਾਂ ਹਰ ਚੁਣੌਤੀ ਦਾ ਮੂੰਹ-ਤੋੜ ਜਵਾਬ ਦੇਣਗੀਆਂ : ਰਾਜਨਾਥ



**ਨਵੀਂ ਦਿੱਲੀ/ਏ.ਟੀ.ਨਿਊਜ਼** : ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਪੂਰਬੀ ਲੱਦਾਖ ਤੋਂ ਚੀਨ ਨੂੰ ਸਪੱਸ਼ਟ ਸੁਨੇਹਾ ਦਿੰਦਿਆਂ ਕਿਹਾ ਕਿ ਦੇਸ਼ ਖ਼ਾਤਰ ਗਲਵਾਨ ਘਾਟੀ ਵਿਚ ਆਪਣੀਆਂ ਜਾਨਾਂ ਦੇਣ ਵਾਲੇ ਬਹਾਦੁਰ ਸੈਨਿਕਾਂ ਦੇ ਬਲੀਦਾਨ ਨੂੰ ਭਾਰਤ ਕਦੇ ਨਹੀਂ ਭੁੱਲੇਗਾ। ਉਨਾਂ ਕਿਹਾ ਕਿ ਦੇਸ਼ ਦੀਆਂ ਹਥਿਆਰਬੰਦ ਸੈਨਾਵਾਂ ਹਰ ਚੁਣੌਤੀ ਦਾ ਮੂੰਹਤੋੜ ਜਵਾਬ ਦੇਣ ਦੇ ਸਮਰੱਥ ਹਨ। ਜ਼ਿਕਰਯੋਗ ਹੈ ਕਿ ਪਿਛਲੇ ਸਾਲ 15 ਜੂਨ ਨੂੰ ਗਲਵਾਨ ਘਾਟੀ ਵਿਚ ਚੀਨੀ ਸੈਨਿਕਾਂ ਨਾਲ ਹੋਈ ਝੜਪ ਵਿਚ ਭਾਰਤੀ ਫ਼ੌਜ ਦੇ 20 ਜਵਾਨ ਸ਼ਹੀਦ ਹੋ ਗਏ ਸਨ। ਇਸ ਟਕਰਾਅ ਨੂੰ ਪਿਛਲੇ ਕਈ ਦਹਾਕਿਆਂ ਵਿਚ ਦੋਹਾਂ ਦੇਸ਼ਾਂ ਦੀਆਂ ਫ਼ੌਜਾਂ ਵਿਚਾਲੇ ਹੋਇਆ ਸਭ ਤੋਂ ਗੰਭੀਰ ਟਕਰਾਅ ਮੰਨਿਆ ਗਿਆ। ਇਸ ਖੇਤਰ ਦੇ ਦੌਰੇ ਦੇ ਦੂਜੇ ਦਿਨ ਇਕ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਸ੍ਰੀ ਸਿੰਘ ਨੇ ਕਿਹਾ ਕਿ ਗੁਆਂਢੀ ਮੁਲਕਾਂ ਨਾਲ ਚੱਲ ਰਹੇ ਮਸਲਿਆਂ ਦਾ ਹੱਲ ਗੱਲਬਾਤ ਰਾਹੀਂ ਕੱਢਣ ਦੇ ਉਪਰਾਲੇ ਕਰਨੇ ਚਾਹੀਦੇ ਹਨ ਪਰ ਨਾਲ ਹੀ ਉਨਾਂ ਇਹ ਵੀ ਕਿਹਾ ਕਿ ਜੇਕਰ ਕੋਈ ਡਰਾਉਣ ਦੀ ਕੋਸ਼ਿਸ਼ ਕਰੇਗਾ ਤਾਂ ਭਾਰਤ ਬਰਦਾਸ਼ਤ ਨਹੀਂ ਕਰੇਗਾ।

### ਮਾਮਲਾ ਲਾਲ ਕਿਲੇ ਵਿਚ ਕੇਸਰੀ ਨਿਸ਼ਾਨ ਲਹਿਰਾਉਣ ਦਾ

## ਜ਼ਮਾਨਤ ਮਿਲਣ ਮਗਰੋਂ ਸਾਹਮਣੇ ਆਏ ਜੁਗਰਾਜ ਸਿੰਘ ਨੇ ਦਰਬਾਰ ਸਾਹਿਬ ਦੇ ਕੀਤੇ ਦਰਸ਼ਨ



**ਨਵੀਂ ਦਿੱਲੀ/ਏ.ਟੀ.ਨਿਊਜ਼:** ਕਿਸਾਨ ਅੰਦੋਲਨ ਦੌਰਾਨ 26 ਜਨਵਰੀ ਨੂੰ ਦਿੱਲੀ ਸਥਿਤ ਲਾਲ ਕਿਲੇ ਵਿੱਚ ਕੇਸਰੀ ਝੰਡਾ ਲਹਿਰਾਉਣ ਵਾਲੇ ਸਿੱਖ ਨੌਜਵਾਨ ਜੁਗਰਾਜ ਸਿੰਘ ਨੂੰ ਦਿੱਲੀ ਦੀ ਇਕ ਅਦਾਲਤ ਵੱਲੋਂ ਆਰਜੀ ਤੌਰ 'ਤੇ ਅਗਾਊਂ ਜ਼ਮਾਨਤ ਮਿਲ ਗਈ ਹੈ। ਜ਼ਮਾਨਤ ਮਿਲਣ ਮਗਰੋਂ ਸਾਹਮਣੇ ਆਏ ਜੁਗਰਾਜ ਸਿੰਘ ਨੇ ਸ਼ੁਕਰਾਨੇ ਵਜੋਂ ਦਰਬਾਰ ਸਾਹਿਬ ਮੱਥਾ ਟੇਕਿਆ ਹੈ, ਜਿਥੇ ਉਸ ਨੂੰ ਸ਼੍ਰੋਮਣੀ ਕਮੇਟੀ ਅਤੇ ਦਲ ਖਾਲਸਾ ਜਥੇਬੰਦੀ ਵੱਲੋਂ ਸਿਰੋਪਾਓ ਦੇ ਕੇ ਸਨਮਾਨਿਆ ਗਿਆ। ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਦੱਸਿਆ ਕਿ ਜਥੇਬੰਦੀ ਵੱਲੋਂ 7 ਮਈ ਨੂੰ ਦਿੱਲੀ ਦੀ ਵਧੀਕ ਸੈਸ਼ਨ ਜੱਜ ਨੀਲੋਫਰ ਪ੍ਰਵੀਨ ਦੀ ਅਦਾਲਤ ਵਿੱਚ ਅਰਜੀ ਲਾਈ ਸੀ। ਉਨਾਂ ਆਖਿਆ ਕਿ ਲੰਮਾ ਸਮਾਂ ਸੁਣਵਾਈ ਮਗਰੋਂ ਅਦਾਲਤ ਵੱਲੋਂ ਉਸ ਦੀ ਆਰਜੀ ਅਗਾਊਂ ਜ਼ਮਾਨਤ 20 ਜੁਲਾਈ ਤੱਕ ਪ੍ਰਵਾਨ ਕੀਤੀ ਹੈ। ਉਸ ਨੂੰ ਅਦਾਲਤ ਨੇ ਆਦੇਸ਼ ਦਿੱਤੇ ਹਨ ਕਿ ਉਹ ਦਿੱਲੀ ਪੁਲੀਸ ਦੀ ਜਾਂਚ ਏਜੰਸੀ ਵੱਲੋਂ ਕੀਤੀ ਜਾ ਰਹੀ ਜਾਂਚ ਵਿੱਚ ਸ਼ਾਮਲ ਹੋਵੇ ਅਤੇ ਇਸ ਸਬੰਧੀ 8, 11 ਅਤੇ 15 ਜੁਲਾਈ ਨੂੰ ਪੇਸ਼ ਹੋਵੇ। ਉਨਾਂ ਦੱਸਿਆ ਕਿ ਇਸ ਨੌਜਵਾਨ ਦੀ ਇਹ ਜ਼ਮਾਨਤ ਅਰਜੀ ਸਿੱਖ ਵਕੀਲ ਜਸਪਾਲ ਸਿੰਘ ਮੰਝਪੁਰ ਅਤੇ ਪਰਮਜੀਤ ਸਿੰਘ ਰਾਹੀਂ ਦਾਇਰ ਕੀਤੀ ਗਈ ਸੀ।

ਜ਼ਮਾਨਤ ਮਿਲਣ ਮਗਰੋਂ ਸ਼ੁਕਰਾਨੇ ਵਜੋਂ ਮੱਥਾ ਟੇਕਣ ਆਏ ਜੁਗਰਾਜ ਸਿੰਘ ਨੇ ਖੁਲਾਸਾ ਕੀਤਾ ਕਿ ਲਾਲ ਕਿਲੇ ਵਿੱਚ ਕੇਸਰੀ ਨਿਸ਼ਾਨ ਸਾਹਿਬ ਝੁਲਾਉਣ ਦਾ ਕੋਈ ਪ੍ਰੋਗਰਾਮ ਨਿਰਧਾਰਤ ਨਹੀਂ ਸੀ ਅਤੇ ਨਾ ਹੀ ਉਸ ਨੇ ਕਦੇ ਅਜਿਹਾ ਕਰਨ ਬਾਰੇ ਸੋਚਿਆ ਸੀ।

### ਮਾਮਲਾ ਜੰਮੂ-ਕਸ਼ਮੀਰ 'ਚ ਸਿੱਖ ਲੜਕੀਆਂ ਦੀ ਧਰਮ ਤਬਦੀਲੀ ਦਾ

## ਅਕਾਲ ਤਖ਼ਤ ਤੇ ਦਿੱਲੀ ਗੁਰਦੁਆਰਾ ਕਮੇਟੀ ਨੇ ਚੁੱਕਿਆ ਲਵ ਜੇਹਾਦ ਦਾ ਮਸਲਾ

### ✪ ਗੁਰਦੁਆਰਾ ਸਾਹਿਬ ਰੈਨਾਵਾੜੀ 'ਚ ਮਨਮੀਤ ਕੌਰ ਦਾ ਕਰਵਾਇਆ ਆਨੰਦ ਕਾਰਜ ✪ ਬਾਦਲ ਦਲ ਵਲੋਂ ਥੋਪੀ ਧਾਰਮਿਕ ਲੀਡਰਸ਼ਿਪ ਨੇ ਲਵ ਜੇਹਾਦ ਦਾ ਭਗਵਾਂਵਾਦੀ ਝੰਡਾ ਚੁਕਿਆ -ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ✪ ਕਸ਼ਮੀਰੀ 'ਸਿੱਖ' ਕੁੜੀ ਨੇ ਵੀਡੀਓ ਸ਼ੇਅਰ ਕਰਕੇ ਕੀਤਾ ਕੀਤਾ ਵੱਡਾ ਖੁਲਾਸਾ, ਸਿੱਖ ਲੀਡਰਾਂ ਦੇ ਦਾਅਵਿਆਂ 'ਤੇ ਉਠਾਇਆ ਸਵਾਲ

**ਅੰਮ੍ਰਿਤਸਰ/ਏ.ਟੀ.ਨਿਊਜ਼** : ਕਸ਼ਮੀਰ ਵਿਚ ਲਵ ਜਿਹਾਦ ਦਾ ਮਸਲਾ ਸਿਖ ਲੜਕੀਆਂ ਦੇ ਮੁਸਲਮਾਨਾਂ ਨਾਲ ਨਿਕਾਹ ਕਰਨ ਕਰਕੇ ਕਾਫੀ ਭਖਿਆ ਹੋਇਆ ਹੈ। ਕਸ਼ਮੀਰ ਦੀਆਂ ਦੋ ਸਿੱਖ ਲੜਕੀਆਂ ਦਾ ਧਰਮ ਤਬਦੀਲ ਕਰਕੇ ਨਿਕਾਹ ਕਰਨ ਦਾ ਮਾਮਲਾ ਸਿੱਖ ਆਗੂਆਂ ਨੇ ਹੱਲ ਕਰਨ ਦਾ ਦਾਅਵਾ ਕੀਤਾ ਹੈ। ਇਸ ਮੁੱਦੇ ਨੂੰ ਲੈ ਕੇ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਤੇ ਕਮੇਟੀ ਅਹੁਦੇਦਾਰ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਆਦਿ ਨੇ ਕੋਸ਼ਿਸ਼ਾਂ ਕੀਤੀਆਂ। ਸਿੱਖ ਆਗੂਆਂ ਨੇ ਸ੍ਰੀਨਗਰ ਦੀ 18 ਸਾਲਾ ਲੜਕੀ ਮਨਮੀਤ ਕੌਰ ਨੂੰ ਅਦਾਲਤ ਰਾਹੀਂ ਪਰਿਵਾਰ ਦੇ ਹਵਾਲੇ ਕਰ ਦਿੱਤਾ ਜਿਸ ਤੋਂ ਬਾਅਦ ਸਿੱਖ ਆਗੂਆਂ ਦੀ ਕੋਸ਼ਿਸ਼ ਸਦਕਾ ਪਰਿਵਾਰ ਵੱਲੋਂ ਮਨਮੀਤ ਕੌਰ ਦਾ ਆਨੰਦ ਕਾਰਜ ਸਥਾਨਕ ਨੌਜਵਾਨ ਸੁਖਬੀਰ ਸਿੰਘ ਨਾਲ ਪੂਰਨ ਗੁਰ ਮਰਿਆਦਾ ਅਨੁਸਾਰ ਰੈਨਾਵਾੜੀ ਗੁਰਦੁਆਰਾ ਸਾਹਿਬ ਵਿਖੇ ਕਰ ਦਿੱਤਾ ਗਿਆ। ਜਿਸ ਤੋਂ ਬਾਅਦ ਉਕਤ ਆਗੂਆਂ ਵੱਲੋਂ ਸ਼ੋਸ਼ਲ ਮੀਡੀਆ 'ਤੇ ਨਵੀਂ ਵਿਆਹੀ ਜੋੜੀ ਨਾਲ ਖਿਚਵਾਈਆਂ



ਤਸਵੀਰਾਂ ਵਾਇਰਲ ਕੀਤੀਆਂ ਗਈਆਂ ਹਨ। ਸਿਰਸਾ ਵੱਲੋਂ ਪਰਿਵਾਰ ਅਤੇ ਨਵੀਂ ਜੋੜੀ ਨੂੰ ਵੀ ਹਵਾਈ ਜਹਾਜ਼ ਰਾਹੀਂ ਆਪਣੇ ਨਾਲ ਦਿੱਲੀ ਲਿਆਂਦਾ ਗਿਆ।

ਇਸ ਸਬੰਧੀ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਇਹ ਵੱਡਾ ਮਸਲਾ ਸੀ ਜਿਸ ਦੇ ਨਿਪਟਾਰੇ ਲਈ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਮਿਸ਼ਨ ਜੰਮੂ-ਕਸ਼ਮੀਰ ਦੇ ਇੰਚਾਰਜ ਭਾਈ ਹਰਪਿੰਦਰ ਸਿੰਘ ਸਮੇਤ ਹੋਰ ਮੈਂਬਰਾਂ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਲਗਾਤਾਰ ਯਤਨ ਕਰ ਰਹੇ ਸਨ। ਉਨਾਂ ਕਿਹਾ ਕਿ ਮਨਮੀਤ ਕੌਰ ਦੀ ਘਰ ਵਾਪਸੀ ਨਾਲ ਪਰਿਵਾਰ ਨੂੰ ਹੌਸਲਾ ਮਿਲਿਆ ਹੈ। ਉਨਾਂ ਕਿਹਾ ਕਿ ਆਸ ਹੈ ਕਿ ਦੂਜੀ ਲੜਕੀ ਧਨਵੰਤ ਕੌਰ ਨੂੰ ਵੀ ਜਲਦੀ ਹੀ ਵਾਪਸ ਲਿਆਂਦਾ ਜਾਵੇਗਾ। ਉਨਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਜੰਮੂ-ਕਸ਼ਮੀਰ ਅੰਦਰ ਘੱਟ ਗਿਣਤੀਆਂ ਲਈ ਘੱਟ ਗਿਣਤੀ ਕਮਿਸ਼ਨ ਦੀ ਸਥਾਪਨਾ ਕੀਤੀ ਜਾਵੇ ਤਾਂ ਜੋ ਭਵਿੱਖ ਵਿਚ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਆਖਿਆ ਕਿ **ਬਾਕੀ ਸਫ਼ਾ 25 'ਤੇ**

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

## ਕੋਰਾ ਝੂਠ-ਕਿਸ਼ਤ 4

# ਮੈਨੂੰ ਯਾਦ ਨਹੀਂ ਕਿ ਪੰਚਾਇਤ ਦਾ ਕੋਈ MoU ਵੀ ਸੀ : ਹਰਜੀਤ ਸਿੰਘ

**ਫਰੀਮਾਂਟ/ਏ.ਟੀ.ਨਿਊਜ਼:** ਸਿੱਖ ਪੰਚਾਇਤ, ਸੰਗਤ ਸਨਮੁੱਖ ਕਚਹਿਰੀ ਵਿੱਚ ਹੋਈਆਂ ਗਵਾਹੀਆਂ ਦੇ ਸਬੂਤਾਂ ਦੀ ਲੜੀ ਜਾਰੀ ਕਰ ਰਹੀ ਹੈ। ਜਿਵੇਂ ਕਿ ਸਾਧ ਸੰਗਤ ਨੂੰ ਪਤਾ ਹੈ ਕਿ ਸਿੱਖ ਪੰਚਾਇਤ ਨੇ 2012 ਵਿੱਚ ਪ੍ਰਧਾਨਗੀਆਂ ਦਾ ਸਿਲਸਿਲਾ ਖ਼ਤਮ ਕਰਦੇ ਹੋਏ ਸਾਰੇ ਵਿਭਾਗ ਸੁਪਰੀਮ ਕੌਂਸਲ ਦੇ ਅਲੱਗ ਅਲੱਗ ਮੈਂਬਰਾਂ ਨੂੰ ਦਿੱਤੇ ਜਿਸ ਨੂੰ ਤੁਸੀਂ **power decentralize** ਕਹਿ ਸਕਦੇ ਹੋ। ਇਹ ਸਾਰਾ ਕੁੱਝ ਜਸਵਿੰਦਰ ਸਿੰਘ ਜੰਡੀ, ਰਾਮ ਸਿੰਘ ਅਤੇ ਗੁਰਮੀਤ ਸਿੰਘ ਦੇ ਧੜਿਆਂ ਨੇ ਆਪਸੀ ਸਹਿਮਤੀ ਨਾਲ ਕੀਤਾ ਅਤੇ ਇੱਕ ਕਿਤਾਬਚਾ ਤਿਆਰ ਕੀਤਾ ਜਿਸ ਨੂੰ **(MoU (Memorandum of Understanding)** ਕਿਹਾ ਜਾਂਦਾ ਹੈ। ਉਸ **MoU** ਦੇ ਅਧੀਨ ਹੀ 11 ਮੈਂਬਰੀ ਕਮੇਟੀ ਦੀ ਬਜਾਏ 80-90 ਮੈਂਬਰਾਂ ਦੀ ਕਮੇਟੀ ਬਣਦੀ ਸੀ ਜੋ ਅੱਜ ਤੱਕ ਉਸ **MoU** ਅਧੀਨ ਹੀ ਬਣ ਰਹੀ ਹੈ।

ਬਾਸਾ ਨੇ ਸਦਾ 11 ਮੈਂਬਰੀ ਕਮੇਟੀ ਨੂੰ ਬਨਾਉਣ ਦੀ ਹੀ ਜਿੱਦ ਫੜ ਰੱਖੀ ਸੀ। ਇਹ ਹਮੇਸ਼ਾ ਕਹਿੰਦੇ ਰਹਿੰਦੇ ਹਨ ਕਿ ਇਹ **bylaws** ਦੀ ਉਲੰਘਣਾ ਹੈ। ਸਿੱਖ ਪੰਚਾਇਤ ਨੇ ਆਪਣਾ ਸਪੱਸ਼ਟ ਸਟੈਂਡ ਰੱਖਿਆ ਹੈ ਕਿ ਗੁਰਦੁਆਰਾ ਸਾਹਿਬ ਸੁਚੱਜੇ ਢੰਗ ਨਾਲ ਚਲਾਉਣ ਲਈ ਕੋਈ ਵੀ ਵਿਧੀ ਜਿਹੜੀ ਸੰਗਤ ਨੂੰ ਮਨਜ਼ੂਰ ਹੋਵੇ ਠੀਕ ਹੈ। ਸਿੱਖ ਪੰਚਾਇਤ ਨੇ ਆਪਣੇ ਮੈਨੀਫੈਸਟੋ ਵਿੱਚ ਇਸ ਸਿਧਾਂਤ ਨੂੰ ਲੈ ਕੇ ਹੀ ਚੋਣਾਂ ਲੜੀਆਂ ਹਨ ਤੇ ਸੰਗਤ ਵੱਲੋਂ ਦਿੱਤੀ ਪ੍ਰਵਾਨਗੀ ਸੱਭ ਦੇ ਸਾਹਮਣੇ ਹੈ।

ਕਚਹਿਰੀ ਵਿੱਚ ਗਵਾਹੀਆਂ ਵੇਲੇ ਸਿੱਖ ਪੰਚਾਇਤ ਦੇ ਗਵਾਹ ਭਾਈ ਐਚ ਪੀ ਸਿੰਘ ਨੇ ਜੱਜ ਨੂੰ ਸਾਫ ਕਿਹਾ ਕਿ ਅਸੀਂ **MoU** ਦੇ ਅਧੀਨ ਹੀ 80-95 ਮੈਂਬਰਾਂ ਦੀ ਕਮੇਟੀ ਬਣਾਉਂਦੇ ਰਹੇ ਹਾਂ ਪਰ ਹਰਜੀਤ ਦੀ ਗਵਾਹੀ ਏਨੀ ਨਿਰਾਸ਼ ਕਰਨ ਵਾਲੀ ਸੀ ਕਿ ਇੱਕ ਅੰਮ੍ਰਿਤਧਾਰੀ ਗੁਰਦੁਆਰਾ ਸਾਹਿਬ ਦਾ ਪ੍ਰਬੰਧਕ ਰਿਹਾ ਹੋਵੇ ਤੇ ਐਨੇ ਛੋਟੇ ਲੈਵਲ ਦੇ ਝੂਠ ਤੇ ਉੱਤਰ ਆਵੇ।

ਸਿੱਖ ਪੰਚਾਇਤ ਦੇ ਵਕੀਲ ਨੇ ਪੁੱਛਿਆ ਕਿ ਜਦੋਂ 2012 ਤੋਂ 2016 ਤੱਕ ਤੂੰ ਸੁਪਰੀਮ ਕੌਂਸਲ ਮੈਂਬਰ ਸੀ ਤਾਂ 11 ਮੈਂਬਰੀ ਕਮੇਟੀ ਸੀ? ਇਸਦਾ ਉੱਤਰ ਸੀ 'ਹਾਂ, 11 ਮੈਂਬਰੀ ਕਮੇਟੀ ਸੀ।

ਅਗਲਾ ਸੁਆਲ ਸੀ ਕਿ ਤੂੰ ਨਾਮ ਦੱਸ ਸਕਦਾ ਕਿ ਕਮੇਟੀ ਵਿੱਚ ਕਿਹੜੇ 11 ਮੈਂਬਰ ਸਨ। ਜੁਆਬ ਸੀ 'ਮੈਨੂੰ ਪੂਰੇ ਨਾਮ ਤਾਂ ਪਤਾ ਨਹੀਂ, ਸ਼ਾਇਦ ਨਿਰਪਾਲ ਸਿੰਘ, ਰਾਮਪਾਲ ਸਿੰਘ .. ਮੈਨੂੰ ਸਾਰੇ ਨਾਮ ਪਤਾ ਨਹੀਂ ਹਰਮਿੰਦਰ ਸਿੰਘ, ਅਜਮੇਰ ਨਿੱਜਰ

**ਸੁਆਲ** : ਤੂੰ ਕਦੇ ਕਿਸੇ ਮੈਂਬਰ ਨੂੰ ਈਮੇਲ ਜਾਂ ਹੋਰ ਤਰੀਕੇ ਨਾਲ ਸੰਪਰਕ ਕੀਤਾ?



**ਜੁਆਬ:** ਟਰੈਵਰ, ਮੈਨੂੰ ਯਾਦ ਨਹੀਂ।

**ਸੁਆਲ** : 2012 ਤੋਂ 2016 ਤੱਕ ਪ੍ਰਧਾਨ ਕੌਣ ਸੀ?

**ਜੁਆਬ:** ਮੈਨੂੰ ਲੱਗਦਾ ਹਰ ਦੋ ਸਾਲ ਬਾਅਦ ਪ੍ਰਧਾਨ ਬਦਲ ਜਾਂਦਾ ਹੈ। ਮੈਨੂੰ ਸੈਕਟਰੀ ਆਫ ਸਟੇਟ ਦੇ ਕਾਗਜ ਦੇਖਣੇ ਪੈਣਗੇ, ਮੈਨੂੰ ਯਾਦ ਨਹੀਂ ਆ ਰਿਹਾ ਸ਼ਾਇਦ ਤਰਸੇਮ ਸਿੰਘ ਜਾਂ ਦਵਿੰਦਰ ਸਿੰਘ .., (ਫੇਰ ਸੈਕਟਰੀ ਆਫ ਸਟੇਟ ਦੀ ਕਹਾਣੀ ਪਾ ਦਿੰਦਾ)

**ਸੁਆਲ** : ਕੀ ਇਹ ਠੀਕ ਹੈ ਕਿ 2012 ਤੋਂ 2016 ਤੱਕ **Memorandum of Understanding** ਮੁਤਾਬਕ ਹੀ ਸੁਪਰੀਮ ਕੌਂਸਲ ਚੱਲੀ ?

**ਜੁਆਬ** : ਮੈਨੂੰ ਯਾਦ ਨਹੀਂ, ਕਿਹੜੇ **Memorandum of Understanding** ਦੀ ਗੱਲ ਕਰ ਰਿਹਾ ਤੂੰ।

**ਸੁਆਲ:** **Memorandum of Understanding** ਜਿਹੜਾ ਸਿੱਖ ਪੰਚਾਇਤ ਨੇ ਬਣਾਇਆ ਸੀ ਜਿਸ ਕਾਰਨ 80 ਮੈਂਬਰੀ ਕਮੇਟੀ ਬਣਦੀ ਸੀ। ਤੈਨੂੰ ਯਾਦ ਹੈ ਉਸ **Memorandum of Understanding** ਦਾ?

**ਜੁਆਬ:** ਮੈਨੂੰ ਯਾਦ ਨਹੀਂ।

ਉੱਪਰਲੀ ਗਵਾਹੀ ਨਿਰਾਸ਼ ਤਾਂ ਕਰਦੀ ਹੀ ਹੈ ਪਰ ਜੱਜਾਂ ਨੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰਨਾ ਹੁੰਦਾ ਹੈ। ਜੱਜ ਜੈਫਰੀ ਬਰਾਂਡ ਨੇ ਇਹ ਸੁਆਲ ਭਾਈ ਐਚ ਪੀ ਸਿੰਘ ਨੂੰ ਪੁੱਛੇ ਤੇ ਉਸਨੇ ਆਪਣੇ ਫੈਸਲੇ ਵਿੱਚ ਹੇਠ ਲਿਖੇ ਸ਼ਬਦ ਲਿਖੇ '1980ਵਿਆਂ ਤੋਂ ਹੀ ਗੁਰਦੁਆਰਾ ਸਾਹਿਬ ਵਿੱਚ ਵਿਵਾਦ ਰਿਹਾ ਤੇ ਕਚਹਿਰੀਆਂ ਵਿੱਚ ਕੇਸ ਚੱਲੇ ਹਨ। 2011 ਵਿੱਚ, ਧੜਿਆਂ ਨੇ ਇੱਕ **Memorandum of Understanding** ਤੇ ਸਹਿਮਤੀ ਕੀਤੀ ਜਿਸਦਾ ਮਕਸਦ ਏਕਤਾ ਕਰਨੀ ਸੀ। ਇਸ ਵਿੱਚ, ਬਿਨਾਂ ਧੜਿਆਂ ਵਿੱਚ ਸ਼ਾਮਿਲ ਹੋਏ ਸੇਵਾ ਕੀਤੀ ਜਾ ਸਕਦੀ ਸੀ ਅਤੇ ਕੋਰਟ ਕੇਸਾਂ ਤੋਂ ਛੁਟਕਾਰਾ ਪਾਉਣਾ ਮਕਸਦ ਸੀ ਅਤੇ ਨਵੀਂ ਪੀੜੀ ਨੂੰ ਨਰੋਆ ਪਲੇਟਫਾਰਮ ਦੇਣਾ ਸੀ। **MoU** ਨੇ ਧਾਰਮਿਕ, ਰਾਜਨੀਤਿਕ ਅਤੇ ਸਮਾਜਿਕ ਵਿਵਾਦਾਂ ਪ੍ਰਤੀ ਇਕਸੁਰਤਾ ਬਣਾਉਣੀ ਤੇ ਉਨਾਂ ਨਾਲ ਨਜਿੱਠਣਾ ਸੀ।'

ਹੁਣ ਸੰਗਤ ਸਾਫ ਦੇਖ ਸਕਦੀ ਹੈ ਕਿ ਜੱਜ ਨੇ ਐਚ ਪੀ ਸਿੰਘ ਦੀ ਗਵਾਹੀ ਸੁਣ ਕੇ ਭਰੋਸਾ ਕਰਦੇ ਹੋਏ ਉਸਤੇ ਵਿਸ਼ਵਾਸ ਕੀਤਾ ਨਾ ਕਿ ਹਰਜੀਤ ਦੀ ਗਵਾਹੀ 'ਤੇ। ਜੱਜ ਵੱਲੋਂ **MoU** ਨੂੰ ਫੈਸਲੇ ਨਾਲ ਵੀ ਨੱਥੀ ਕੀਤਾ ਗਿਆ।

## Court Transcript:

**Trevor: you were a member of the Supreme Council from 2012 to 2016, was there an 11-member committee?**

**Harjeet: "Yes, there was an 11-member committee."**

**Trevor: Can you name the 11 members of the committee?**

**Harjeet: I don't know the full names, maybe Nirpal Singh, Rampal Singh .. I don't know all the names… Harminder Singh, Ajmer Nijjar**

**Trevor: Have you ever contacted a member via email or other means?**

**Harjeet: I don't remember Trevor**

**Trevor: Who was the President from 2012 to 2016?**

**Harjeet: I think every two years the president would change, I would have to look at the Secretary of State's papers I don't remember, maybe Tarsem Singh or Davinder Singh ..**

**Trevor: Is it true that the Supreme Council functioned as per the Memorandum of Understanding from 2012 to 2016?**

**Harjeet: I don't remember what Memorandum of Understanding you are talking about**

**Trevor: Memorandum of Understanding which was made by Sikh Panchayat which resulted in formation of 80 member committee. Do you remember that Memorandum of Understanding?**

**Harjeet: I don't remember.**

**Judge Jeffrey Brand asked the same line of questions to Bhai HP Singh and he wrote the following in his judgment:**

**"Gurdwara Sahib has been in controversy since the 1980s and there have been cases in the courts. In 2011, the factions agreed on a Memorandum of Understanding aimed at uniting Ã¶òÅ it could serve without the involvement of factions and get rid of court cases and provide a healthy platform for the new generation. The MoU was to harmonize and deal with religious, political and social disputes. "**

**The Sangat can now clearly see that the judge, after hearing HP Singh's testimony, trusted him and not Harjit's testimony. The judge also attached the MoU to the decision.**

# ਪੰਜਾਬ 'ਚ ਬਿਜਲੀ ਸੰਕਟ ਮੰਡਰਾਇਆ

**ਚੰਡੀਗੜ੍ਹ/ਏ.ਟੀ.ਨਿਊਜ਼:**-ਤਾਪਮਾਨ ਵਧਣ ਦੇ ਮੱਦੇਨਜਰ ਸੂਬੇ ਨੂੰ ਦਰਪੇਸ਼ ਬਿਜਲੀ ਦੀ ਅਣਕਿਆਸੀ ਘਾਟ ਨੂੰ ਧਿਆਨ 'ਚ ਰੱਖਦੇ ਹੋਏ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹੁਣ ਸੂਬਾ ਸਰਕਾਰ ਦੇ ਦਫਤਰਾਂ ਦਾ ਸਮਾਂ ਘਟਾਉਣ ਅਤੇ ਬਿਜਲੀ ਦੀ ਵੱਧ ਖਪਤ ਵਾਲੀਆਂ ਸਨਅਤਾਂ ਦੀ ਸਪਲਾਈ ਵਿਚ ਤੁਰੰਤ ਪ੍ਰਭਾਵ ਨਾਲ ਕਟੌਤੀ ਕਰਨ ਦੇ ਹੁਕਮ ਦਿੱਤੇ ਹਨ ਤਾਂ ਜੋ ਫਸਲਾਂ ਨੂੰ ਬਚਾਉਣ ਦੇ ਨਾਲ-ਨਾਲ ਘਰੇਲੂ ਬਿਜਲੀ ਸਪਲਾਈ 'ਚ ਰਾਹਤ ਦਿੱਤੀ ਜਾ ਸਕੇ। ਮੁੱਖ ਮੰਤਰੀ ਨੇ ਸਾਰੇ ਸਰਕਾਰੀ ਦਫਤਰਾਂ ਨੂੰ ਆਪੋ-ਆਪਣੇ ਦਫਤਰਾਂ 'ਚ ਬਿਜਲੀ ਦੀ ਵਰਤੋਂ ਸੁਚੱਜੇ ਢੰਗ ਨਾਲ ਕਰਨ ਦੀ ਅਪੀਲ ਕਰਦੇ ਦੱਸਿਆ ਕਿ ਸਥਿਤੀ ਬਹੁਤ ਗੰਭੀਰ ਹੈ ਕਿਉਂ ਜੋ ਸੂਬੇ 'ਚ ਬਿਜਲੀ ਦੀ ਮੰਗ 14, 500 ਮੈਗਾਵਾਟ ਤੱਕ ਪਹੁੰਚ ਚੁੱਕੀ ਹੈ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਹੁਣ ਤੱਕ ਸਰਕਾਰੀ ਦਫਤਰ ਜੋ ਸਵੇਰੇ 8 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ ਕੰਮ ਕਰਨਗੇ, ਵਿਚ ਏਅਰ ਕੰਡੀਸਨਰ (ਏ.ਸੀ.) ਦੀ ਵਰਤੋਂ 'ਤੇ ਪਾਬੰਦੀ ਲਾਉਣ ਦਾ ਕੋਈ ਵੀ ਫੈਸਲਾ ਨਹੀਂ ਲਿਆ ਹੈ। ਮੁੱਖ ਮੰਤਰੀ ਨੇ ਬਿਜਲੀ ਵਿਭਾਗ ਦੇ ਪ੍ਰਦਰਸਨਕਾਰੀ ਮੁਲਾਜਮਾਂ ਨੂੰ ਆਪਣਾ ਸੰਘਰਸ ਖਤਮ ਕਰਨ ਦੀ ਅਪੀਲ ਕੀਤੀ ਹੈ। ਉੱਚ ਪੱਧਰੀ ਮੀਟਿੰਗ ਦੌਰਾਨ ਸਥਿਤੀ ਦੀ ਸਮੀਖਿਆ ਕਰਦਿਆਂ ਮੁੱਖ ਮੰਤਰੀ ਨੇ ਤਿੰਨ ਮੈਂਬਰੀ ਕਮੇਟੀ ਬਣਾਈ ਜਿਸ 'ਚ ਵਧੀਕ ਮੁੱਖ ਸਕੱਤਰ ਵਿਕਾਸ, ਪੀ.ਐਸ.ਪੀ.ਸੀ.ਐਲ. ਦੇ ਸੀ.ਐਮ.ਡੀ. ਅਤੇ ਵਿਸੇਸ ਸਕੱਤਰ ਵਿੱਤ ਨੂੰ ਸਾਮਿਲ ਕੀਤਾ ਗਿਆ।ਇਹ ਕਮੇਟੀ ਪ੍ਰਦਰਸਨਕਾਰੀ ਮੁਲਾਜਮਾਂ ਦੀਆਂ ਸਕਿਾਇਤਾਂ ਦਾ ਹੱਲ ਕਰੇਗੀ .

ਲੰਬੇ ਕੱਟਾਂ ਤੋਂ ਲੋਕ ਡਾਹਢੇ ਪ੍ਰੇਸਾਨ

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਸੂਬੇ 'ਚ ਬਿਜਲੀ ਦੀ ਮੰਗ ਨੂੰ ਪੂਰਾ ਕਰਨ ਲਈ ਹਾਲਾਂਕਿ ਵਿੱਤ ਵਿਭਾਗ ਨੂੰ 500 ਕਰੋੜ ਰੁਪਏ ਜਾਰੀ ਕਰਨ ਦੀਆਂ ਹਦਾਇਤਾਂ ਕੀਤੀਆਂ ਜਾ ਚੁੱਕੀਆਂ ਹਨ ਪਰ ਇਸ ਦੇ ਬਾਵਜੂਦ ਸੂਬੇ ਅੰਦਰ ਬਿਜਲੀ ਦਾ ਸੰਕਟ ਦਿਨੋ ਦਿਨ ਡੂੰਘਾ ਹੁੰਦਾ ਜਾ ਰਿਹਾ ਹੈ ਤੇ ਰਾਜ ਭਰ 'ਚ ਵੱਡੇ-ਵੱਡੇ ਬਿਜਲੀ ਕੱਟ ਲੱਗਣ ਕਾਰਨ ਲੋਕਾਂ ਨੂੰ ਭਾਰੀ ਪ੍ਰੇਸਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ।ਅੱਤ ਦੀ ਪੈ ਰਹੀ ਗਰਮੀ ਦੇ ਮੌਸਮ 'ਚ ਅੱਜ ਜਦੋਂ ਪੂਰਾ ਪੰਜਾਬ ਤੰਦੂਰ ਵਾਂਗ ਤਪ ਰਿਹਾ ਹੈ ਤਾਂ ਬਿਜਲੀ ਮਹਿਕਮਾ ਵੱਡੇ-ਵੱਡੇ ਕੱਟ ਲਗਾ ਕੇ ਆਮ ਲੋਕਾਂ 'ਤੇ ਇਸ ਕਦਰ ਸਿੱਤਮ ਢਾਅ ਰਿਹਾ ਹੈ ਕਿ ਪਿੰਡਾਂ ਤੋਂ ਲੈ ਕੇ ਸਹਿਰਾਂ ਤੱਕ ਲੋਕਾਂ 'ਚ ਹਾਹਾਕਾਰ ਮਚੀ ਹੋਈ ਹੈ। ਲੋਕ ਮੁੜਕੋ-ਮੁੜਕੋ ਹੋਏ ਸਰਕਾਰ ਅਤੇ ਬਿਜਲੀ ਮਹਿਕਮੇ ਨੂੰ ਕੋਸਦੇ ਆਮ ਦੇਖੇ ਸੁਣੇ ਜਾ ਸਕਦੇ ਹਨ। ਬਿਜਲੀ ਕੱਟਾਂ ਕਾਰਨ ਜਿੱਥੇ ਇਨਵਰਟਰ ਤੱਕ ਜਵਾਬ ਦੇ ਗਏ ਹਨ, ਉੱਥੇ ਫਰਿੱਜਾਂ, ਟੀ. ਵੀ., ਕੂਲਰ ਤੇ ਏ. ਸੀ. ਆਦਿ ਇਲੈਕਟ੍ਰਾਨਿਕ ਦੀਆਂ ਚੀਜਾਂ ਬੇਕਾਰ ਹੋ ਕੇ ਰਹਿ ਗਈਆਂ ਹਨ ਤੇ ਲੋਕ ਮਹਿੰਗੇ ਮੁੱਲ ਦਾ ਡੀਜਲ ਫੂਕ ਕੇ ਜਨਰੇਟਰ ਚਲਾਉਣ ਲਈ ਮਜਬੂਰ ਹਨ। ਓਧਰ ਬਿਜਲੀ ਸਪਲਾਈ ਨੂੰ ਲੈ ਕੇ ਜਿੱਥੇ ਇਕ ਪਾਸੇ ਕਿਸਾਨਾਂ ਵਲੋਂ ਲਗਾਤਾਰ ਸੂਬੇ ਦੀ ਕਾਂਗਰਸ ਸਰਕਾਰ ਦੇ ਖਿਲਾਫ ਧਰਨੇ ਪ੍ਰਦਰਸਨ ਕੀਤੇ ਜਾ ਰਹੇ ਹਨ, ਉੱਥੇ ਵਿਰੋਧੀ ਪਾਰਟੀਆਂ ਵਲੋਂ ਵੀ ਇਸ ਮੁੱਦੇ 'ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੂੰ ਘੇਰਨ ਲਈ ਪੂਰੀ ਤਰ੍ਹਾਂ ਮੋਰਚਾਬੰਦੀ ਕਰ ਲਈ ਗਈ ਹੈ। ਸ੍ਰੋਮਣੀ ਅਕਾਲੀ ਦਲ ਵਲੋਂ 2 ਜੁਲਾਈ ਨੂੰ ਸਾਰੇ ਜਲ੍ਹਿਾ ਹੈਡਕੁਆਰਟਰਾਂ 'ਤੇ ਬਿਜਲੀ ਮਹਿਕਮੇ ਦੇ ਦਫਤਰਾਂ ਦੇ ਬਾਹਰ ਵਿਸਾਲ ਧਰਨੇ ਦੇਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਇਸੇ ਤਰ੍ਹਾਂ ਆਮ ਆਦਮੀ ਪਾਰਟੀ ਵਲੋਂ ਵੀ ਇਸ ਮੁੱਦੇ 'ਤੇ 3 ਜੁਲਾਈ ਨੂੰ ਮੁੱਖ ਮੰਤਰੀ ਦੀ ਚੰਡੀਗੜ੍ਹ ਸਥਿਤ ਰਿਹਾਇਸ ਨੂੰ ਘੇਰਿਆ ਜਾ ਰਿਹਾ ਹੈ। ਜੇਕਰ ਪੰਜਾਬ ਸਰਕਾਰ ਵਲੋਂ ਜਲਦੀ ਹੀ ਬਿਜਲੀ ਸਪਲਾਈ 'ਚ ਸੁਧਾਰ ਨਾ ਕੀਤਾ ਗਿਆ ਤਾਂ ਇਹ ਮੁੱਦਾ ਕਾਂਗਰਸ ਲਈ ਗਲੇ ਦੀ ਹੱਡੀ ਬਣ ਸਕਦਾ ਹੈ ਤੇ ਆਉਂਦੀਆਂ ਵਿਧਾਨ ਸਭਾ ਚੋਣਾਂ 'ਚ ਵਿਰੋਧੀ ਪਾਰਟੀਆਂ ਵਲੋਂ ਇਸ ਮੁੱਦੇ ਨੂੰ ਜੋਰ-ਸੋਰ ਨਾਲ ਉਠਾਇਆ ਜਾ ਸਕਦਾ ਹੈ। ਮਹਿੰਗੀ ਬਿਜਲੀ ਦੇ ਮਾਮਲੇ 'ਚ ਪਹਿਲਾਂ ਹੀ ਕੈਪਟਨ ਸਰਕਾਰ 'ਤੇ ਉਂਗਲਾਂ ਉੱਠ ਰਹੀਆਂ ਹਨ ਤੇ ਹੁਣ ਬਿਜਲੀ ਕੱਟਾਂ ਨੇ ਇਕ ਵਾਰ ਫਿਰ ਕੈਪਟਨ ਸਰਕਾਰ ਦੀ ਕਾਰਗੁਜਾਰੀ ਨੂੰ ਸਵਾਲਾਂ ਦੇ ਘੇਰੇ 'ਚ ਲਿਆ ਖੜ੍ਹਾ ਕੀਤਾ ਹੈ।



ਮੌਜੂਦਾ ਸਰਕਾਰ ਵਲੋਂ ਬਠਿੰਡਾ ਥਰਮਲ ਪਲਾਂਟ ਬੰਦ ਕਰਨ ਲਈ ਕਾਫੀ ਕਾਹਲੀ ਦਿਖਾਈ ਗਈ ਸੀ ਤੇ ਨਾਲ ਹੀ ਰੋਪੜ ਦੇ ਯੂਨਿਟ ਬੰਦ ਕਰ ਦਿੱਤੇ ਗਏ ਸਨ। ਬਿਜਲੀ ਮਾਮਲਿਆਂ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਵਲੋਂ ਆਪਣੇ ਪਲਾਂਟ ਬੰਦ ਕਰਨ ਤੋਂ ਪਹਿਲਾਂ ਦੂਜੇ ਰਾਜਾਂ ਤੋਂ ਬਿਜਲੀ ਸਪਲਾਈ ਦੀ ਸਮਰੱਥਾ ਵਧਾਉਣ ਲਈ ਲਾਈਨਾਂ ਵਿਚ ਸੁਧਾਰ ਕੀਤਾ ਹੁੰਦਾ ਤਾਂ ਬਾਹਰੋਂ ਹੋਰ ਬਿਜਲੀ ਮੰਗਵਾਈ ਜਾ ਸਕਦੀ ਹੈ ਤੇ ਹੁਣ ਦੂਜੇ ਰਾਜਾਂ ਤੋਂ 7300 ਮੈਗਾਵਾਟ ਤੋਂ ਜਿਆਦਾ ਬਿਜਲੀ ਨਹੀਂ ਮੰਗਵਾਈ ਜਾ ਸਕਦੀ ਹੈ। ਪਾਵਰਕਾਮ ਨੇ ਬੀ.ਬੀ.ਐਮ.ਬੀ. ਨੂੰ ਪੰਜਾਬ 'ਚ ਬਿਜਲੀ ਦੇ ਸੰਕਟ ਦੇ ਮੱਦੇਨਜਰ ਪੀਕ-ਟਾਈਮ ਸਪਲਾਈ ਵਧਾਉਣ ਦੀ ਬੇਨਤੀ ਕੀਤੀ ਹੈ। ਭਾਖੜਾ ਡੈਮ 'ਚ ਪਾਣੀ ਦਾ ਪੱਧਰ 1525.6 ਫੁੱਟ ਹੈ ਜੋ ਪਿਛਲੇ ਸਾਲ ਤੋਂ 57 ਫੁੱਟ ਘੱਟ ਹੈ . ਭਾਖੜਾ ਪਾਵਰ ਹਾਊਸਾਂ ਵਿਚ ਉਤਪਾਦਨ 197 ਲੱਖ ਯੂਨਿਟ ਹੈ ਅਤੇ ਪੰਜਾਬ ਹਿੱਸੇਦਾਰੀ 40 ਫੀਸਦੀ ਹੈ।ਬੀ.ਬੀ.ਐਮ.ਬੀ. ਇਕ ਦਿਨ 'ਚ ਅੰਦਾਜਨ ਲਗਭਗ 800 ਮੈਗਾਵਾਟ ਸਪਲਾਈ ਕਰ ਰਹੀ ਹੈ।

# ਅਮਰੀਕਾ ਵਿਚ ਕੁਲ ਕੋਵਿਡ ਮਾਮਲਿਆਂ ਵਿਚੋਂ 20% ਡੈਲਟਾ ਵਾਇਰਸ ਦੇ ਮਾਮਲੇ: ਡਾ. ਫੌਚੀ

## ਡੈਲਟਾ ਵਾਇਰਸ ਵੱਡਾ ਖ਼ਤਰਾ ਬਣਿਆ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:** ਅਮਰੀਕਾ ਵਿਚ ਕੋਵਿਡ-19 ਮਹਾਂਮਾਰੀ ਨਾਲ ਨਜਿੱਠਣ ਦੀਆਂ ਕੋਸ਼ਿਸ਼ਾਂ ਵਿਚ ਡੈਲਟਾ ਵਾਇਰਸ ਵੱਡਾ ਖਤਰਾ ਬਣਿਆ ਹੋਇਆ ਹੈ ਤੇ ਇਸ ਸਮੇਂ ਦੇਸ਼ ਦੇ ਕੁਲ ਕੋਵਿਡ ਮਾਮਲਿਆਂ ਵਿਚੋਂ 20% ਤੋਂ ਵਧ ਮਾਮਲੇ ਡੈਲਟਾ ਵਾਇਰਸ ਦੇ ਹਨ। ਇਹ ਪ੍ਰਗਟਾਵਾ ਚੋਟੀ ਦੇ ਮਾਹਿਰ ਡਾ. ਐਨਥਨੀ ਫੌਚੀ ਨੇ ਕੀਤਾ ਹੈ। ਵਾਈਟ ਹਾਊਸ ਵਿਖੇ ਕੋਵਿਡ-19 ਨਾਲ ਨਜਿੱਠਣ ਦੀਆਂ ਕੋਸ਼ਿਸ਼ਾਂ ਦਾ ਜ਼ਿਕਰ ਕਰਦਿਆਂ ਉਨਾਂ ਕਿਹਾ ਕਿ ਇਨਾਂ ਕੋਸ਼ਿਸ਼ਾਂ ਦੇ ਰਾਹ ਵਿਚ ਡੈਲਟਾ ਵਾਇਰਸ ਵੱਡੀ ਰੁਕਾਵਟ ਬਣਦਾ ਨਜ਼ਰ ਆ ਰਿਹਾ ਹੈ। 8 ਮਈ ਨੂੰ ਡੈਲਟਾ ਵਾਇਰਸ ਦੇ ਜੋ ਮਾਮਲੇ 1.2% ਸਨ ਉਹ ਪਿਛਲੇ ਕੁਝ ਦਿਨਾਂ ਵਿਚ ਹੀ ਵਧ ਕੇ ਕੁਲ ਮਾਮਲਿਆਂ ਦਾ 20.6% ਹੋ ਗਏ ਹਨ। ਡਾ. ਫੌਕੀ ਨੇ ਕਿਹਾ ਕਿ ਯੂ.ਕੇ. ਵਾਂਗ ਇਸ ਵੇਲੇ ਅਮਰੀਕਾ ਲਈ ਸਭ ਤੋਂ ਵੱਡਾ ਖਤਰਾ ਡੈਲਟਾ ਵਾਇਰਸ ਤੋਂ ਹੈ। ਉਨਾਂ ਕਿਹਾ ਕਿ ਅਸਲ ਕੋਵਿਡ ਵਾਇਰਸ ਤੇ ਐਲਫਾ ਵਾਇਰਸ ਦੀ ਤੁਲਨਾ ਵਿਚ ਡੈਲਟਾ ਵਾਇਰਸ ਦੇ ਫੈਲਣ ਦੀ ਰਫਤਾਰ ਵਧ ਹੈ ਤੇ ਇਹ ਇਕ ਮਨੁੱਖ ਤੋਂ ਦੂਸਰੇ ਮਨੁੱਖ ਵਿਚ ਆਸਾਨੀ ਨਾਲ ਪ੍ਰਵੇਸ਼ ਕਰ ਸਕਦਾ ਹੈ। ਇਹ ਵਾਇਰਸ ਬਿਮਾਰੀ ਦੀ ਗੰਭੀਰਤਾ ਨੂੰ ਹੋਰ ਵਧਾ ਦਿੰਦਾ ਹੈ। ਇਸ ਦੇ ਨਾਲ ਹੀ ਡਾਕਟਰ ਫੌਚੀ ਨੇ ਕਿਹਾ ਕਿ ਇਹ ਇਕ ਚੰਗੀ ਖਬਰ ਹੈ ਕਿ ਫਾਇਜ਼ਰ-ਬਾਇਓਨਟੈਕ ਤੇ ਆਕਸਫੋਰਡ-ਐਸਟਰਾਜ਼ੈਨਿਕ ਵੈਕਸੀਨ ਡੈਲਟਾ ਵਾਇਰਸ ਵਿਰੁੱਧ ਪ੍ਰਭਾਵੀ ਤੇ ਕਾਰਗਰ ਹਨ। ਉਨਾਂ ਕਿਹਾ ਕਿ ਫਾਈਜ਼ਰ ਦਾ ਦੂਸਰਾ ਟੀਕਾ ਲਵਾਉਣ ਤੋਂ ਦੋ ਹਫਤੇ ਬਾਅਦ ਡੈਲਟਾ ਵਾਇਰਸ ਵਿਰੁੱਧ 88% ਪ੍ਰਭਾਵੀ ਸਾਬਤ ਹੋਇਆ ਹੈ ਜਦ ਕਿ ਇਹ ਟੀਕਾ ਐਲਫਾ ਵਾਇਰਸ ਵਿਰੁੱਧ 93% ਪ੍ਰਭਾਵੀ ਹੈ।

## ਡੈਲਟਾ ਪਲੱਸ ਫੇਫੜਿਆਂ ’ਤੇ ਵਧੇਰੇ ਪ੍ਰਭਾਵ ਪਾਵੇਗਾ



**ਨਵੀਂ ਦਿੱਲੀ/ਏ.ਟੀ.ਨਿਊਜ਼ :** ਕੋਰੋਨਾ ਦੇ ਡੈਲਟਾ ਪਲੱਸ ਰੂਪ ਦੇ ਬਹੁਤ ਖ਼ਤਰਨਾਕ ਹੋਣ ਦੀਆਂ ਖ਼ਬਰਾਂ ਦਰਮਿਆਨ ਕੇਂਦਰ ਨੇ ਕਿਹਾ ਹੈ ਕਿ ਕੋਰੋਨਾ ਦੀ ਇਸ ਨਵੀਂ ਕਿਸਮ ਦਾ ਬਾਕੀਆਂ ਕਿਸਮਾਂ ਦੇ ਮੁਕਾਬਲੇ ਫੇਫੜਿਆਂ ’ਤੇ ਵਧੇਰੇ ਪ੍ਰਭਾਵ ਪੈ ਸਕਦਾ ਹੈ ਤੇ ਇਸ ਨਾਲ ਨਿਮੋਨੀਆ ਤੇ ਅੱਖਾਂ ਵਿਚ ਸੋਜਿਸ਼ ਪੈਣ ਦਾ ਵਧੇਰੇ ਖ਼ਤਰਾ ਹੈ। ਹਾਲਾਂਕਿ ਮਾਹਿਰਾਂ ਨੇ ਇਹ ਵੀ ਕਿਹਾ ਕਿ ਵਾਇਰਸ ਦੀ ਮਿਊਟੇਸ਼ਨ ’ਚ ਇਹ ਜ਼ਰੂਰੀ ਨਹੀਂ ਹੈ ਕਿ ਵਾਇਰਸ ਖ਼ਤਰਨਾਕ ਰੂਪ ਹੀ ਪਾਵੇ ਇਹ ਕਮਜ਼ੋਰ ਵੀ ਪੈ ਸਕਦਾ ਹੈ । ਸਿਹਤ ਮਾਹਿਰਾਂ ਵਲੋਂ ਇਹ ਚਿਤਾਵਨੀ ਉਸ ਵੇਲੇ ਆਈ ਹੈ ਜਦੋਂ ਭਾਰਤ ਸਰਕਾਰ ਵਲੋਂ ਇਸ ਨੂੰ ਚਿੰਤਾ ਦਾ ਕਾਰਨ ਕਰਾਰ ਦਿੱਤਾ ਗਿਆ ਹੈ। ਅੰਕੜਿਆਂ ਮੁਤਾਬਿਕ ਡੈਲਟਾ ਪਲੱਸ ਰੂਪ ਹਾਲੇ ਤੱਕ ਦੇਸ਼ ਦੇ 12 ਰਾਜਾਂ ’ਚ ਪਹੁੰਚ ਗਿਆ ਹੈ ਅਤੇ ਇਸ ਦੇ 51 ਮਾਮਲੇ ਆਏ ਹਨ । ਪੰਜਾਬ ’ਚ ਡੈਲਟਾ ਪਲੱਸ ਦੇ 2 ਮਾਮਲਿਆਂ ਤੋਂ ਇਲਾਵਾ ਇਹ ਹੋਰ ਵੀ ਕਈ ਰਾਜਾਂ ’ਚ ਪਾਇਆ ਗਿਆ ਹੈ, ਜਿਸ ’ਚ ਸਭ ਤੋਂ ਵੱਧ 22 ਮਾਮਲੇ ਮਹਾਰਾਸ਼ਟਰ ’ਚ ਆਏ ਹਨ, ਜਦਕਿ ਮੱਧ ਪ੍ਰਦੇਸ਼ ’ਚ 2 ਅਤੇ ਮਹਾਰਾਸ਼ਟਰ ਅਤੇ ਤਾਮਿਲਨਾਡੂ ’ਚ 1-1 ਵਿਅਕਤੀ ਦੀ ਮੌਤ ਹੋ ਚੁੱਕੀ ਹੈ ।ਕੇਂਦਰ ਸਰਕਾਰ ਵਲੋਂ ਇਨਾਂ ਰਾਜਾਂ ਨੂੰ ਵਿਸ਼ੇਸ਼ ਸਾਵਧਾਨੀ ਰੱਖਣ ਅਤੇ ਕੋਰੋਨਾ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੇ ਨਿਰਦੇਸ਼ ਦਿੱਤੇ ਹਨ।

## ਅਮਰੀਕਾ ਦੇ ਇਮੀਗ੍ਰੇਸ਼ਨ ਹਿਰਾਸਤ ਕੇਂਦਰਾਂ ਵਿਚ ਧੱਕੇ ਨਾਲ ਖੁਆਉਣ ਪਿਆਉਣ ਤੇ ਮਾਨਵੀ ਹੱਕਾਂ ਦੀ ਉਲੰਘਣਾ ਵਿਰੁੱਧ ਭੁੱਖ ਹੜਤਾਲ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਅਮਰੀਕਾ ਵਿਚਲੇ ਇਮੀਗ੍ਰੇਸ਼ਨ ਹਿਰਾਸਤ ਕੇਂਦਰਾਂ ਵਿਚ ਧੱਕੇ ਨਾਲ ਖੁਆਉਣ ਪਿਆਉਣ ਤੇ ਮਾਨਵੀ ਹੱਕਾਂ ਦੀ ਉਲੰਘਣਾ ਨੂੰ ਲੈ ਕੇ ਭੁੱਖ ਹੜਤਾਲ ਕੀਤੀ ਗਈ ਹੈ। ਇਹ ਖੁਲਾਸਾ ਮਾਨਵੀ ਹੱਕਾਂ ਬਾਰੇ ਅਮਰੀਕਨ ਸਿਵਲ ਲਿਬਰਟੀਜ਼ ਯੁਨੀਅਨ ਐਂਡ ਫਿਜ਼ੀਸ਼ੀਅਨ ਵਲੋਂ ਜਾਰੀ ਇਕ ਰਿਪੋਰਟ ਵਿਚ ਕੀਤਾ ਗਿਆ ਹੈ। ਸੂਚਨਾ ਲੈਣ ਦੀ ਆਜ਼ਾਦੀ ਦੇ ਅਧਿਕਾਰ ਤਹਿਤ ਲਈ ਗਈ ਇਹ ਰਿਪੋਰਟ 10000 ਸਫਿਆਂ ਉਪਰ ਅਧਾਰਤ ਹੈ। ਰਿਪੋਰਟ ਅਨੁਸਾਰ ਧੱਕੇ ਨਾਲ ਨਾਸਾਂ ਰਾਹੀਂ ਤਰਲ ਦੇਣ ਤੇ ਜਬਰਦਸਤੀ ਖੁਆਉਣ ਪਿਆਉਣ ਨਾਲ ਘੱਟੋ ਘੱਟ 3 ਵਿਅਕਤੀ ਮਾਰੇ ਜਾ ਚੁੱਕੇ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ‘ਇਮੀਗ੍ਰੇਸ਼ਨ ਹਿਰਾਸਤ ਕੇਂਦਰਾਂ ਵਿਚ ਭੁੱਖ ਹੜਤਾਲ ਰੱਖੇ ਜਾਣ ਨੂੰ ਹਲਕੇ ਵਿਚ ਨਹੀਂ ਲਿਆ ਜਾ ਸਕਦਾ। ਹਿਰਾਸਤ ਵਿਚ ਰੱਖੇ ਵਿਅਕਤੀ ਵੱਲੋਂ ਖਾਣ ਪੀਣ ਤੋਂ ਇਨਕਾਰ ਕਰਨਾ ਉਸ ਲਈ ਆਪਣੀ ਸ਼ਿਕਾਇਤ ਦਰਜ ਕਰਵਾਉਣ ਦਾ ਆਖਰੀ ਰਾਹ ਹੀ ਬਚਦਾ ਹੈ। ਉਹ ਇਹ ਕਦਮ ਉਸ ਸਮੇਂ ਚੁੱਕਦਾ ਹੈ ਜਦੋਂ ਉਸ ਦੀ ਸੁਣਵਾਈ ਲਈ ਸਾਰੇ ਰਾਹ ਬੰਦ ਹੋ ਜਾਂਦੇ ਹਨ।’ ਰਿਪੋਰਟ ਅਨੁਸਾਰ ‘ਲੋਕਾਂ ਨੂੰ ਆਪਣੇ ਮਾਮਲਿਆਂ ਦੇ ਨਿਰਨੇ ਦੀ ਉਡੀਕ ਵਿਚ ਕਈ ਮਹੀਨੇ ਜਾਂ ਸਾਲਾਂਬੱਧੀ ਸਲਾਖਾਂ ਪਿਛੇ ਬਿਤਾਉਣੇ ਪੈਂਦੇ ਹਨ। ਉਹ ਗਲਤ ਵਿਵਹਾਰ ਦੇ ਸਿਸਟਮ ਵਿਚ ਫਸ ਕੇ ਰਹਿ ਜਾਂਦੇ ਹਨ ਜਿਥੇ ਉਨਾਂ ਨੂੰ ਡਾਕਟਰੀ ਸਹਾਇਤਾ ਨਹੀਂ ਦਿੱਤੀ ਜਾਂਦੀ ਤੇ ਲੋੜੀਂਦੀ ਪ੍ਰਕ੍ਰਿਆ ਤੋਂ ਵੀ ਨਾਂਹ ਕਰ ਦਿੱਤੀ ਜਾਂਦੀ ਹੈ। ਇਸ ਲਈ ਹਰ ਸਾਲ ਸੈਂਕੜੇ ਪ੍ਰਵਾਸੀ ਇਨਾਂ ਹਿਰਾਸਤੀ ਕੇਂਦਰਾਂ ਵਿਚ ਹੜਤਾਲ ਕਰਦੇ ਹਨ।’ ਇਥੇ ਜ਼ਿਕਰਯੋਗ ਹੈ ਕਿ ਭਾਰਤ ਖਾਸ ਕਰਕੇ ਪੰਜਾਬ ਦੇ ਵੀ ਅਨੇਕਾਂ ਵਿਅਕਤੀਆਂ ਨੂੰ ਇਨਾਂ ਹਿਰਾਸਤੀ ਕੇਂਦਰਾਂ ਵਿਚ ਰਖਿਆ ਗਿਆ ਹੈ ਜਿਥੇ ਉਹ ਅਕਸਰ ਆਪਣੇ ਨਾਲ ਹੁੰਦੀਆਂ ਵਧੀਕੀਆਂ ਵਿਰੁੱਧ ਆਵਾਜ਼ ਉਠਾਉਂਦੇ ਰਹਿੰਦੇ ਹਨ।



*16 ਜੁਲਾਈ 2018 ਨੂੰ ਸੈਨ ਡਇਏਗੋ, ਕੈਲੀਫੋਰਨੀਆ ਵਿਚ ਮੈਕਸੀਕੋ ਦੀ ਸਰਹੱਦ ਟੱਪ ਕੇ ਅਮਰੀਕਾ ਵਿਚ ਦਾਖਲ ਹੋਏ ਕੁੱਝ ਭਾਰਤੀਆਂ ’ਤੇ ਨਜ਼ਰ ਰਖਦਾ ਹੋਇਆ ਸਰਹੱਦ ਗਸ਼ਤੀ ਪਾਰਟੀ ਦਾ ਇਕ ਜਵਾਨ।*

## ਕਮਲਾ ਹੈਰਿਸ ਨੇ ਉਪ ਰਾਸ਼ਟਰਪਤੀ ਵਜੋਂ ਅਮਰੀਕਾ-ਮੈਕਸੀਕੋ ਸਰਹੱਦ ਦਾ ਕੀਤਾ ਪਹਿਲਾ ਦੌਰਾ

### ਪ੍ਰਵਾਸੀ ਸੈਂਟਰ ਵਿਚ ਰਖੇ ਲੋਕਾਂ ਨੂੰ ਮਿਲੀ




**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਅਮਰੀਕਾ- ਮੈਕਸੀਕੋ ਸਰਹੱਦ ਦਾ ਦੌਰਾ ਕਰਕੇ ਮਾਈਗਰਾਂਟ ਪ੍ਰਾਸੈਸਿੰਗ ਸੈਂਟਰ ਦਾ ਜਾਇਜ਼ਾ ਲਿਆ। ਉਪ ਰਾਸ਼ਟਰਪਤੀ ਵਜੋਂ ਅਮਰੀਕਾ-ਮੈਕਸੀਕੋ ਸਰਹੱਦ ਦਾ ਇਹ ਉਨਾਂ ਦਾ ਪਹਿਲਾ ਦੌਰਾ ਸੀ। ਉਹ ਐਲ ਪਾਸੋ, ਟੈਕਸਾਸ ਵਿਚ ਦੱਖਣੀ ਸਰੱਹਦ ਉਪਰ ਬਣੇ ਸੈਂਟਰਲ ਪ੍ਰਾਸੈਸਿੰਗ ਸੈਂਟਰ ਵਿਚ ਗਈ ਤੇ ਉਥੇ ਉਹ ਕੇਂਦਰੀ ਅਮਰੀਕਾ ਦੀਆਂ 5 ਨੌਜਵਾਨ ਲੜਕੀਆਂ ਨੂੰ ਮਿਲੀ। ਦੌਰੇ ਦੀ ਸਮਾਪਤੀ ’ਤੇ ਉਨਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਲੜਕੀਆਂ ਬਿਨਾਂ ਮਾਪਿਆਂ ਦੇ ਉਥੇ ਮੌਜੂਦ ਸਨ ਪਰੰਤੂ ਉਹ ਪੂਰੀ ਤਰਾਂ ਉਤਸ਼ਾਹਿਤ ਸਨ। ਹੈਰਿਸ ਨੇ ਕਿਹਾ ਕਿ ਇਹ ਮਾਮਲਾ ਕੇਵਲ ਰਾਜਸੀ ਮੁੱਦਾ ਨਹੀਂ ਹੈ। ਸਾਨੂੰ ਇਨਾਂ ਪ੍ਰਵਾਸੀਆਂ ਪ੍ਰਤੀ ਸੋਚ ਵਿਚਾਰ ਕੇ ਪ੍ਰਭਾਵੀ ਪਹੁੰਚ ਅਪਣਾਉਣ ਦੀ ਲੋੜ ਹੈ। ਉਨਾਂ ਨੇ ਪ੍ਰਵਾਸ ਦੇ ਬੁਨਿਆਦੀ ਕਾਰਨਾਂ ਨੂੰ ਹੱਲ ਕਰਨ ਉਪਰ ਜ਼ੋਰ ਦਿੱਤਾ। ਹੈਰਿਸ ਨੇ ਕਿਹਾ ਕਿ ਜਦੋਂ ਅਸੀਂ ਸਰਹੱਦ ਉਪਰ ਜੋ ਕੁਝ ਹੋ ਰਿਹਾ ਹੈ, ਉਸ ਬਾਰੇ ਗੱਲਬਾਤ ਕਰਨੀ ਹੈ ਤਾਂ ਸਾਨੂੰ ਇਸ ਤੱਥ ਨੂੰ ਅੱਖੋਂ ਪਰੋਖੇ ਨਹੀਂ ਕਰਨਾ ਚਾਹੀਦਾ ਕਿ ਅਸੀਂ ਮਾਨਵਤਾ ਦੀ ਗੱਲ ਕਰ ਰਹੇ ਹਾਂ। ਉਨਾਂ ਕਿਹਾ ਕਿ ਲੋਕ ਮਜ਼ਬੂਰੀ ਵੱਸ ਆਪਣੇ ਘਰਾਂ ਨੂੰ ਛੱਡਦੇ ਹਨ।

## ਗੁਲਾਮਾਂ ਨੂੰ ਨਾਗਰਿਕਤਾ ਦਾ ਹੱਕ ਨਾ ਦੇਣ ਦਾ ਨਿਰਨਾ ਤੇ ਸੰਘੀ ਬੁੱਤ ਹਟਾਉਣ ਲਈ ਪ੍ਰਤੀਨਿੱਧ ਸਦਨ ਵੱਲੋਂ ਬਿੱਲ ਪਾਸ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਅਮਰੀਕੀ ਪ੍ਰਤੀਨਿੱਧ ਸਦਨ ਨੇ ਇਕ ਬਿੱਲ ਪਾਸ ਕੀਤਾ ਹੈ ਜਿਸ ਤਹਿਤ ਵਾਸ਼ਿੰਗਟਨ ਡੀ ਸੀ ਵਿਚ ਲੱਗੇ ਕਾਨਫੈਡਰੇਟ ਬੁੱਤਾਂ ਤੇ ਸੁਪਰੀਮ ਕੋਰਟ ਦੇ ਸਾਬਕਾ ਮੁੱਖ ਜੱਜ ਰੋਜਰ ਟੈਨੀ ਦਾ ਨਿਰਨਾ ਹਟਾਉਣ ਦੀ ਵਿਵਸਥਾ ਹੈ। ਇਸ ਜੱਜ ਨੇ 1857 ਡਰੈਡ ਸਕਾਟ ਨਿਰਨੇ ਵਿਚ ਲਿਖਿਆ ਸੀ ਕਿ ਗੁਲਾਮ ਲੋਕਾਂ ਨੂੰ ਨਾਗਰਿਕਤਾ ਦਾ ਅਧਿਕਾਰ ਨਹੀਂ ਹੈ। ਸਦਨ ਦੇ ਬਹੁਗਿਣਤੀ ਆਗੂ ਸਟੈਨੀ ਹੋਇਰ ਨੇ ਬਿੱਲ ਉਪਰ ਵੋਟਾਂ ਪੈਣ ਤੋਂ ਪਹਿਲਾਂ ਕਿਹਾ ਕਿ ‘ਇਸ ਪਵਿੱਤਰ ਸਥਾਨ ਤੇ ਲੋਕਤੰਤਰ ਦੇ ਮੰਦਿਰ ਨੂੰ ਲੰਬਾ ਸਮਾਂ ਸੰਕੀਰਨ ਬਣਾ ਕੇ ਰਖਿਆ ਗਿਆ ਹੈ। ਸਾਨੂੰ ਇਤਿਹਾਸ ਨੂੰ ਭੁੱਲਣਾ ਨਹੀਂ ਚਾਹੀਦਾ ਤੇ ਸਾਨੂੰ ਇਤਿਹਾਸ ਤੋਂ ਸਿੱਖਣਾ ਚਾਹੀਦਾ ਹੈ ਪ੍ਰੰਤੂ ਅਸੀਂ ਉਨਾਂ ਗੱਲਾਂ ਦਾ ਸਨਮਾਨ ਨਹੀਂ ਕਰ ਸਕਦੇ ਜਿਨਾਂ ਲਈ ਅਸੀਂ ਖੜੇ ਹਾਂ, ਨੂੰ ਨਕਾਰਦੀਆਂ ਹੋਣ। ਇਹ ਸਮਾਂ ਇਨਾਂ ਭਵਨਾਂ ਵਿਚੋਂ ਗੁਲਾਮੀ ਦੇ ਚਿੰਨਾਂ ਤੇ ਰਾਜ ਧ੍ਰੋਹ ਵਰਗੇ ਸ਼ਬਦਾਂ ਨੂੰ ਹਟਾਉਣ ਦਾ ਹੈ।’ ਬਿੱਲ ਦੇ ਹੱਕ ਵਿਚ 285 ਤੇ ਵਿਰੋਧ ਵਿਚ 120 ਵੋਟਾਂ ਪਈਆਂ। ਹਾਜ਼ਰ ਸਾਰੇ ਡੈਮੋਕ੍ਰੇਟਿਕ ਮੈਂਬਰਾਂ ਤੇ 67 ਰਿਪਬਲੀਕਨਾਂ ਨੇ ਵੀ ਬਿੱਲ ਦੇ ਹੱਕ ਵਿਚ ਵੋਟ ਪਾਈ। ਹੁਣ ਇਹ ਬਿੱਲ ਸੈਨੇਟ ਵਿਚ ਜਾਵੇਗਾ ਜਿਥੇ ਬਿੱਲ ਨੂੰ ਪਾਸ ਕਰਨ ਲਈ 10 ਰਿਪਬਲੀਕਨ ਮੈਂਬਰਾਂ ਦੀ ਲੋੜ ਪਵੇਗੀ। ਇਥੇ ਜ਼ਿਕਰਯੋਗ ਹੈ ਕਿ ਪਿਛਲੇ ਸਾਲ ਵੀ ਇਸ ਕਿਸਮ ਦਾ ਬਿੱਲ ਸਦਨ ਵੱਲੋਂ ਪਾਸ ਕੀਤਾ ਗਿਆ ਸੀ ਪਰ ਰਿਪਬਲੀਕਨਾਂ ਦੇ ਬਹੁਮਤ ਵਾਲੀ ਸੈਨੇਟ ਵਿਚ ਇਸ ਬਿੱਲ ਨੂੰ ਰੋਕ ਲਿਆ ਗਿਆ ਸੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh, Sarbjeet Kaur Sarb Online Interview Host: Balraj Pannu
Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.
Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਬਾਈਡਨ ਦੇ ਆਦੇਸ਼ ਉਪਰੰਤ ਇਰਾਨੀ ਸਮਰਥਕ ਮਿਲੀਸ਼ੀਆ ਉਪਰ ਅਮਰੀਕੀ ਫੌਜ ਵੱਲੋਂ ਹਵਾਈ ਹਮਲੇ

## ਸੀਰੀਆ ਤੇ ਇਰਾਕ ਵਿਚਲੇ ਮਿਲੀਸ਼ੀਆ ਦੇ ਅੱਡਿਆਂ ਨੂੰ ਬਣਾਇਆ ਨਿਸ਼ਾਨਾ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਅਮਰੀਕੀ ਰਾਸ਼ਟਰਪਤੀ ਜੋ ਬਾਇਡਨ ਨੇ ਡਰੋਨ ਹਮਲਿਆਂ ਦੇ ਜਵਾਬ ਵਿਚ ਸੀਰੀਆ ਤੇ ਇਰਾਕ ਵਿਚ ਇਰਾਨ ਸਮਰਥਕ ਮਿਲੀਸ਼ੀਆ ਦੇ ਟਿਕਾਣਿਆਂ ਉਪਰ ਹਵਾਈ ਹਮਲੇ ਕਰਨ ਦਾ ਆਦੇਸ਼ ਦਿੱਤਾ ਹੈ। ਇਹ ਐਲਾਨ ਪੈਂਟਾਗਨ ਨੇ ਪਿਛਲੇ ਦਿਨ ਸ਼ਾਮ ਵੇਲੇ ਕੀਤਾ। ਪੈਂਟਾਗਨ ਦੇ ਪ੍ਰੈਸ ਸਕੱਤਰ ਜੌਹਨ ਕਿਰਬੀ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਅਮਰੀਕੀ ਹਵਾਈ ਸੈਨਾ ਨੇ ਇਰਾਕ ਤੇ ਸੀਰੀਆ ਵਿਚਲੀਆਂ ਉਨਾਂ ਥਾਵਾਂ ਨੂੰ ਨਿਸ਼ਾਨਾ ਬਣਾਇਆ ਜਿਨਾਂ ਦੀ ਵਰਤੋਂ ਮਿਲੀਸ਼ੀਆ ਦੁਆਰਾ ਅਮਰੀਕੀ ਫੌਜੀਆਂ ਉਪਰ ਡਰੋਨ ਹਮਲੇ ਕਰਨ ਲਈ ਕੀਤੀ ਜਾਂਦੀ ਹੈ। ਕਿਰਬੀ ਨੇ ਕਿਹਾ ਹੈ ਕਿ ਹਵਾਈ ਹਮਲਿਆਂ ਵਿਚ ਸੀਰੀਆ ਵਿਚਲੀਆਂ ਦੋ ਥਾਵਾਂ ਅਤੇ ਇਰਾਕ ਵਿਚਲੀ ਇਕ ਥਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ ਜਿਥੇ ਮਿਲੀਸ਼ੀਆ ਦੇ ਹਥਿਆਰਾਂ ਦਾ ਭੰਡਾਰ ਸੀ। ਇਹ ਥਾਵਾਂ ਸੀਰੀਆ ਤੇ ਇਰਾਕ ਦੀਆਂ ਸਰਹੱਦਾਂ ਦੇ ਨਾਲ ਹਨ। ਉਨਾਂ ਕਿਹਾ ਕਿ ਇਨਾਂ ਥਾਵਾਂ ਦੀ ਵਰਤੋਂ ਕਟਾਇਬ ਹਿਜ਼ਬੁਲਾ ਤੇ ਕਟਾਇਬ ਸਈਦ ਅਲ ਸ਼ੁਹਾਡਾ ਸਮੇਤ ਇਰਾਨ ਸਮਰਥਕ ਮਿਲੀਸ਼ੀਆ ਦੇ ਅਨੇਕਾਂ ਧੜਿਆਂ ਵੱਲੋਂ ਕੀਤੀ ਜਾਂਦੀ ਹੈ। ਅਮਰੀਕਾ ਦੇ ਰਖਿਆ ਅਧਿਕਾਰੀਆਂ ਅਨੁਸਾਰ ਯੂ ਐਸ ਐਫ-15 ਤੇ ਐਫ -16 ਜੰਗੀ ਜਹਾਜਾਂ ਨੇ ਇਨਾਂ ਹਵਾਈ ਹਮਲਿਆਂ ਵਿਚ ਹਿੱਸਾ ਲਿਆ। ਰੱਖਿਆ ਵਿਭਾਗ ਦੇ ਅਧਿਕਾਰਤ ਬੁਲਾਰੇ ਅਨੁਸਾਰ ਹਮਲੇ ਉਪਰੰਤ ਸਾਰੇ ਪਾਇਲਟ ਸੁਰੱਖਿਅਤ ਵਾਪਿਸ ਆ ਗਏ ਹਨ। ਬੁਲਾਰੇ ਅਨੁਸਾਰ ਇਨਾਂ ਹਮਲਿਆਂ ਵਿਚ ਜਮੀਨ ਉਪਰ ਕਿੰਨੇ ਅੱਤਿਵਾਦੀ ਜਾਂ ਆਮ ਲੋਕ ਮਾਰੇ ਗਏ ਹਨ, ਇਸ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ। ਹਮਲਿਆਂ ਤੋਂ ਪਹਿਲਾਂ ਨੇਵੀ ਕਮਾਂਡਰ ਜੈਸਿਕਾ ਮੈਕਨੂਲਟੀ ਨੇ ਕਿਹਾ ਕਿ ਇਰਾਨ ਦੇ ਸਮਰਥਕ ਮਿਲੀਸ਼ੀਆ ਨੇ ਅਪ੍ਰੈਲ ਤੋਂ ਬਾਅਦ ਅਮਰੀਕੀ ਤੇ ਇਸ ਦੇ ਜੋਟੀਦਾਰ ਦੇਸ਼ਾਂ ਦੇ ਫੌਜੀਆਂ ਵੱਲੋਂ ਵਰਤੇ ਜਾਂਦੇ ਟਿਕਾਣਿਆਂ ਉਪਰ 5 ਵਾਰ



ਡਰੋਨ ਹਮਲੇ ਕੀਤੇ ਹਨ। ਡਰੋਨ ਹਮਲਿਆਂ ਤੋਂ ਇਲਾਵਾ ਮਿਲੀਸ਼ੀਆ ਨੇ ਰਾਕਟ ਵੀ ਦਾਗੇ ਹਨ। ਮੈਕਨੂਲਟੀ ਅਨੁਸਾਰ ਹਵਾਈ ਹਮਲਿਆਂ ਨਾਲ ਮਿਲੀਸ਼ੀਆ ਧੜਿਆਂ ਦੀ ਜੰਗੀ ਸਮਰੱਥਾ ਘਟ ਜਾਵੇਗੀ ਤੇ ਉਹ ਹੋਰ ਹਮਲੇ ਨਹੀਂ ਕਰ ਸਕਣਗੇ। ਇਥੇ ਜ਼ਿਕਰਯੋਗ ਹੈ ਕਿ ਰਾਸ਼ਟਰਪਤੀ ਬਾਈਡਨ ਨੇ ਫਰਵਰੀ ਵਿਚ ਵੀ ਮਿਲੀਸ਼ੀਆ ਗਰੁੱਪਾਂ ਉਪਰ ਇਸ ਕਿਸਮ ਦੇ ਹਮਲੇ ਕਰਨ ਦਾ ਆਦੇਸ਼ ਦਿੱਤਾ ਸੀ। ਉਤਰੀ ਇਰਾਕ ਵਿਚ ਹਮਲੇ ਕਰਨ ਸਬੰਧੀ ਬਾਈਡਨ ਦਾ ਇਹ ਪਹਿਲਾ ਆਦੇਸ਼ ਸੀ। ਇਸ ਤੋਂ ਪਹਿਲਾਂ ਮਿਲੀਸ਼ੀਆ ਨੇ ਰਾਕਟ ਹਮਲੇ ਕਰਕੇ ਇਕ ਠੇਕੇਦਾਰ ਨੂੰ ਮਾਰ ਦਿੱਤਾ ਸੀ ਤੇ ਹੋਰ ਕਈ ਅਮਰੀਕੀ ਤੇ ਮਿੱਤਰ ਦੇਸ਼ਾਂ ਦੇ ਫੌਜੀਆਂ ਨੂੰ ਜ਼ਖਮੀ ਕਰ ਦਿੱਤਾ ਸੀ।

ਡਰੋਨ ਹਮਲੇ ਚਿੰਤਾ ਦਾ ਕਾਰਨ- ਅਮਰੀਕੀ ਹਵਾਈ ਸੈਨਾ ਵੱਲੋਂ ਹਮਲੇ ਕਰਨ ਮੌਕੇ ਯੂ ਐਸ ਸੈਂਟਰਲ ਕਮਾਂਡ ਵਿਖੇ ਸਮੁੰਦਰੀ ਫੌਜ ਦੇ ਜਨਰਲ ਕੇਨਥ ਮੈਕੇਨਜ਼ੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਛੋਟੇ ਡਰੋਨਾਂ ਨਾਲ ਹੁੰਦੇ ਹਮਲੇ ਬੇਹੱਦ ਚਿੰਤਾ ਦਾ ਕਾਰਨ ਹਨ। ਉਨਾਂ ਕਿਹਾ ਕਿ ਛੋਟਾ ਡਰੋਨ ਮਸਾਂ ਮਨੁੱਖ ਦੀ ਬਾਂਹ ਦੀ ਲੰਬਾਈ ਜਿੰਨਾ ਹੁੰਦਾ ਹੈ ਤੇ ਮੇਰੇ ਵਿਚਾਰ ਅਨੁਸਾਰ ਇਹ ਜਿਆਦਾ ਖਤਰਨਾਕ ਤੇ ਚਿੰਤਾ ਦਾ ਕਾਰਨ ਹਨ। ਉਨਾਂ ਕਿਹਾ ਕਿ ਹਮਲਿਆਂ ਕਾਰਨ ਮਿਲੀਸ਼ੀਆ ਦੇ ਹੋਏ ਨੁਕਸਾਨ ਦਾ ਪਤਾ ਲਾਇਆ ਜਾ ਰਿਹਾ ਹੈ।

# ਪੁਲਿਸ ਅਫਸਰ ਹੱਥੋਂ ਮਾਰੇ ਗਏ ਜੌਹਨੀ ਹਰਲੇਅ ਨਾਮੀ ਵਿਅਕਤੀ ਨੂੰ 'ਹੀਰੋ' ਕਰਾਰ ਦਿੱਤਾ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਇਸ ਹਫਤੇ ਦੇ ਸ਼ੁਰੂ ਵਿਚ ਪੁਲਿਸ ਅਫਸਰ ਦੀ ਗੋਲੀ ਨਾਲ ਮਾਰੇ ਗਏ 40 ਸਾਲਾ ਜੌਹਨੀ ਹਰਲੇਅ ਨਾਮੀ ਵਿਅਕਤੀ ਨੂੰ ਪੁਲਿਸ ਵਿਭਾਗ ਨੇ 'ਹੀਰੋ' ਦਾ ਰੁਤਬਾ ਦਿੱਤਾ ਹੈ। ਅਵਾਡਾ ਦੇ ਪੁਲਿਸ ਵਿਭਾਗ ਨੇ ਕਿਹਾ ਹੈ ਕਿ ਵੀਡੀਓ ਰਿਕਾਰਡਿੰਗ ਤੋਂ ਇਹ ਸਪੱਸ਼ਟ ਹੋਇਆ ਹੈ ਕਿ ਹਰਲੇਅ ਨੇ ਅਵਾਡਾ ਕੋਲੋਰਾਡੋ, ਵਿਚ ਪੁਲਿਸ ਅਫਸਰ ਗੋਰਡਨ ਬੀਸਲੇਅ ਦੀ ਗੋਲੀਆਂ ਮਾਰ ਕੇ ਹੱਤਿਆ ਕਰਨ ਵਾਲੇ ਸ਼ੱਕੀ ਰੋਨਾਲਡ



*ਜੌਹਨੀ ਹਰਲੇਅ*

ਟਰਾਇਕੇ ਦਾ ਪਿੱਛਾ ਕਰਕੇ ਉਸ ਨੂੰ ਆਪਣੀ ਹੈਂਡਗੰਨ ਨਾਲ ਮਾਰ ਮੁਕਾਇਆ। ਪੁਲਿਸ ਵਿਭਾਗ ਅਨੁਸਾਰ ਬਾਅਦ ਵਿਚ ਮੌਕੇ 'ਤੇ ਪੁੱਜੇ ਇਕ ਹੋਰ ਪੁਲਿਸ ਅਧਿਕਾਰੀ ਨੇ ਹਰਲੇਅ ਦੇ ਹੱਥ ਵਿਚ ਸ਼ੱਕੀ ਏ ਆਰ-15 ਵੇਖ ਕੇ ਉਸ ਉਪਰ ਗੋਲੀਆਂ ਚਲਾ ਕੇ ਉਸ ਨੂੰ ਖ਼ਤਮ ਕਰ ਦਿੱਤਾ। ਪੁਲਿਸ ਵਿਭਾਗ ਅਨੁਸਾਰ ਹਰਲੇਅ ਨੇ ਗੋਲੀਬਾਰੀ ਵਿਚ ਐਨ ਸਮੇਂ ਸਿਰ ਦਖਲ ਦੇ ਕੇ ਸ਼ੱਕੀ ਹਮਲਾਵਰ ਰੋਨਾਲਡ ਟਰਾਇਕੇ ਨੂੰ ਮਾਰ ਮੁਕਾਇਆ ਨਹੀਂ ਤਾਂ ਸ਼ੱਕੀ ਹੋਰ ਵਿਅਕਤੀਆਂ ਦੀਆਂ ਜਾਨਾਂ ਲੈ ਸਕਦਾ ਸੀ। ਪੁਲਿਸ ਨੇ ਕਿਹਾ ਹੈ ਕਿ ਹਰਲੇਅ ਸੱਚਮੁੱਚ ਹੀਰੋ ਸੀ।

# ਕਸ਼ਮੀਰ ਵਿੱਚ ਸਿੱਖ ਲੜਕੀ ਨਾਲ ਧੱਕਾ ਆਪਸੀ ਸਾਂਝ ਨੂੰ ਖ਼ਤਮ ਕਰਨ ਦੀ ਸਾਜਿਸ਼

## ਵਾਦੀ ਦੇ ਸਿੱਖ ਸਿਆਸੀ ਤੌਰ 'ਤੇ ਮਜ਼ਬੂਤ ਹੋਣ - ਜਥੇਦਾਰ ਹਵਾਰਾ ਕਮੇਟੀ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਸਰਬੱਤ ਖਾਲਸਾ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੇ ਨਿਰਦੇਸ਼ਾਂ ਹੇਠ ਕਾਰਜਸ਼ੀਲ ਕਮੇਟੀ ਨੇ ਕਸ਼ਮੀਰ ਵਾਦੀ ਵਿੱਚ ਇਕ ਸਿੱਖ ਲੜਕੀ ਨਾਲ ਹੋ ਰਹੀ ਧੱਕੇਸ਼ਾਹੀ ਦਾ ਸਖ਼ਤ ਨੋਟਿਸ ਲਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਕ ਸਿੱਖ ਲੜਕੀ ਨੂੰ ਅਗਵਾ ਕਰਕੇ ਜਬਰਨ ਨਿਕਾਹ ਕੀਤਾ ਗਿਆ ਹੈ। ਇਸ ਕਾਰਵਾਈ ਦੇ ਪਿੱਛੇ ਕਿਸੇ ਡੂੰਘੀ ਸਾਜਿਸ਼ ਦਾ ਖ਼ਦਸ਼ਾ ਹੈ। ਪੂਰੀ ਕਾਰਵਾਈ ਵਿੱਚ ਲੜਕੀ ਦੇ ਪਰਿਵਾਰ ਨੂੰ ਪ੍ਰਸ਼ਾਸਨ ਅਤੇ ਅਦਾਲਤ ਵੱਲੋਂ ਦੂਰ ਰੱਖਣਾ ਤੇ ਸਿੱਖਾਂ ਦੇ ਨੁਮਾਇੰਦਿਆਂ ਨੂੰ ਕੋਈ ਇਤਿਲਾਹ ਨਾਂ ਦੇਣੀ ਸਿੱਖਾਂ ਨਾਲ ਬੇਇਨਸਾਫੀ ਹੈ। ਮੁਸਲਿਮ ਭਾਈ ਚਾਰੇ ਦੀ ਸਿੱਖਾਂ ਨਾਲ ਵੱਧ ਰਹੀ ਸਾਂਝ ਕਈ ਸਰਕਾਰੀ ਅਤੇ ਗੈਰਸਰਕਾਰੀ ਧਿਰਾਂ ਨੂੰ ਹਜ਼ਮ ਨਹੀਂ ਹੋ ਰਹੀ ਹੈ। ਜਿਸਦੇ ਚੱਲਦਿਆਂ ਪਿਛਲੇ ਦਿਨੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਜੰਮੂ ਕਸ਼ਮੀਰ ਵਿੱਚ ਚੋਣ ਪ੍ਰਕਿਰਿਆ ਸ਼ੁਰੂ ਕੀਤੇ ਜਾਣ ਦੇ ਮਨੋਰਥ ਨਾਲ ਸਿਆਸੀ ਆਗੂਆਂ ਦੀ ਮਿਲ਼ਣੀ ਮਹੱਤਵਪੂਰਨ ਹੈ। ਸਿੱਖ ਵੋਟ ਨੂੰ ਸਾਂਝ ਦੇ ਭਾਈਵਾਲਾਂ ਕੋਲ ਜਾਣ ਤੋਂ ਰੋਕਣ ਲਈ ਇਸ ਘਟਨਾ ਨੂੰ ਅੰਜਾਮ ਦੇਣ ਦੀ ਸੰਭਾਵਨਾ ਨੂੰ ਨਕਾਰਿਆ ਨਹੀਂ ਜਾ ਸਕਦਾ। ਹਵਾਰਾ ਕਮੇਟੀ ਦੇ ਆਗੂ ਪ੍ਰੋਫੈਸਰ ਬਲਜਿੰਦਰ ਸਿੰਘ, ਐਡਵੋਕੇਟ ਅਮਰ ਸਿੰਘ ਚਾਹਲ, ਬਾਪੂ ਗੁਰਚਰਨ ਸਿੰਘ, ਮਹਾਬੀਰ ਸਿੰਘ ਸੁਲਤਾਨਵਿੰਡ, ਐਡਵੋਕੇਟ ਦਿਲਸ਼ੇਰ ਸਿੰਘ ਜੰਡਿਆਲਾ ਨੇ ਵਾਦੀ ਦੀ ਬਹੁਗਿਣਤੀ ਨੂੰ ਚੇਤੇ ਕਰਵਾਇਆ ਕਿ ਦੋ ਸਾਲ ਪਹਿਲਾਂ 22 ਕਸ਼ਮੀਰੀ ਲੜਕੀਆਂ ਜੋ ਧਾਰਾ 370 ਟੁੱਟਣ ਦੇ ਬਾਅਦ ਭਾਰਤ ਦੇ ਵੱਖ ਵੱਖ ਹਿੱਸਿਆਂ ਵਿੱਚ ਮੁਸ਼ਕਿਲ ਵਿਚ ਫਸ ਗਈਆਂ ਸਨ ਉਨਾਂ ਨੂੰ ਹਵਾਰਾ ਕਮੇਟੀ ਦੇ ਮੈਂਬਰਾਂ ਨੇ ਆਪਣੇ ਖ਼ਰਚੇ 'ਤੇ ਹਵਾਈ ਜਹਾਜ਼ ਰਾਹੀਂ ਘਰੋਂ ਘਰੀ ਸੁਰਖਿਅਤ ਪਹੁੰਚਾ ਕੇ ਸਿੱਖਾਂ ਦਾ ਦੂਜੇ ਧਰਮਾਂ ਦੀਆਂ ਬੱਚੀਆਂ ਪ੍ਰਤੀ ਪਿਆਰ ਤੇ ਸਤਿਕਾਰ ਦਾ ਸਬੂਤ ਦਿੱਤਾ ਸੀ। ਹੁਣ ਸਿੱਖਾਂ ਦੀ ਲੜਕੀਆਂ ਤੇ ਪਰਿਵਾਰਾਂ ਨਾਲ ਬੇਇਨਸਾਫੀ ਹੋ ਰਹੀ ਹੈ ਜੋ ਅਸੀਂ ਬਰਦਾਸ਼ਤ ਨਹੀਂ ਕਰਾਂਗੇ। ਹਵਾਰਾ ਕਮੇਟੀ ਦੇ ਆਗੂ ਸੁਖਰਾਜ ਸਿੰਘ ਵੇਰਕਾ, ਬਲਬੀਰ ਸਿੰਘ ਹਿਸਾਰ, ਬਲਜੀਤ ਸਿੰਘ ਭਾਊ, ਗੁਰਮੀਤ ਸਿੰਘ ਬੱਬਰ, ਬਲਦੇਵ ਸਿੰਘ ਔਲਖ, ਜਸਪਾਲ ਸਿੰਘ ਪੁਤਲੀਘਰ, ਜਗਰਾਜ ਸਿੰਘ ਪੱਟੀ, ਰਘਬੀਰ ਸਿੰਘ ਭੁੱਚਰ, ਗੁਰਜੰਟ ਸਿੰਘ ਪਟਿਆਲਾ ਆਦਿ ਨੇ ਕਿਹਾ ਕਿ ਜੰਮੂ ਤੇ ਕਸ਼ਮੀਰ ਦੇ ਪੰਜਾਹ ਹਜ਼ਾਰ ਸਿੱਖਾਂ ਨੂੰ ਆਪਣੇ ਸਮਾਜਿਕ, ਧਾਰਮਿਕ ਅਤੇ ਰਾਜਸੀ ਹਕੂਕਾਂ ਦੀ ਰੱਖਿਆ ਕਰਨ ਲਈ ਜਥੇਬੰਦਕ ਹੋਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨਾਂ ਮੁਸਲਿਮ ਭਾਈਚਾਰੇ ਦੇ ਧਾਰਮਿਕ ਆਗੂਆਂ ਨੂੰ ਵੀ ਕਿਹਾ ਕਿ ਧਰਮ ਪਰਿਵਰਤਨ ਦੀ ਕਿਸੇ ਵੀ ਘਟਨਾ ਨੂੰ ਰੋਕਣ ਲਈ ਉਹ ਇਮਾਨਦਾਰੀ ਨਾਲ ਸਕਾਰਾਤਮਕ ਰੋਲ ਅਦਾ ਕਰਨ ਤਾਂ ਜੋ ਸਮਾਜ ਵਿੱਚ ਆਪਸੀ ਸਬੰਧਾਂ ਵਿੱਚ ਤਰੇੜਾਂ ਨਾ ਪੈਣ।

# ਗੁਰਦੁਆਰਾ ਅਕਾਲਜੋਤ ਦੀ ਵਿੱਤੀ ਸਹਾਇਤਾ ਲਈ ਵਿਸ਼ੇਸ਼ ਉਪਰਾਲਾ

**ਡੈਲਸ/ਟੈਕਸਸ /ਹਰਜੀਤ ਸਿੰਘ ਢੇਸੀ :** ਲੰਘੇ ਸ਼ੁੱਕਰਵਾਰ DFW Intern Sports Club ਅਤੇ ਸਿੱਖ ਰਾਈਡਰਜ਼ ਆਫ਼ ਅਮਰੀਕਾ ਵਲੋਂ ਗੁਰਦੁਆਰਾ ਅਕਾਲਜੋਤ ਗਾਰਲੈਂਡ (ਟੈਕਸਸ) ਦੀ ਵਿੱਤੀ ਸਹਾਇਤਾ ਲਈ ਰਾਤਰੀ ਭੋਜ ਦਾ ਆਯੋਜਨ, ਅਰਬਨ ਤੜਕਾ ਇੰਡੀਅਨ ਰੈਸਟੋਰੈਂਟ ਵਿਖੇ ਕੀਤਾ ਗਿਆ, ਜਿਸ ਵਿਚ ਦੋਨੋਂ ਸੰਸਥਾਵਾਂ ਦੇ ਕਾਰਜਕਾਰੀ ਡਾਇਰੈਕਟਰਜ਼ ਅਤੇ ਸ਼ਹਿਰ ਦੀਆਂ ਪ੍ਰਭਾਵਸ਼ਾਲੀ ਸ਼ਖਸੀਅਤਾਂ ਨੇ ਸ਼ਮੂਲੀਅਤ ਕੀਤੀ। ਇਸ ਮੀਟਿੰਗ ਦੌਰਾਨ ਸ. ਅਜਮੇਰ ਸਿੰਘ ਨੇ ਪਹੁੰਚੇ ਹੋਏ ਮਹਿਮਾਨਾਂ ਨੂੰ ਗੁਰਦੁਆਰਾ ਸਾਹਿਬ ਲਈ ਮਾਇਆ ਦਾਨ ਕਰਨ ਦੀ ਅਪੀਲ ਕੀਤੀ ਅਤੇ ਆਉਣ ਲਈ



ਧੰਨਵਾਦ ਕੀਤਾ।

ਇਸ ਉਪਰੰਤ ਸਥਾਨਕ ਉੱਘੇ ਕਾਰੋਬਾਰ ਸੱਜਣ ਜਿਨਾਂ ਵਿਚ ਪੈਨੀ ਸਿੱਧੂ, ਜਗਜੀਤ ਮਾਂਗਟ, ਅਜਮੇਰ ਸਿੰਘ, ਗੋਲਡੀ ਸਿੰਘ, ਸੋਨੂੰ ਢਿੱਲੋਂ, ਗੁਰਮੇਲ ਸੂਚ, ਜਸਵਿੰਦਰ ਰੰਧਾਵਾ, ਗੁਰਦੇਵ ਹੇਅਰ, ਸਨੀ ਕੁਮਾਰ ਨੇ ਦਿਲ ਖੋਲ ਕੇ ਫੰਡਰੇਜ਼ ਵਿਚ ਆਪਣਾ ਵਡਮੁੱਲਾ ਯੋਗਦਾਨ ਪਾਇਆ ਅਤੇ ਅੱਗੇ ਤੋਂ ਵੀ ਤਨੋਂ, ਮਨੋਂ ਅਤੇ ਧੰਨੋਂ ਹਰ ਤਰਾਂ ਦਾ ਸਹਿਯੋਗ ਦੇਣ ਦਾ ਭਰੋਸਾ ਦੁਆਇਆ।

ਬਾਕੀ ਸਫ਼ਾ 26 'ਤੇ

# ਸਪੈਸ਼ਲ ਟਰੇਨਾਂ ਦੇ ਨਾਂ 'ਤੇ ਮੋਦੀ ਸਰਕਾਰ ਵਲੋਂ ਕੀਤੀ ਜਾ ਰਹੀ ਹੈ ਯਾਤਰੀਆਂ ਦੀ ਲੁੱਟ : ਜਥੇ. ਬਘੌਰਾ

**ਪਟਿਆਲਾ/ਏ.ਟੀ.ਨਿਊਜ਼ :** ਭਾਰਤੀ ਕਿਸਾਨ ਯੂਨੀਅਨ ਦੇ ਪ੍ਰਚਾਰ ਸਕੱਤਰ ਜਥੇ. ਸੁਖਜੀਤ ਸਿੰਘ ਬਘੌਰਾ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵਲੋਂ ਰੂਟੀਨ ਵਿਚ ਚੱਲਣ ਵਾਲੀਆਂ ਟਰੇਨਾਂ ਬੰਦ ਕਰਕੇ ਸਪੈਸ਼ਲ ਟਰੇਨਾਂ ਦੇ ਨਾਂ 'ਤੇ ਯਾਤਰੀਆਂ ਦੀ ਲੁੱਟ ਕੀਤੀ ਜਾ ਰਹੀ ਸੀ। ਇਹ ਲੁੱਟ ਬੰਦ ਕਰਵਾਉਣ ਲਈ ਉਨਾਂ ਪ੍ਰਧਾਨ ਮੰਤਰੀ ਅਤੇ ਰੇਲ ਮੰਤਰੀ ਨੂੰ ਪੱਤਰ ਲਿਖਿਆ। ਪਿਛਲੇ ਕਈ ਮਹੀਨਿਆਂ ਵਿਚ ਕਿਸਾਨ ਅੰਦੋਲਨ ਵਿਚ ਡਟੇ ਜਥੇ. ਬਘੌਰਾ ਨੇ ਕਿਹਾ ਕਿ ਪਿਛਲੇ ਸਾਲ ਜੂਨ ਮਹੀਨੇ ਵਿਚ ਰੇਲਵੇ ਨੇ ਟਰੇਨਾਂ ਦੇ ਜੋ ਟਾਈਮ ਚਾਲੂ ਕੀਤੇ ਸਨ, ਉਨਾਂ ਨੂੰ ਸਪੈਸ਼ਲ ਟਰੇਨ ਦੱਸ ਕੇ ਯਾਤਰੀਆਂ ਪਾਸੋਂ ਡਬਲ ਕਿਰਾਇਆ ਵਸੂਲਿਆ ਜਾ ਰਿਹਾ ਹੈ ਜੋ ਕਿ ਬਿਲਕੁਲ ਨਾਜਾਇਜ਼ ਹੈ ਅਤੇ ਲੋਕਾਂ ਦੀ ਸਿੱਧੇ ਤੌਰ 'ਤੇ ਲੁੱਟ ਹੈ। ਉਨਾਂ ਕਿਹਾ ਕਿ ਲੋਕਾਂ ਤੋਂ ਸਾਧਾਰਨ ਕਿਰਾਇਆ ਲੈਣਾ ਚਾਹੀਦਾ ਹੈ ਜੋ ਕਿ ਬਜਟ ਵਿਚ ਨਿਰਧਾਰਿਤ ਕੀਤਾ ਗਿਆ ਸੀ। ਇਸ ਦੇ ਨਾਲ ਹੀ ਉਨਾਂ ਮੰਗ ਕੀਤੀ ਹੈ ਕਿ ਜੋ ਟਰੇਨਾਂ ਰਾਜਪੁਰਾ ਅਤੇ ਸਰਹਿੰਦ ਸਟੇਸ਼ਨ 'ਤੇ ਰੋਕਣ ਦੀ ਮੰਗ ਕੀਤੀ ਗਈ ਸੀ, ਇਸ ਦੇ ਬਾਵਜੂਦ ਰੇਲਵੇ ਵਿਭਾਗ ਵਲੋਂ ਸਚਖੰਡ ਐਕਸਪ੍ਰੈਸ ਟਰੇਨ ਅਤੇ ਡੀਲਕਸ ਦਾ ਰੂਟ ਜੋ ਕਿ ਸ਼ੁਰੂ ਤੋਂ ਹੀ ਅੰਮ੍ਰਿਤਸਰ ਸਾਹਿਬ ਤੋਂ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਨੂੰ ਸੀ, ਉਸ ਨੂੰ ਅੰਬਾਲਾ ਕੈਂਟ ਸਟੇਸ਼ਨ ਤੋਂ ਵਾਇਆ ਚੰਡੀਗੜ ਕਰ ਦਿੱਤਾ ਗਿਆ, ਜਿਸ ਨਾਲ ਜ਼ਿਲਾ ਪਟਿਆਲਾ ਅਤੇ ਸ੍ਰੀ ਫਤਿਹਗੜ ਸਾਹਿਬ ਦੀਆਂ ਸੰਗਤਾਂ ਨੂੰ ਕਾਫੀ ਪ੍ਰੇਸ਼ਾਨੀ ਆ ਰਹੀ ਹੈ। ਉਨਾਂ ਕਿਹਾ ਕਿ ਇਹ ਟਰੇਨ ਸਚਖੰਡ ਐਕਸਪ੍ਰੈਸ 12916/12915 ਨੂੰ ਸਪੈਸ਼ਲ ਟਰੇਨ ਦੱਸ ਕੇ ਕਿਰਾਇਆ ਵਾਧੂ ਵਸੂਲਿਆ ਜਾ ਰਿਹਾ ਹੈ, ਜਿਸ ਨਾਲ ਯਾਤਰੀਆਂ ਵਿਚ ਭਾਰੀ ਰੋਸ ਹੈ। ਉਨਾਂ ਕਿਹਾ



ਕਿ ਕੇਂਦਰ ਸਰਕਾਰ ਨੇ ਜੋ ਸਚਖੰਡ ਐਕਸਪ੍ਰੈਸ ਟਰੇਨ ਦਾ ਰੂਟ ਵੀ ਬਦਲਿਆ ਹੈ, ਉਸ ਪ੍ਰਤੀ ਵੀ ਲੋਕਾਂ ਵਿਚ ਭਾਰੀ ਰੋਸ ਹੈ। ਇਸ ਸੰਬੰਧੀ ਉਹ ਵੱਖ-ਵੱਖ ਪਾਰਟੀਆਂ ਦੇ ਐਮ. ਪੀਜ਼ ਨਾਲ ਗੱਲਬਾਤ ਕਰ ਚੁੱਕੇ ਹਨ ਪਰ ਅਜੇ ਤੱਕ ਮਸਲੇ ਦਾ ਹੱਲ ਨਹੀਂ ਹੋਇਆ। ਉਨਾਂ ਕਿਹਾ ਕਿ ਇਕ ਪਾਸੇ ਕਿਸਾਨ ਅੰਦੋਲਨ ਚੱਲ ਰਿਹਾ ਹੈ, ਦੂਜੇ ਪਾਸੇ ਸਿੱਖ ਸੰਗਤ 'ਤੇ ਅਜਿਹੇ ਆਰਥਿਕ ਬੋਝ ਪਾਏ ਜਾ ਰਹੇ ਹਨ, ਜਿਨਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਜਾਰਜ ਫਲਾਇਡ ਹੱਤਿਆ ਮਾਮਲੇ ਵਿਚ ਸਾਬਕਾ ਪੁਲਿਸ ਅਧਿਕਾਰੀ ਡੈਰਕ ਚੌਵਿਨ ਨੂੰ ਸਾਢੇ ੨੨ ਸਾਲ ਕੈਦ

## ਪੀੜਤ ਪਰਿਵਾਰ ਨੇ ਘੱਟ ਸਜ਼ਾ ਦੇਣ ਲਈ ਅਦਾਲਤ ਦੀ ਕੀਤੀ ਅਲੋਚਨਾ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਮਿਨੀਆਪੋਲਿਸ ਦੇ ਸਾਬਕਾ ਪੁਲਿਸ ਅਧਿਕਾਰੀ ਡੈਰਕ ਚੌਵਿਨ ਨੂੰ ਜਾਰਜ ਫਲਾਇਡ ਹੱਤਿਆ ਮਾਮਲੇ ਵਿਚ ਅਦਾਲਤ ਨੇ ਸਾਢੇ 22 ਸਾਲ ਕੈਦ ਦੀ ਸਜ਼ਾ ਸੁਣਾਈ ਹੈ। 45 ਸਾਲਾ ਚੌਵਿਨ ਨੂੰ ਤਕਰੀਬਨ 15 ਸਾਲ ਜੇਲ ਦੀਆਂ ਸਲਾਖਾਂ ਪਿੱਛੇ ਕੱਟਣੇ ਪੈਣਗੇ। ਹੈਨੇਪਿਨ ਕਾਊਂਟੀ ਅਦਾਲਤ ਦੇ ਜੱਜ ਪੀਟਰ ਕਾਹਿਲ ਨੇ ਆਪਣਾ ਫੈਸਲਾ ਸੁਣਾਉਂਦਿਆਂ ਕਿਹਾ ਕਿ 'ਮੇਰਾ ਨਿਰਨਾ ਜਜ਼ਬਾਤਾਂ ਜਾਂ ਹਮਦਰਦੀ ਉਪਰ ਅਧਾਰਤ ਨਹੀਂ ਹੈ ਫਿਰ ਵੀ ਮੈਂ ਮਾਮਲੇ ਨਾਲ ਜੁੜੇ ਸਾਰੇ ਪਰਿਵਾਰਾਂ ਖਾਸ ਤੌਰ 'ਤੇ ਫਲਾਇਡ ਪਰਿਵਾਰ ਨੂੰ ਪਹੁੰਚੇ ਗਹਿਰੇ ਸਦਮੇ ਨੂੰ ਪ੍ਰਵਾਨ ਕਰਦਾ ਹਾਂ।' ਜੱਜ ਨੇ ਹੋਰ ਕਿਹਾ ਚੌਵਿਨ ਨੇ ਭਰੋਸਾ ਤੋੜਿਆ ਹੈ ਤੇ ਉਹ ਫਲਾਇਡ ਨਾਲ ਬਹੁਤ ਹੀ ਕਰੂਰਤਾ ਨਾਲ ਪੇਸ਼ ਆਇਆ। ਚੌਵਿਨ ਨੂੰ ਇਸ ਸਾਲ ਅਪ੍ਰੈਲ ਵਿਚ ਅਦਾਲਤ ਨੇ 46 ਸਾਲਾ ਫਲਾਇਡ ਦੀ ਸੈਕਿੰਡ ਤੇ ਥਰਡ ਡਿਗਰੀ ਹੱਤਿਆ ਲਈ ਦੋਸ਼ੀ ਕਰਾਰ ਦਿੱਤਾ ਸੀ ਤੇ ਉਸ ਨੂੰ ਜਿਨਾਂ ਧਾਰਾਵਾਂ ਤਹਿਤ ਦੋਸ਼ੀ



ਸਜ਼ਾ ਸੁਣਨ ਸਮੇ ਅਦਾਲਤ ਵਿਚ ਖੜਾ ਡੈਰਕ ਚੌਵਿਨ

ਠਹਿਰਾਇਆ ਗਿਆ ਸੀ, ਉਨਾਂ ਤਹਿਤ 30 ਸਾਲ ਤੱਕ ਸਜ਼ਾ ਹੋ ਸਕਦੀ ਸੀ। ਫਲਾਇਡ ਪਰਿਵਾਰ ਦੇ ਮੈਂਬਰਾਂ, ਵਕੀਲਾਂ ਤੇ ਸਮਾਜਿਕ ਕਾਰਕੁੰਨਾਂ ਨੇ ਚੌਵਿਨ ਪ੍ਰਤੀ ਵਰਤੀ ਨਰਮੀ ਲਈ ਅਦਾਲਤ ਦੀ ਅਲੋਚਨਾ ਕਰਦਿਆਂ ਕਿਹਾ ਹੈ ਕਿ ਉਹ ਦਿੱਤੀ ਗਈ ਸਜ਼ਾ ਨਾਲ ਸੰਤੁਸ਼ਟ ਨਹੀਂ ਹਨ। ਜਾਰਜ ਫਲਾਇਡ ਦੇ ਭਤੀਜੇ ਬਰੈਨਡਨ ਵਿਲਿਅਮਜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਢੇ 22 ਸਾਲ ਸਜ਼ਾ ਕਾਫੀ ਨਹੀਂ ਹੈ। ਉਨਾਂ ਕਿਹਾ ਕਿ ਘੱਟ ਸਜ਼ਾ ਦੇ ਕੇ ਅਸੀਂ ਦੇਸ਼ ਨੂੰ ਕਿਸ ਤਰਾਂ ਦਾ ਸੰਦੇਸ਼ ਦੇਣਾ ਚਹੁੰਦੇ ਹਾਂ? ਦੂਸਰੇ ਪਾਸੇ ਮਿਨੀਏਸੋਟਾ ਦੇ ਅਟਾਰਨੀ ਜਨਰਲ ਕੀਥ ਐਲੀਸਨ ਨੇ ਸਜ਼ਾ ਨੂੰ 'ਦੇਸ਼ ਲਈ ਅਹਿਮ ਪਲ' ਕਿਹਾ ਹੈ। ਉਨਾਂ ਕਿਹਾ ਕਿ ਮਾਮਲੇ ਦਾ ਨਤੀਜਾ ਵਿਸ਼ੇਸ਼ ਮਹੱਤਵ ਰੱਖਦਾ ਹੈ ਪ੍ਰੰਤੂ ਇਹ ਆਪਣੇ ਆਪ ਵਿਚ ਕਾਫੀ ਨਹੀਂ ਹੈ। ਸਮਾਜ ਨੂੰ ਬਦਲਣ ਲਈ ਸਾਨੂੰ ਬਹੁਤ ਕੁਝ ਕਰਨਾ ਪਵੇਗਾ। ਇਸ ਨਿਰਨੇ ਨੇ ਇਕ ਰਾਹ ਵਿਖਾਇਆ ਹੈ ਜੋ ਰਾਹ ਨਿਆਂ ਵੱਲ ਜਾਂਦਾ ਹੈ।' ਨਿਰਨੇ ਤੋਂ ਪਹਿਲਾਂ ਅਦਾਲਤ ਵਿਚ ਚੌਵਿਨ ਨੇ ਫਲਾਇਡ ਦੇ ਪਰਿਵਾਰ ਪ੍ਰਤੀ ਹਮਦਰਦੀ ਜਰੂਰ ਪ੍ਰਗਟਾਈ ਪ੍ਰੰਤੂ ਆਪਣੇ ਗੁਨਾਹ ਲਈ ਮੁਆਫੀ ਨਹੀਂ ਮੰਗੀ।

# ਢੱਡਰੀਆਂ ਵਾਲੇ ਲੰਗਾਹ ਨੂੰ ਅਕਾਲ ਤਖ਼ਤ ਤੋਂ ਮੁਆਫ਼ੀ ਦੇਣ ਦੇ ਹੱਕ ਵਿਚ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਗੁਰਦੁਆਰਾ ਪਰਮੇਸ਼ਰ ਦੁਆਰ ਦੇ ਮੁੱਖ ਸੰਚਾਲਕ ਭਾਈ ਰਣਜੀਤ ਸਿੰਘ ਢੱਡਰੀਆਂ ਨੇ ਪੰਥ 'ਚੋਂ ਛੇਕੇ ਗਏ ਸਾਬਕਾ ਕੈਬਨਿਟ ਮੰਤਰੀ ਸੁੱਚਾ ਸਿੰਘ ਲੰਗਾਹ ਦੇ ਹੱਕ 'ਚ ਨਿਤਰਦੇ ਹੋਏ ਦਿਖਾਈ ਦਿੱਤੇ। ਉਨਾਂ ਕਿਹਾ ਕਿ ਸੁੱਚਾ ਸਿੰਘ ਲੰਗਾਹ ਪਿਛਲੇ 70 ਦਿਨਾਂ ਤੋਂ ਨੰਗੇ ਪੈਰੀਂ ਅਕਾਲ ਤਖ਼ਤ ਸਾਹਿਬ ਵਿਖੇ ਪੁੱਜ ਕੇ ਆਪਣੀ ਭੁੱਲ ਬਖਸ਼ਾਉਣ ਅਤੇ ਪੰਥ 'ਚ ਵਾਪਸੀ ਦੀ ਫਰਿਆਦ ਲੈ ਕੇ ਆ ਰਹੇ ਹਨ, ਪਰ ਸਿੱਖ ਪੰਥ ਦੀ ਮਰਿਆਦਾ ਅਨੁਸਾਰ ਉਨਾਂ ਦੀ ਭੁੱਲ ਬਖਸ਼ਣ ਨੂੰ ਤਰਜੀਹ ਨਹੀਂ ਦਿੱਤੀ ਜਾ ਰਹੀ। ਉਨਾਂ ਕਿਹਾ ਕਿ ਮੁੱਢ ਕਦੀਮ ਤੋਂ ਹੀ ਸਿੱਖ ਧਰਮ ਦੀ ਮਰਿਆਦਾ ਰਹੀ ਹੈ ਕਿ ਜੇਕਰ ਕੋਈ ਵੱਡੇ ਤੋਂ ਵੱਡਾ ਗੁਨਾਹ ਕਰ ਕੇ ਵੀ ਅਕਾਲ ਤਖ਼ਤ ਸਾਹਿਬ ਦੀ ਸ਼ਰਨ ਆਇਆ ਹੈ ਤਾਂ ਉਸ ਨੂੰ ਮੁਆਫੀ ਜ਼ਰੂਰ ਮਿਲਦੀ ਰਹੀ ਹੈ। ਦੂਜੇ ਪਾਸੇ ਪੰਥਕ ਹਲਕਿਆਂ ਵਿਚ ਆਮ ਵਿਚਾਰ ਹੈ ਕਿ ਕਿਰਦਾਰ ਤੋਂ ਡਿਗਣਾ ਲੰਗਾਹ ਦਾ ਵੱਡਾ ਗੁਨਾਹ ਹੈ, ਮਾਫੀਯੋਗ ਨਹੀਂ। ਲੰਗਾਹ ਨੂੰ ਜੇ ਮਾਫੀ ਦੇਣੀ ਹੈ ਤਾਂ ਉਸ ਉਪਰ ਧਾਰਮਿਕ ਰਾਜਨੀਤਕ ਗਤੀਵਿਧੀਆਂ ਤੇ ਚੋਣ ਲੜਨ ਉਪਰ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ ਤਾਂ ਕੋਈ ਇਹ ਨਾ ਕਹਿ ਸਕੇ ਕਿਰਦਾਰ ਤੋਂ ਡਿੱਗੇ ਲੋਕ ਪੰਥ ਦੀ ਅਗਵਾਈ ਕਰ ਸਕਦੇ ਹਨ।

# ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਕਸ਼ਮੀਰੀ ਲੜਕੀਆਂ ਦੇ ਮਾਮਲੇ ਵਿੱਚ ਇਕ-ਪਾਸੜ ਦਖਲ ਅਕਾਲ ਤਖ਼ਤ ਦੀ ਨਿਰਾਦਰੀ : ਕੇਂਦਰੀ ਸਿੰਘ ਸਭਾ

**ਚੰਡੀਗੜ/ਏ.ਟੀ.ਨਿਊਜ਼ :** ਕਸ਼ਮੀਰੀ ਕੁੜੀਆਂ ਦੇ ਮੁਸਲਮਾਨ ਨਾਲ ਕਥਿਤ ਵਿਆਹ ਅਤੇ ਧਰਮ-ਬਦਲੀ ਦੇ ਸਬੰਧ ਵਿੱਚ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਜੰਮੂ-ਕਸ਼ਮੀਰ ਦੇ ਲੈਫਟੀਨੈਂਟ ਗਵਰਨਰ ਨੂੰ ਚਿੱਠੀ ਲਿਖ ਕੇ, ਧਰਮ-ਬਦਲੀ ਵਿਰੋਧੀ ਕਾਨੂੰਨ ਬਣਾਉਣ ਉੱਤੇ ਜ਼ੋਰ ਦੇਣਾ, ਸੰਘ ਪਰਵਾਰ ਦੇ 'ਲਵ-ਜਹਾਦ' ਸਿਆਸੀ ਹਥਿਆਰ ਦੇ ਹੱਕ ਵਿੱਚ ਭੁਗਤਣਾ ਹੈ।

ਕੇਂਦਰੀ ਸਿੰਘ ਸਭਾ ਨਾਲ ਜੁੜੇ ਸਿੱਖ ਬੁੱਧੀਜੀਵੀਆਂ ਨੇ ਕਿਹਾ ਕਿ 26 ਜੂਨ ਨੂੰ ਲਿਖੇ ਪੱਤਰ ਵਿੱਚ, ਜਥੇਦਾਰ ਨੇ ਕਸ਼ਮੀਰੀ ਕੁੜੀਆਂ ਦੇ ਕੇਸ ਵਿੱਚ ਸਚਾਈ ਦੀ ਪੜਤਾਲ ਕੀਤੇ ਬਗੈਰ ਦਿੱਲੀ ਦੇ ਮਨਜਿੰਦਰ ਸਿੰਘ ਸਿਰਸਾ ਵਰਗੇ ਸਿੱਖ ਲੀਡਰਾਂ ਦੇ ਸਿਆਸੀ ਬਿਆਨਾਂ ਅਤੇ ਭਾਜਪਾ ਪੱਖੀ ਪਰਵਚਨਾ ਨੂੰ 'ਪੂਰਨ ਸੱਚ' ਬਣਾ ਕੇ ਪੇਸ਼ ਕਰ ਦਿੱਤਾ ਹੈ।

ਇਸ ਤੋਂ ਇਲਾਵਾ ਜਥੇਦਾਰ ਨੇ ਲੈਫਟੀਨੈਂਟ ਗਵਰਨਰ ਨੂੰ ਚਿੱਠੀ ਵਿੱਚ 'ਹਿਜ ਐਕਸੀਲੈਂਸੀ' ਕਹਿ ਕੇ ਸੰਬੋਧਨ ਕੀਤਾ ਹੈ ਜਿਹੜਾ ਕਿ ਸਿੱਖਾਂ ਦੇ ਸਰਵਉੱਚ ਸਿਆਸੀ-ਧਾਰਮਿਕ ਸਥਾਨ ਅਕਾਲ ਤਖ਼ਤ ਦੀ ਮਾਨ-ਮਰਿਯਾਦਾ ਨੂੰ ਠੇਸ ਪਹੁੰਚਾਉਂਦਾ ਹੈ। ਅਕਾਲ ਤਖ਼ਤ ਜਥੇਦਾਰ ਸਿੱਖਾਂ ਲਈ ਹਰ ਵੱਡੇ ਤੋਂ ਵੱਡੇ ਦੁਨਿਆਵੀਂ ਅਹੁਦੇ ਤੋਂ ਉਪਰ ਅਤੇ ਸਿਰਫ ਅਕਾਲ ਪੁਰਖ ਦੀ ਵਡਿਆਈ ਨੂੰ ਸਮਰਪਤ ਹੈ। ਪੱਤਰ ਵਿੱਚ ਜਥੇਦਾਰ ਵੱਲੋਂ ਉਤਰ ਪ੍ਰਦੇਸ਼ ਦੀ ਤਰਜ਼ ਉੱਤੇ ਧਰਮ-ਪਰਿਵਰਤਨ ਵਿਰੋਧੀ ਕਾਨੂੰਨ ਬਣਾਉਣ ਦੀ ਵਕਾਲਤ ਕਰਕੇ, ਸਮੂਹ ਸਿੱਖ ਸਮਾਜ ਉੱਤੇ ਭਾਜਪਾ ਦਾ ਸਿਆਸੀ ਏਜੰਡਾ ਠੋਸਣ ਦਾ ਯਤਨ ਕੀਤਾ ਹੈ। ਚਿੱਠੀ ਦੀ ਸ਼ਬਦਾਬਲੀ ਤੋਂ ਪ੍ਰਤੀਤ ਹੁੰਦਾ ਹੈ ਕਿ ਕਿਸੇ ਭਾਜਪਾਈ ਸਿੱਖ ਲੀਡਰ ਨੇ ਦਿੱਲੀ ਵਿੱਚੋਂ ਹੀ 'ਡਰਾਫਟ' ਤਿਆਰ ਕਰਕੇ ਭੇਜਿਆ। ਦੋ ਦਿਨਾਂ ਬਾਅਦ ਉਸੇ ਹੀ ਤਰਜ਼ ਉੱਤੇ ਰਾਸ਼ਟਰੀ ਸਿੱਖ ਸੰਗਤ ਵੱਲੋਂ ਪੰਜਾਬ ਦੇ ਗਵਰਨਰ ਨੂੰ ਮੰਗ ਪੱਤਰ ਦੇ ਕੇ, ਧਰਮ-ਪਰਿਵਰਤਨ ਰੋਕਣ ਬਾਰੇ ਕਾਨੂੰਨ ਬਣਾਉਣ ਦੀ ਮੰਗ ਕੀਤੀ ਗਈ ਹੈ।

ਅਸੀਂ ਜਥੇਦਾਰ ਨੂੰ ਅਪੀਲ ਕਰਦੇ ਹਾਂ ਕਿ ਅਕਾਲ ਤਖ਼ਤ ਦੀ ਮਾਦ-ਮਰਯਾਦਾ ਨੂੰ ਧਿਆਨ ਵਿੱਚ ਰੱਖਦਿਆਂ ਸਿਆਸੀ ਵਿਅਕਤੀਆਂ ਦੇ ਕਹਿਣ ਉੱਤੇ, ਕਿਸੇ ਵੀ ਕੇਸ ਵਿੱਚ ਸਿੱਧਾ ਬਿਆਨ ਜਾਰੀ ਕਰਨ ਤੋਂ ਗੁਰੇਜ਼ ਕਰਨ। ਇਸ ਤਰਾਂ ਕਰਨਾ ਅਹੁਦੇ ਦੀ ਤੌਹੀਨ ਹੈ। ਇਸ ਤੋਂ ਇਲਾਵਾ ਜਥੇਦਾਰ ਵੱਲੋਂ ਸਿਆਸੀ ਪਾਰਟੀ ਨਾਲ ਜੁੜੇ ਲੀਡਰਾਂ ਨੂੰ ਕਸ਼ਮੀਰੀ ਸਿੱਖ ਲੜਕੀਆਂ ਦੇ ਕੇਸ ਦੀ ਜਾਂਚ-ਪੜਤਾਲ ਵਾਸਤੇ ਚੁਣਨਾ ਨਿਰਪੱਖਤਾ ਨੂੰ ਤਿਲਾਂਜਲੀ ਦੇਣਾ ਅਤੇ ਗੈਰ-ਸਿਧਾਂਤਕ ਹੈ।

ਜਸਪਾਲ ਸਿੰਘ ਸਿੱਧੂ ਪੱਤਰਕਾਰ, ਰਾਜਵਿੰਦਰ ਸਿੰਘ ਰਾਹੀ, ਗੁਰਬਚਨ ਸਿੰਘ ਸੰਪਾਦਕ ਦੇਸ ਪੰਜਾਬ, ਡਾ. ਕੁਲਦੀਪ ਸਿੰਘ ਸਰਜਨ ਪਟਿਆਲਾ, ਪ੍ਰੋਫੈਸਰ ਬਾਵਾ ਸਿੰਘ ਕੌਮੀ ਘੱਟ ਗਿਣਤੀਆਂ ਕਮਿਸ਼ਨ, ਰਜਿੰਦਰ ਸਿੰਘ (ਖਾਲਸਾ ਪੰਚਾਇਤ), ਡਾ. ਪਿਆਰੇ ਲਾਲ ਗਰਗ, ਇੰਜ. ਗੁਰਪਾਲ ਸਿੰਘ ਸਿੱਧੂ, ਪ੍ਰੋਫੈਸਰ ਮਨਜੀਤ ਸਿੰਘ, ਗੁਰਪ੍ਰੀਤ ਸਿੰਘ ਪ੍ਰਧਾਨ ਗਲੋਬਲ ਸਿੱਖ ਕੌਂਸਲ, ਸੁਰਿੰਦਰ ਸਿੰਘ ਕਿਸ਼ਨਪੁਰਾ ਅਤੇ ਨਵਤੇਜ਼ ਸਿੰਘ ਵਲੋਂ ਇਹ ਸਾਂਝਾ ਬਿਆਨ ਦਿੱਤਾ ਗਿਆ।

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਉਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ




28421 S CHRISMAN RD, UNIT# 3, TRACY, CA
ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# ਤਾਂਤਰਿਕ ਦੇ ਕਹਿਣ 'ਤੇ ਚਾਚੇ ਨੇ ਕੀਤੀ 15 ਦਿਨ ਦੀ ਭਤੀਜੀ ਦੀ ਹੱਤਿਆ

**ਗੁਰਦਾਸਪੁਰ/ਏ.ਟੀ.ਨਿਊਜ਼ :** ਪਾਕਿ ਦੇ ਕਸਬਾ ਟਂਡਿਆਨਵਾਲ ਨਿਵਾਸੀ ਇਕ ਵਿਅਕਤੀ ਵਲੋਂ ਕਿਸੇ ਤਾਂਤਰਿਕ ਦੇ ਕਹਿਣ 'ਤੇ ਆਪਣੀ 15 ਦਿਨ ਦੀ ਭਤੀਜੀ ਦਾ ਕਤਲ ਕਰ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਤਾਂਤਰਿਕ ਨੇ ਕਿਹਾ ਕਿ ਇਹ ਕੁੜੀ ਜਦੋਂ ਤੱਕ ਜੀਉਂਦੀ ਰਹੇਗੀ, ਉਦੋਂ ਤੱਕ ਇਹ ਪਰਿਵਾਰ ਲਈ ਕਈ ਮੁਸੀਬਤਾਂ ਲੈ ਕੇ ਆਵੇਗੀ। ਕਤਲ ਕਰਨ ਦੇ ਦੋਸ਼ 'ਚ ਪੁਲਿਸ ਨੇ ਦੋਸ਼ੀ ਨੂੰ ਕਾਬੂ ਕਰ ਲਿਆ ਹੈ ਅਤੇ ਉਸ ਨੇ ਆਪਣਾ ਜੁਰਮ ਵੀ ਸਵੀਕਾਰ ਕਰ ਲਿਆ ਹੈ।

ਸੂਤਰਾਂ ਅਨੁਸਾਰ ਕਸਬਾ ਟਂਡਿਆਨਵਾਲ ਨਿਵਾਸੀ ਮੇਹਤਾਬ ਖਾਨ ਦੇ ਘਰ ਇਕ ਕੁੜੀ ਨੇ ਜਨਮ ਲਿਆ। ਕੁੜੀ ਦੇ ਜਨਮ ਦੇ ਦੋ ਦਿਨ ਬਾਅਦ ਮੇਹਤਾਬ ਦੀ ਮਾਂ ਦਾ ਦਿਹਾਂਤ ਹੋ ਗਿਆ, ਜਿਸ ਕਾਰਨ ਮੇਹਤਾਬ ਦੇ ਭਰਾ ਅਸਗਰ ਨੂੰ ਵਹਿਮ ਹੋ ਗਿਆ ਕਿ ਪੈਦਾ ਹੋਈ ਕੁੜੀ ਪਰਿਵਾਰ ਲਈ ਸ਼ੁੱਭ ਨਹੀਂ ਹੈ।

ਇਸ ਤੋਂ ਉਸ ਨੇ ਫੈਸਲਾਬਾਦ ਦੇ ਇਕ ਤਾਂਤਰਿਕ ਅੱਲਾ ਰੱਖਾ ਨਾਲ ਸੰਪਰਕ ਕੀਤਾ ਤਾਂ ਅੱਲਾ ਰੱਖਾ ਨੇ ਅਸਗਰ ਨੂੰ ਦੱਸਿਆ ਕਿ ਪੈਦਾ ਹੋਈ ਕੁੜੀ ਉਸ ਦੇ ਪਰਿਵਾਰ ਲਈ ਸ਼ੁੱਭ ਨਹੀਂ ਹੈ। ਜਦੋਂ ਤੱਕ ਇਹ ਕੁੜੀ ਜਿਊਂਦੀ ਰਹੇਗੀ, ਉਦੋਂ ਤੱਕ ਇਹ ਪਰਿਵਾਰ ਲਈ ਸਮੱਸਿਆਵਾਂ ਖੜੀ ਕਰਦੀ ਰਹੇਗੀ। ਬੀਤੀ ਸ਼ਾਮ ਨਵੀਂ ਪੈਦਾ ਹੋਈ ਕੁੜੀ ਜਦੋਂ ਅਚਾਨਕ ਘਰ ਤੋਂ ਕਿਤੇ ਨਾ ਮਿਲੀ ਤਾਂ ਰੌਲਾ ਪੈਣਾ ਸੁਭਾਵਿਕ ਸੀ।

ਪਰਿਵਾਰ ਨੇ ਰਾਤ ਨੂੰ ਇਸ ਸਬੰਧ 'ਚ ਪੁਲਿਸ ਨੂੰ ਸ਼ਿਕਾਇਤ ਦਰਜ ਕਰਵਾ ਦਿੱਤੀ। ਪੁਲਿਸ ਨੇ ਹਾਲਾਤ ਨੂੰ ਵੇਖਦੇ ਹੋਏ ਲਾਪਤਾ ਕੁੜੀ ਦੇ ਚਾਚੇ ਨੂੰ ਸ਼ੱਕ ਦੇ ਆਧਾਰ 'ਤੇ ਹਿਰਾਸਤ ਵਿੱਚ ਲੈ ਕੇ ਪੁੱਛਗਿਛ ਕੀਤੀ ਤਾਂ ਉਸ ਨੇ ਆਪਣਾ ਜੁਰਮ ਸਵੀਕਾਰ ਕਰਕੇ ਇਕ ਸੁੰਨਸਾਨ ਜਗਾ 'ਚ ਬਣੇ ਪੁਰਾਣੇ ਖੂਹ ਤੋਂ ਬੱਚੀ ਦੀ ਲਾਸ਼ ਬਰਾਮਦ ਕਰਵਾ ਦਿੱਤੀ। ਪੁਲਿਸ ਨੇ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਬੱਚੀ ਦੀ ਲਾਸ਼ ਪੋਸਟਮਾਰਟਮ ਦੇ ਲਈ ਫੈਸਲਾਬਾਦ ਭੇਜ ਦਿੱਤੀ।



ਸਾਡਾ ਮੰਨਣਾ ਹੈ ਕਿ ਮਾਨਸਿਕ ਤੌਰ ਉੱਤੇ ਕਮਜ਼ੋਰ ਵਿਅਕਤੀ ਆਪਣੇ ਆਪ ਨੂੰ ਕਸ਼ਟਾਂ ਤੇ ਕਰੋਪੀਆਂ ਦਾ ਸ਼ਿਕਾਰ ਹੋਇਆ ਮੰਨਦਾ ਹੈ ਅਤੇ ਇਨਾਂ ਵਿੱਚੋਂ ਨਿਕਲਣ ਲਈ ਜੋਤਸ਼ੀ, ਤਾਂਤਰਿਕਾਂ ਤੇ ਢੌਂਗੀ ਬਾਬਿਆਂ ਦਾ ਸਹਾਰਾ ਲੈਂਦਾ ਹੈ। ਇਨਾਂ ਜੋਤਸ਼ੀਆਂ ਵੱਲੋਂ ਉਪਾਅ ਦੇ ਰੂਪ ਵਿੱਚ ਕਾਗਜ਼ ਉੱਤੇ ਲਿਖੇ ਮੰਤਰ ਨੂੰ ਘੋਲ ਕੇ ਪੀਣਾ, ਵੰਨ-ਸੁਵੰਨੇ ਤਵੀਤਾਂ ਨੂੰ ਸਰੀਰ ਦੇ ਅੰਗਾਂ ਨਾਲ ਬੰਨਣਾ, ਰੰਗ ਬਿਰੰਗੇ ਧਾਗਿਆਂ ਨੂੰ ਗੰਢਾਂ ਦੇ ਕੇ ਗੁੱਟਾਂ ਉੱਤੇ ਬੰਨਣਾ, ਸੰਧੂਰ ਪਤਾਸੇ ਮਿਰਚਾਂ ਨਾਰੀਅਲ ਦੀ ਸਮੱਗਰੀ ਨੂੰ ਚੁਰਸਤੇ ਵਿੱਚ ਰੱਖਣਾ (ਟੂਣਾ ਕਰਨਾ) ਤੇ ਨਾਰੀਅਲ ਨੂੰ ਵਗਦੇ ਪਾਣੀ ਵਿੱਚ ਰੋੜਨਾ ਕਈ ਤਰਾਂ ਦੇ ਢਕਵੰਜ ਦੱਸੇ ਜਾਂਦੇ ਹਨ, ਜਿਨਾਂ ਵਿੱਚ ਫਸ ਕੇ ਵਿਅਕਤੀ ਮਾਨਸਿਕ ਰੋਗੀ ਹੋਣ ਦੇ ਨਾਲ ਆਪਣੀ ਆਰਥਿਕ ਲੁੱਟ ਕਰਾ ਬੈਠਦਾ ਹੈ ਤੇ ਕਈ ਵਾਰ ਕਤਲ ਕਰਨ ਵਰਗੇ ਕਰਾਈਮ ਵਿਚ ਫਸ ਜਾਂਦਾ ਹੈ। ਕਪਟ ਨਾਲ ਭਰੇ ਇਹ ਤਾਂਤਰਿਕ ਬਾਬੇ ਅਜਿਹੀ ਸਥਿਤੀ ਵਿੱਚ ਫਸੇ ਗਿਆਨ ਤੋਂ ਹੀਣੇ, ਪੜੇ ਲਿਖੇ ਮੂਰਖ ਤੇ ਭੋਲੇ ਭਾਲੇ ਲੋਕਾਂ ਨੂੰ ਮਾਨਸਿਕ ਪ੍ਰੇਸ਼ਾਨੀਆਂ ਵਿੱਚੋਂ ਕੱਢ ਕੇ ਤੇ ਸੁੱਖ-ਸ਼ਾਂਤੀ ਦੀਆਂ ਦਾਤਾਂ ਦੇਣ ਦੇ ਇਵਜ਼ ਵਿੱਚ ਉਨਾਂ ਦੇ ਧਨ ਦੀ ਖ਼ੂਬ ਲੁੱਟ ਕਰਦੇ ਹਨ। ਪਰ ਬੜੇ ਅਫਸੋਸ ਦੀ ਗੱਲ ਹੈ ਕਿ ਲੋਕ ਅੱਜ ਵੀ ਛੋਟੀਆਂ-ਮੋਟੀਆਂ ਤਕਲੀਫਾਂ ਤੋਂ ਮੁਕਤ ਹੋਣ ਲਈ ਇਨਾਂ ਦੇ ਦਫਤਰਾਂ ਅੱਗੇ ਕਤਾਰਾਂ ਬਣਾ ਕੇ ਆਪਣਾ ਸਰਮਾਇਆ ਲੁਟਾ ਰਹੇ ਹਨ।

ਜੇ ਵਹਿਮਾਂ-ਭਰਮਾਂ ਦੇ ਮੂਲ ਦੀ ਗੱਲ ਕਰੀਏ ਤਾਂ ਇਨਾਂ ਦੀ ਆਪਣੀ ਕੋਈ ਰੂਪ ਰੇਖਾ ਨਹੀਂ ਤੇ ਇਹ ਮੁੱਢ ਤੋਂ ਅੰਤ ਤੱਕ ਸਭ ਬੇਬੁਨਿਆਦ ਹਨ। ਸਾਡੇ ਧਾਰਮਿਕ ਗ੍ਰੰਥ ਇਨਾਂ ਅੰਧ-ਵਿਸ਼ਵਾਸਾਂ ਦਾ ਮੁੱਢ ਤੋਂ ਹੀ ਖੰਡਨ ਕਰਦੇ ਹਨ ਤੇ ਸਾਨੂੰ ਇਨਾਂ ਵਿੱਚੋਂ ਨਿਕਲ ਕੇ ਉਚਾ ਸੁੱਚਾ ਜੀਵਨ ਬਤੀਤ ਕਰਨ ਨੂੰ ਪ੍ਰੇਰਦੇ ਹਨ। ਸਾਡੀ ਇਹ ਵੱਡੀ ਬਦਕਿਸਮਤੀ ਹੈ ਕਿ ਅਸੀਂ ਧਾਰਮਿਕ ਗ੍ਰੰਥਾਂ ਨੂੰ ਬੜੀ ਸ਼ਰਧਾ ਨਾਲ ਮੰਨਦੇ ਹਾਂ, ਪਰ ਇਨਾਂ ਦੀ ਵਿਚਾਰਧਾਰਾ ਨੂੰ ਦਿਲੋਂ ਨਹੀਂ ਸਵੀਕਾਰਦੇ। ਸਾਨੂੰ ਸਭ ਨੂੰ ਚਾਹੀਦਾ ਹੈ ਕਿ ਅਸੀਂ ਸੋਚ ਨੂੰ ਉਸਾਰੂ ਕਰੀਏ ਤੇ ਵਹਿਮਾਂ-ਭਰਮਾਂ ਦੇ ਮਾਨਸਿਕ ਤੌਰ ਉੱਤੇ ਗੁਲਾਮ ਨਾ ਹੋ ਕੇ ਇਨਾਂ ਪ੍ਰਤੀ ਜਾਗਰੂਕ ਹੋਈਏ।

# ਜ਼ੀਰੋ (ZERO) ਫੀਸ ਨਾਲ ਜਾਣੇ ਜਾਂਦੇ ਕੰਵਰ ਸਤਨਾਮ ਸਿੰਘ ਖਾਲਸਾ ਸਕੂਲ ਦੀ ਹੋਈ ਅਹਿਮ ਮੀਟਿੰਗ : ਖਾਲਸਾ

## ਕਿਸੇ ਲੋੜਵੰਦ ਬੱਚੇ ਦੀ ਸਿੱਖਿਆ ਦਾ ਪ੍ਰਬੰਧ ਕਰ ਕੇ ਅਸੀਂ ਉਸ ਬੱਚੇ ਦਾ ਭਵਿੱਖ ਸੁਧਾਰ ਸਕਦੇ ਹਾਂ



**ਜਲੰਧਰ/ਏ.ਟੀ.ਨਿਊਜ਼ :** ਜਲੰਧਰ ਸ਼ਹਿਰ ਵਿੱਚ ਜ਼ੀਰੋ ਫੀਸ ਨਾਲ ਜਾਣੇ ਜਾਂਦੇ ਕੰਵਰ ਸਤਨਾਮ ਸਿੰਘ ਖਾਲਸਾ ਸਕੂਲ ਬਸਤੀ ਸ਼ੇਖ ਜਲੰਧਰ ਦੀ ਸਕੂਲ ਕਮੇਟੀ ਦੀ ਮੀਟਿੰਗ ਪ੍ਰਮਿੰਦਰਪਾਲ ਸਿੰਘ ਖਾਲਸਾ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਸਕੂਲ ਸਟਾਫ ਵੱਲੋਂ ਕੋਰੋਨਾ ਕਾਲ ਦੌਰਾਨ ਵੀ ਬੱਚਿਆਂ ਨੂੰ ਕਰਵਾਈ ਜਾ ਰਹੀ ਆਨਲਾਈਨ ਪੜਾਈ ਤੇ ਤਸੱਲੀ ਪ੍ਰਗਟ ਕੀਤੀ ਗਈ। ਸਕੂਲ ਕਮੇਟੀ ਦੇ ਮੁੱਖ ਸੇਵਾਦਾਰ ਸ. ਪ੍ਰਮਿੰਦਰਪਾਲ ਸਿੰਘ ਖਾਲਸਾ ਵਲੋਂ ਸਕੂਲ ਸਟਾਫ਼, ਬੱਚਿਆਂ, ਆਸ ਪਾਸ ਦੇ ਦੁਕਾਨਦਾਰਾਂ ਅਤੇ ਰਾਹਗੀਰਾਂ ਲਈ ਸਕੂਲ ਦੇ ਮੁੱਖ ਦੁਆਰ ਤੇ ਵੱਡਾ ਵਾਟਰ ਕੂਲਰ ਲਗਵਾਉਣ ਲਈ ਭੇਂਟ ਕੀਤਾ ਗਿਆ। ਇਸ ਮੀਟਿੰਗ ਵਿੱਚ ਸ. ਅਰਵਿੰਦਰਪਾਲ ਸਿੰਘ ਸੀ ਏ ਦੀਆਂ ਸਕੂਲ ਅਤੇ ਪੰਥ ਨੂੰ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੀ ਭਰਪੂਰ ਸਰਾਹਨਾ ਕੀਤੀ ਗਈ। ਉਨਾਂ ਨੂੰ 'ਸਿੱਖ ਸੇਵਕ ਸੋਸਾਇਟੀ ਇੰਟਰਨੈਸ਼ਨਲ' ਵਲੋਂ ਪ੍ਰਕਾਸ਼ਤ ਪੁਸਤਕ **who are sikhs,** ਸਕੂਲ ਦੇ ਡਾਇਰੈਕਟਰ ਦਲਬੀਰ ਸਿੰਘ ਰਿਆੜ ਵਲੋਂ ਲਿਖੀ ਗਈ ਪੁਸਤਕ 'ਵਿੱਚ ਤਲਵੰਡੀ ਚਾਨਣ ਹੋਇਆ' ਅਤੇ ਇੱਕ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ। ਮੀਟਿੰਗ ਵਿੱਚ ਸ. ਬਲਜੀਤ ਸਿੰਘ, ਸ. ਹਰਦੇਵ ਸਿੰਘ, ਸ. ਸੰਦੀਪ ਸਿੰਘ ਬੰਨੀ, ਸ. ਸੁਖਮਿੰਦਰ ਸਿੰਘ ਦਿੱਲੀ ਪੇਂਟ ਵਾਲੇ, ਸ. ਪ੍ਰੇਮ ਸਿੰਘ, ਸ. ਗੁਰਪ੍ਰੀਤ ਸਿੰਘ ਸ਼ਾਮਲ ਹੋਏ।


When tired of all treatments for any disease at any age TRY

HOMEOPATHIC

EXPERIENCED CONSULTANT PHYSICIAN SINCE 1973

ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਉਪੈਥੀ ਅਜਮਾਉ

WE SELL HOMEOPATHY MEDICINES

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ





GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA

American Red Cross
Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com

ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਣਨ ਲਈ ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ
(Download Sub Rang Radio station application)



Homeopathicvibes

We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....





Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)



CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ





ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



Allstate You're in good hands.

ALL STATE INSURANCE

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS





Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਮਾਮਲਾ ਪੰਜਾਬ ਵਿੱਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦਾ

## ✪ ਆਪ ਸੁਪਰੀਮੋ ਪੰਜਾਬ ਵਿਚ ਦਿਖਾਉਣ ਲਗੇ ਜੁਮਲੇਬਾਜੀ ✪ ਅਖੇ ਹਰ ਪੰਜਾਬੀ ਦੇ ਘਰ ਦਾ ਬਿਜਲੀ ਬਿੱਲ 300 ਯੂਨਿਟ ਤੱਕ ਮੁਫਤ ਕੀਤੇ ਜਾਣਗੇ ✪ ਪੰਜਾਬ ਦੀ ਸਿਆਸੀ ਪਾਰਟੀਆਂ ਲੋਕ ਮੁੱਦਿਆਂ ਤੋਂ ਭਟਕੀਆਂ

**ਜਲੰਧਰ/ਏ.ਟੀ.ਨਿਊਜ਼** : ਪੰਜਾਬ ਵਿੱਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਅਖਾੜਾ ਮਘਣਾ ਸ਼ੁਰੂ ਹੋ ਗਿਆ ਹੈ । ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਬਸਪਾ ਨਾਲ ਗਠਜੋੜ- ਕਰਕੇ ਹੋਰ ਭਾਈਵਾਲਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਕਾਂਗਰਸ ਨੇ ਵੀ ਆਪਣੀਆਂ ਗੋਟੀਆਂ ਵਿਛਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ । ਆਪ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਵੀ ਚੰਡੀਗੜ ਵਿੱਚ ਪ੍ਰੈੱਸ ਕਾਨਫਰੰਸ ਕਰਕੇ ਵਾਅਦਿਆਂ ਦਾ ਛੱਟਾ ਦੇ ਗਏ ਹਨ । ਉਨਾਂ ਹੋਰ ਵਾਅਦਿਆਂ ਦੇ ਨਾਲ-ਨਾਲ ਹਰ ਪੰਜਾਬੀ ਦੇ ਘਰ ਦਾ ਬਿਜਲੀ ਬਿੱਲ 300 ਯੂਨਿਟ ਤੱਕ ਮੁਫਤ ਕੀਤੇ ਜਾਣ ਦਾ ਐਲਾਨ ਕੀਤਾ ਹੈ।

ਜੇਕਰ ਅਸੀਂ ਬੀਤੇ ਵਕਤ ਦੀ ਗੱਲ ਕਰੀਏ ਤਾਂ ਇੱਕ ਸਮਾਂ ਸੀ, ਜਦੋਂ ਪਾਰਟੀਆਂ ਵੱਲੋਂ ਚੋਣਾਂ ਵਿਕਾਸਮੁਖੀ ਵਾਅਦਿਆਂ ਉੱਤੇ ਲੜੀਆਂ ਜਾਂਦੀਆਂ ਸਨ । ਉਸ ਸਮੇਂ ਲੋਕਾਂ ਦੀਆਂ ਮੰਗਾਂ, ਪਿੰਡ ਲਈ ਲਿੰਕ ਸੜਕ, ਸਕੂਲ ਨੂੰ ਅਪਗ੍ਰੇਡ ਕਰਨ, ਦਾਣਾ ਮੰਡੀਆਂ ਖੋਲਣ, ਪੱਕੇ ਫੜ ਬਣਾਉਣ, ਪਿੰਡਾਂ ਵਿੱਚ ਮੁਢਲੇ ਸਿਹਤ ਕੇਂਦਰ ਸਥਾਪਤ ਕਰਨ ਤੇ ਨੌਜਵਾਨਾਂ ਲਈ ਰੁਜ਼ਗਾਰ ਦਾ ਪ੍ਰਬੰਧ ਕਰਨ ਦੀਆਂ ਹੁੰਦੀਆਂ ਸਨ । ਪਾਰਟੀਆਂ ਵੀ ਇਨਾਂ ਮੰਗਾਂ ਨੂੰ ਆਪਣੇ ਮਨੋਰਥ ਪੱਤਰਾਂ ਵਿੱਚ ਸ਼ਾਮਲ ਕਰਦੀਆਂ ਸਨ । ਭਾਰਤ ਵਿੱਚ ਜਦੋਂ ਤੋਂ ਨਵੀਂਆਂ ਕਾਰਪੋਰੇਟ ਨੀਤੀਆਂ ਦਾ ਜਾਲ ਵਿਛਣਾ ਸ਼ੁਰੂ ਹੋਇਆ, ਸਭ ਕੁਝ ਹੀ ਉਲਟ-ਪੁਲਟ ਹੋ ਗਿਆ ਹੈ । ਵਿਕਾਸ ਦੇ ਮੁੱਖ ਸਾਧਨ ਨਿੱਜੀ ਹੱਥਾਂ ਵਿੱਚ ਚਲੇ ਜਾਣ ਕਾਰਨ ਵਿਵਸਥਾ ਵਿੱਚ ਸਰਕਾਰ ਦੀ ਭਾਗੀਦਾਰੀ ਸੁੰਗੜਦੀ ਗਈ ਹੈ। ਸਾਰੇ ਹਾਈਵੇਅ ਨਿੱਜੀ ਮਾਲਕੀ ਬਣ ਚੁੱਕੇ ਹਨ । ਖੁੰਭਾਂ ਵਾਂਗ ਉੱਗ ਆਏ ਪੰਜ ਸਿਤਾਰਾ ਹਸਪਤਾਲਾਂ ਤੇ ਆਲੀਸਾਨ ਇਮਾਰਤਾਂ ਵਾਲੇ ਸਕੂਲਾਂ-ਕਾਲਜਾਂ ਨੇ ਸਰਕਾਰੀ ਹਸਪਤਾਲਾਂ ਤੇ ਸਕੂਲਾਂ-ਕਾਲਜਾਂ




ਨੂੰ ਕਬਾੜਖਾਨੇ ਬਣਾ ਦਿੱਤਾ ਹੈ । ਹੁਣ ਕੋਈ ਇਹ ਮੰਗ ਵੀ ਨਹੀਂ ਕਰਦਾ ਕਿ ਉਨਾਂ ਦੇ ਪਿੰਡ ਵਿਚਲੇ ਮੁਢਲੇ ਸਿਹਤ ਕੇਂਦਰ ਵਿੱਚ ਡਾਕਟਰ ਭੇਜਿਆ ਜਾਵੇ ਜਾਂ ਸਕੂਲ ਦੀ ਹਾਲਤ ਸੁਧਾਰੀ ਜਾਵੇ ।

ਇਸ ਹਾਲਤ ਵਿੱਚ ਪਿਛਲੇ ਸਮੇਂ ਤੋਂ ਸਿਆਸੀ ਪਾਰਟੀਆਂ ਵੀ ਵਿਕਾਸਮੁਖੀ ਦੀ ਥਾਂ ਵੋਟਮੁਖੀ ਹੋ ਗਈਆਂ ਹਨ । ਕਿਸੇ ਸੂਬੇ ਵਿੱਚ ਮੁਫਤ ਸਾੜੀਆਂ ਦੇਣ ਦਾ ਲਾਰਾ ਲਾਇਆ ਜਾ ਰਿਹਾ ਹੈ, ਕਿਤੇ ਲੈਪਟਾਪ ਤੇ ਮੋਬਾਈਲ ਵੰਡੇ ਜਾ ਰਹੇ ਹਨ ਤੇ ਕਿਤੇ ਮੁਫਤ ਬੱਸ ਸਫਰ ਦੀ ਸਹੂਲਤ ਮੁਹੱਈਆ ਕਰਵਾਈ ਜਾ ਰਹੀ ਹੈ । ਮੋਦੀ ਨੇ ਤਾਂ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਹਰ ਭਾਰਤੀ ਦੇ ਖਾਤੇ ਵਿੱਚ 15-15 ਲੱਖ ਰੁਪਏ ਪਾਉਣ ਦਾ ਜੁਮਲਾ ਵੀ ਲੋਕਾਂ ਨੂੰ ਫੜਾ ਦਿੱਤਾ ਸੀ । ਸਾਨੂੰ ਇੱਕ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਕੋਈ ਵੀ ਚੀਜ ਮੁਫਤ ਪੈਦਾ ਨਹੀਂ ਹੁੰਦੀ। ਹਰ ਚੀਜ ਦੇ ਉਤਪਾਦਨ ਉੱਤੇ ਇੱਕ ਨਿਰਧਾਰਤ ਖਰਚਾ ਹੁੰਦਾ ਹੈ ।

ਇਹ ਖਰਚਾ ਅਦਾ ਕਰਕੇ ਹੀ ਉਹ ਚੀਜ ਹਾਸਲ ਕੀਤੀ ਜਾ ਸਕਦੀ ਹੈ । ਪੰਜਾਬ ਸਰਕਾਰ ਕਿਸਾਨਾਂ ਨੂੰ ਮੁਫਤ ਬਿਜਲੀ ਦਿੰਦੀ ਹੈ ਤੇ ਇਸ ਇਵਜ ਵਿੱਚ ਪਾਵਰਕਾਮ ਨੂੰ ਹਰ ਸਾਲ 10 ਹਜ਼ਾਰ ਕਰੋੜ ਤੋਂ ਵੱਧ ਦੀ ਰਕਮ ਦਿੰਦੀ ਹੈ । ਇਸ ਕਾਰਨ ਪੰਜਾਬ ਵਿਚ ਬਿਜਲੀ ਮਹਿੰਗੀ ਹੋਈ ਹੈ। ਮਹਿੰਗੀ ਬਿਜਲੀ ਕਾਰਨ ਵੱਡੀਆਂ ਕੰਪਨੀਆਂ ਪੰਜਾਬ ਨਹੀਂ ਆ ਰਹੀਆਂ। ਪੰਜਾਬ ਵਿਚ ਇਸ ਕਾਰਨ ਬੇਰੁਜ਼ਗਾਰੀ ਦਾ ਸੰਕਟ ਗੂੜਾ ਹੋ ਗਿਆ ਹੈ। ਇਹ ਮੁਫਤ ਬਿਜਲੀ ਕਾਰਨ ਪੈਸਾ ਵੱਖ-ਵੱਖ ਟੈਕਸਾਂ ਰਾਹੀਂ ਲੋਕਾਂ ਦੀਆਂ ਜੇਬਾਂ ਵਿੱਚੋਂ ਹੀ ਕੱਢਿਆ ਜਾਂਦਾ ਹੈ । ਇਹ ਠੀਕ ਹੈ ਕਿ ਹੇਠਲੇ ਵਰਗਾਂ ਨੂੰ ਉਪਰ ਚੁੱਕਣ ਲਈ ਕੁਝ ਰਿਆਇਤਾਂ ਦੀ ਲੋੜ ਹੁੰਦੀ ਹੈ । ਕਿਸਾਨਾਂ ਨੂੰ ਬਿਜਲੀ ਮੁਫਤ ਦਿੱਤੀ ਜਾਂਦੀ ਹੈ, ਕਿਉਂਕਿ ਉਨਾਂ ਨੂੰ ਜਿਣਸ ਦੇ ਲਾਹੇਵੰਦੇ ਭਾਅ ਨਹੀਂ ਦਿੱਤੇ ਜਾਂਦੇ । ਜਦਕਿ ਇਸ ਦੀ ਲੋੜ ਹੈ। ਸਭ ਲਈ ਮੁਫਤ ਸਹੂਲਤ ਇੱਕ ਜੁਮਲਾ ਤਾਂ ਹੋ ਸਕਦੀ ਹੈ, ਪਰ ਤਰਕ ਦੀ ਕਸਵੱਟੀ ਉਤੇ ਖਰੀ ਨਹੀਂ ਉਤਰਦੀ ।

ਪੰਜਾਬ ਦੇ ਸਾਹਮਣੇ ਹੋਰ ਬਹੁਤ ਸਾਰੀਆਂ ਸਮੱਸਿਆਵਾਂ ਹਨ, ਜਿਨਾਂ ਬਾਰੇ ਸਿਆਸੀ ਪਾਰਟੀਆਂ ਨੂੰ ਆਪਣਾ ਰੁਖ ਸਪੱਸ਼ਟ ਕਰਨਾ ਚਾਹੀਦਾ ਹੈ। ਨਸ਼ਿਆਂ ਵਿੱਚ ਫਸ ਰਹੇ ਨੌਜਵਾਨਾਂ ਨੂੰ ਰੁਜ਼ਗਾਰ ਦੇਣਾ ਚਾਹੀਦਾ ਹੈ। ਵਿਦਿਆਰਥੀਆਂ ਲਈ ਸਸਤੀ ਤੇ ਵਧੀਆ ਵਿਦਿਆ ਦੀ ਲੋੜ ਹੈ । ਸਿਹਤ ਸੇਵਾਵਾਂ ਨੂੰ ਸਮੇਂ ਦੇ ਹਾਣ ਦਾ ਬਣਾਇਆ ਜਾਣਾ ਚਾਹੀਦਾ ਹੈ। ਧਰਤੀ ਹੇਠਲੇ ਮੁੱਕ ਰਹੇ ਪਾਣੀ ਨੂੰ ਕਿਵੇਂ ਬਚਾਉਣਾ ਤੇ ਪਲੀਤ ਹੋ ਰਹੇ ਵਾਤਾਵਰਣ ਨੂੰ ਬਚਾਉਣ ਲਈ ਕੀ ਉਪਰਾਲੇ ਕਰਨੇ ਹਨ, ਇਸ ਬਾਰੇ ਲੰਮੀ ਮਿਆਦ ਦੀ ਕਾਰਜ ਯੋਜਨਾ ਬਣਨੀ ਚਾਹੀਦੀ ਹੈ । ਖੇਤੀ ਦੇ ਧੰਦੇ ਨੂੰ ਲਾਹੇਵੰਦ ਬਣਾਉਣ ਲਈ ਬਦਲਵੀਂ ਖੇਤੀ ਤੇ ਖੇਤੀ ਅਧਾਰਤ ਸਨਅਤਾਂ ਅੱਜ ਪੰਜਾਬ ਲਈ ਸਭ ਤੋਂ ਜਰੂਰੀ ਏਜੰਡਾ ਹੈ। ਇਸ ਲਈ ਪੰਜਾਬ ਦੇ ਲੋਕਾਂ ਨੂੰ ਸਿਆਸੀ ਪਾਰਟੀਆਂ ਤੋਂ ਮੰਗ ਕਰਨੀ ਚਾਹੀਦੀ ਹੈ ਕਿ ਉਹ ਲੋਕ-ਲੁਭਾਊ ਨਾਅਰਿਆਂ ਦੀ ਥਾਂ ਇੱਕ ਵਿਕਾਸਮੁਖੀ ਆਰਥਕ ਤੇ ਸਮਾਜਿਕ ਏਜੰਡਾ ਲੈ ਕੇ ਲੋਕਾਂ ਸਾਹਮਣੇ ਆਉਣ, ਜਿਹੜਾ ਉਜਲੇ ਭਵਿੱਖ ਦੀ ਆਸ ਬੰਨਾਉਂਦਾ ਹੋਵੇ ।



# ਵਰਕਰਾਂ ਦੇ ਪ੍ਰਤੀਕਰਮ ਬਾਅਦ ਮਾਇਆਵਤੀ ਹੋਈ ਡਾਢੀ

## ✪ ਬਸਪਾ ਹਿੱਸੇ ਆਉਂਦੀ ਕੋਈ ਵੀ ਸੀਟ ਨਹੀਂ ਬਦਲੀ ਜਾਵੇਗੀ ✪ ਸਾਬਕਾ ਸੂਬਾ ਪ੍ਰਧਾਨ ਰਸ਼ਪਾਲ ਰਾਜੂ ਨੂੰ ਪਾਰਟੀ ਵਿਚੋਂ ਕੱਢਿਆ ✪ ਪਛੜੀਆਂ ਸ਼੍ਰੇਣੀਆਂ ਦੇ ਇੰਚਾਰਜ ਸ਼ਾਲੀਮਾਰ ਨੇ ਪਾਰਟੀ ਛੱਡੀ ✪ ਬਸਪਾ ਦੇ ਜਨਰਲ ਸਕੱਤਰ ਅਤੇ ਰਾਜ ਸਭਾ ਮੈਂਬਰ ਸਤੀਸ਼ ਚੰਦਰ ਮਿਸ਼ਰਾ ਨੂੰ ਪਾਰਟੀ ਦੇ ਮੀਡੀਆ ਸੈੱਲ ਦਾ ਕੌਮੀ ਕੋਆਰਡੀਨੇਟਰ ਬਣਾਇਆ

**ਜਲੰਧਰ/ਗੜ੍ਹਸ਼ੰਕਰ/ਏ.ਟੀ.ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਤੇ ਬਸਪਾ ਵਿੱਚ ਹੋਏ ਸਿਆਸੀ ਗੱਠਜੋੜ ਤੋਂ ਬਾਅਦ ਸੀਟਾਂ ਦੀ ਵੰਡ ਨੂੰ ਲੈ ਕੇ ਬਸਪਾ ਵਿੱਚ ਘਸਮਾਣ ਪੈ ਗਿਆ ਹੈ। ਇਕ ਪਾਸੇ ਜਿੱਥੇ ਪਾਰਟੀ ਦੇ ਕੁਝ ਸੀਨੀਅਰ ਆਗੂਆਂ ਤੇ ਵਰਕਰਾਂ ਵੱਲੋਂ ਇਸ ਗੱਠਜੋੜ ਤਹਿਤ ਹੋਈ ਸੀਟਾਂ ਦੀ ਵੰਡ ਨੂੰ ਲੈ ਕੇ ਸਵਾਲ ਉਠਾਏ ਜਾ ਰਹੇ ਹਨ, ਜਦਕਿ ਦੂਜੇ ਪਾਸੇ ਲਖਨਊ (ਉੱਤਰ ਪ੍ਰਦੇਸ਼) ਵਿੱਚ ਬਸਪਾ ਦੀ ਕੌਮੀ ਪ੍ਰਧਾਨ ਮਾਇਆਵਤੀ ਵੱਲੋਂ ਕੀਤੀ ਗਈ ਮੀਟਿੰਗ ਵਿੱਚ ਇਹ ਸਪੱਸ਼ਟ ਕਰ ਦਿੱਤਾ ਗਿਆ ਹੈ ਕਿ ਅਕਾਲੀ ਦਲ ਨਾਲ ਜੋ ਗੱਠਜੋੜ ਹੋਇਆ ਹੈ ਉਸ ਵਿੱਚ ਬਸਪਾ ਦੇ ਹਿੱਸੇ ਆਉਂਦੀਆਂ 20 ਸੀਟਾਂ ਵਿੱਚੋਂ ਕੋਈ ਸੀਟ ਬਦਲੀ ਨਹੀਂ ਜਾਵੇਗੀ।

ਪਾਰਟੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਇਸ ਸਬੰਧੀ ਮਾਇਆਵਤੀ ਦੇ ਸਟੈਂਡ ਦੀ ਪ੍ਰੋੜਤਾ ਕੀਤੀ ਹੈ। ਇਕ ਹੋਰ ਟਵੀਟ ਵਿਚ ਮਾਇਆਵਤੀ ਨੇ ਕਿਹਾ, 'ਪਾਰਟੀ ਇਹ ਸਪੱਸ਼ਟ ਕਰਨਾ ਚਾਹੁੰਦੀ ਹੈ ਕਿ ਪੰਜਾਬ ਨੂੰ ਛੱਡ ਕੇ ਉੱਤਰ ਪ੍ਰਦੇਸ਼ ਤੇ ਉੱਤਰਾਖੰਡ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਬਸਪਾ ਇਕੱਲਿਆਂ ਹੀ ਲੜੇਗੀ ਅਤੇ ਕਿਸੇ ਨਾਲ ਕੋਈ ਗੱਠਜੋੜ ਨਹੀਂ ਕਰੇਗੀ।' ਜ਼ਿਕਰਯੋਗ ਹੈ ਕਿ ਪੰਜਾਬ ਵਿਚ ਬਸਪਾ ਨੇ ਹਾਲ ਹੀ ਵਿਚ ਗੱਠਜੋੜ ਕੀਤਾ ਹੈ। ਮਾਇਆਵਤੀ ਨੇ ਕਿਹਾ ਕਿ ਬਸਪਾ ਦੇ ਜਨਰਲ ਸਕੱਤਰ ਅਤੇ ਰਾਜ ਸਭਾ ਮੈਂਬਰ ਸਤੀਸ਼ ਚੰਦਰ ਮਿਸ਼ਰਾ ਨੂੰ ਪਾਰਟੀ ਦੇ ਮੀਡੀਆ ਸੈੱਲ ਦਾ ਕੌਮੀ ਕੋਆਰਡੀਨੇਟਰ ਬਣਾਇਆ ਗਿਆ ਹੈ। ਉਨਾਂ ਬਸਪਾ ਜਾਂ ਇਸ ਦੀ ਕੌਮੀ ਪ੍ਰਧਾਨ ਸਬੰਧੀ ਕੋਈ ਵੀ ਖ਼ਬਰ ਛਾਪਣ ਤੋਂ ਪਹਿਲਾਂ ਮਿਸ਼ਰਾ ਨਾਲ ਸੰਪਰਕ ਕਰਨ ਦੀ ਅਪੀਲ ਕੀਤੀ।

**ਬਸਪਾ ਇਕੱਲਿਆਂ ਲੜੇਗੀ ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਵਿਧਾਨ ਸਭਾ ਚੋਣਾਂ : ਮਾਇਆਵਤੀ**

**ਲਖਨਊ/ਏ.ਟੀ.ਨਿਊਜ਼:** ਬਹੁਜਨ ਸਮਾਜ ਪਾਰਟੀ ਦੀ ਪ੍ਰਧਾਨ ਮਾਇਆਵਤੀ ਨੇ ਕਿਹਾ ਕਿ ਉੱਤਰ ਪ੍ਰਦੇਸ਼ ਤੇ ਉੱਤਰਾਖੰਡ ਵਿਧਾਨ ਸਭਾ ਚੋਣਾਂ ਲਈ ਬਸਪਾ ਕਿਸੇ ਨਾਲ ਗੱਠਜੋੜ ਨਹੀਂ ਕਰੇਗੀ। ਹਿੰਦੀ ਵਿਚ ਕੀਤੇ ਲੜੀਵਾਰ ਟਵੀਟਾਂ ਵਿਚ ਸਾਬਕਾ ਮੁੱਖ ਮੰਤਰੀ ਨੇ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਏਆਈਐੱਮਆਈਐੱਮ ਨਾਲ ਕਿਸੇ ਵੀ ਤਰਾਂ ਦੇ ਗੱਠਜੋੜ ਤੋਂ ਸਪੱਸ਼ਟ ਤੌਰ 'ਤੇ ਇਨਕਾਰ ਕੀਤਾ ਹੈ। ਉਨਾਂ ਅੱਜ ਟਵੀਟ ਕੀਤਾ, 'ਇਕ ਨਿਊਜ਼ ਚੈਨਲ ਵੱਲੋਂ ਕੱਲ ਤੋਂ ਖ਼ਬਰ ਦਿਖਾਈ ਜਾ ਰਹੀ ਹੈ ਕਿ ਬਸਪਾ ਆਗਾਮੀ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਓਵਾਇਸੀ ਦੀ ਪਾਰਟੀ ਏਆਈਐੱਮਆਈਐੱਮ ਨਾਲ ਮਿਲ ਕੇ ਲੜੇਗੀ। ਇਹ ਖ਼ਬਰ ਪੂਰੀ ਤਰਾਂ ਗ਼ਲਤ, ਗੁੰਮਰਾਹਕੁਨ ਅਤੇ ਤੱਥਾਂ ਅਕਾਲੀ ਦਲ ਦੇ ਹਿੱਸੇ ਦੀਆਂ 97 ਸੀਟਾਂ ਬਾਰੇ ਸਹਿਮਤੀ ਹੋਈ ਹੈ। ਇਸ ਵਿੱਚ ਕਿਸੇ ਵੀ ਤਰਾਂ ਦੀ ਫੇਰਬਦਲ ਬਾਰੇ ਚਰਚਾ ਜਾਂ ਗੱਲਬਾਤ ਨਹੀਂ ਹੋਵੇਗੀ। ਇਹ ਹਾਈਕਮਾਂਡ ਦਾ ਅੰਤਿਮ ਫੈਸਲਾ ਹੈ। ਇਸੇ ਦੌਰਾਨ ਅਕਾਲੀ ਦਲ-ਬਸਪਾ ਗੱਠਜੋੜ ਵਿਰੁੱਧ ਗੁੰਮਰਾਹਕੁਨ ਪ੍ਰਚਾਰ ਕਰਨ ਦੇ ਦੋਸ਼ ਲਾਉਂਦਿਆਂ ਸਾਬਕਾ ਸੂਬਾ ਪ੍ਰਧਾਨ ਰਸ਼ਪਾਲ ਸਿੰਘ ਰਾਜੂ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ ਹੈ। ਬਸਪਾ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਦੇ ਦਸਤਖ਼ਤਾਂ ਹੇਠ ਜਾਰੀ ਕੀਤੇ ਗਏ ਬਿਆਨ ਵਿੱਚ ਪਾਰਟੀ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦਾ ਦੋਸ਼ ਲਗਾਉਂਦਿਆ ਰਸ਼ਪਾਲ ਸਿੰਘ ਰਾਜੂ ਨੂੰ ਪਾਰਟੀ ਵਿੱਚੋਂ ਬਾਹਰ ਦਾ ਰਸਤਾ ਦਿਖਾਇਆ ਗਿਆ ਹੈ। ਉੱਧਰ, ਬਸਪਾ ਦੇ ਸੀਨੀਅਰ



ਆਗੂ ਤੇ ਪਾਰਟੀ ਵਿੱਚ ਪਛੜੀਆਂ ਸ਼੍ਰੇਣੀਆਂ ਵਿੰਗ ਦੇ ਇੰਚਾਰਜ ਨੇ ਸ਼੍ਰੋਮਣੀ ਅਕਾਲੀ ਦਲ ਨਾਲ ਹੋਏ ਸਮਝੌਤੇ ਤਹਿਤ ਹਾਰੀਆਂ ਜਾਣ ਵਾਲੀਆਂ ਸੀਟਾਂ ਲੈਣ ਦੇ ਦੋਸ਼ ਲਾਉਂਦਿਆਂ ਇਸ ਦੇ ਵਿਰੋਧ ਵਜੋਂ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਹੈ। ਉਨਾਂ ਦੋਸ਼ ਲਾਇਆ ਕਿ ਪਾਰਟੀ ਦੀ ਸੂਬਾਈ ਲੀਡਰਸ਼ਿਪ ਨੇ ਪਾਰਟੀ ਦੀ ਕੌਮੀ ਪ੍ਰਧਾਨ ਮਾਇਆਵਤੀ ਨੂੰ ਗੁੰਮਰਾਹ ਕੀਤਾ ਹੈ। ਸ੍ਰੀ ਸ਼ਾਲੀਮਾਰ ਅਨੁਸਾਰ ਸੀਟਾਂ ਦੀ ਵੰਡ ਨੂੰ ਲੈ ਕੇ ਬਸਪਾ ਵਰਕਰਾਂ ਵਿੱਚ ਵੱਡੀ ਪੱਧਰ 'ਤੇ ਨਿਰਾਸ਼ਾ ਪਾਈ ਜਾ ਰਹੀ ਹੈ। ਉੱਧਰ, ਪਾਰਟੀ ਵਿੱਚੋਂ ਕੱਢੇ ਜਾਣ ਬਾਰੇ ਸ੍ਰੀ ਰਾਜੂ ਨੇ ਕਿਹਾ ਕਿ ਬਸਪਾ ਦੀ ਕੌਮੀ ਪ੍ਰਧਾਨ ਮਾਇਆਵਤੀ ਕੋਲ ਉਨਾਂ ਬਾਰੇ ਗ਼ਲਤ ਸ਼ਿਕਾਇਤਾਂ ਕੀਤੀਆਂ ਗਈਆਂ ਹਨ। ਉਨਾਂ ਕਿਹਾ ਕਿ ਗੜ੍ਹਸ਼ੰਕਰ ਨਗਰ ਕੌਂਸਲ ਵਿੱਚ ਉਨਾਂ ਦੀ ਪਤਨੀ ਮੀਤ ਪ੍ਰਧਾਨ ਹੈ ਅਤੇ ਇੱਕ ਦਿਨ ਜ਼ਰੂਰੀ ਰੁਝੇਵੇਂ ਕਾਰਨ ਉਹ ਆਪਣੇ ਵਾਰਡ ਲਈ ਆਏ ਫ਼ੰਡ ਨਹੀਂ ਲੈਣ ਜਾ ਸਕੀ ਤਾਂ ਉਨਾਂ ਦੀ ਥਾਂ ਉਹ (ਰਾਜੂ) ਚਲੇ ਗਏ ਸਨ। ਉੱਥੇ ਕਾਂਗਰਸ ਦੇ ਸਾਬਕਾ ਵਿਧਾਇਕ ਲਵ ਕੁਮਾਰ ਗੋਲਡੀ ਵੀ ਆ ਗਏ। ਉਨਾਂ ਨਾਲ ਮੀਡੀਆ ਵਿੱਚ ਛਪੀਆਂ ਤਸਵੀਰਾਂ ਨੂੰ ਇਸ ਤਰਾਂ ਪੇਸ਼ ਕੀਤਾ ਗਿਆ ਕਿ ਰਸ਼ਪਾਲ ਰਾਜੂ ਕਾਂਗਰਸ ਵਿੱਚ ਸ਼ਾਮਲ ਹੋਣ ਜਾ ਰਹੇ ਹਨ। ਸ੍ਰੀ ਰਾਜੂ ਨੇ ਕਿਹਾ ਕਿ ਉਹ ਬਸਪਾ ਦੇ ਵਫ਼ਾਦਾਰ ਸਿਪਾਹੀ ਹਨ ਤੇ ਬਾਬੂ ਕਾਂਸ਼ੀ ਰਾਮ ਦੀ ਵਿਚਾਰਧਾਰਾ ਨੂੰ ਲੈ ਕੇ ਚੱਲ ਰਹੇ ਹਨ ਅਤੇ ਚੱਲਦੇ ਰਹਿਣਗੇ। ਇਸੇ ਦੌਰਾਨ ਬਸਪਾ ਦੇ ਪਛੜੀਆਂ ਸ਼੍ਰੇਣੀਆਂ ਦੇ ਸੀਨੀਅਰ ਆਗੂ ਸੁਖਬੀਰ ਸਿੰਘ ਸ਼ਾਲੀਮਾਰ ਨੇ ਕਿਹਾ ਕਿ ਬਸਪਾ ਦੀ ਮੌਜੂਦਾ ਸੂਬਾਈ ਲੀਡਰਸ਼ਿਪ ਦੀ ਕਾਰਜਸ਼ੈਲੀ ਤੋਂ ਦੁਖੀ ਹੋ ਕੇ ਉਹ ਪਾਰਟੀ ਤੋਂ ਅਸਤੀਫਾ ਦੇ ਰਹੇ ਹਨ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਬਸਪਾ ਵਿਚ ਅਜੇ ਵੀ ਵਰਕਰ ਸੰਤੁਸ਼ਟ ਨਹੀਂ ਹਨ। ਆਉਣ ਵਾਲੇ ਸਮੇਂ ਦੌਰਾਨ ਕੁਝ ਲੋਕ ਪਾਰਟੀ ਛੱਡ ਸਕਦੇ ਹਨ। ਬਸਪਾ ਵਿਰੋਧੀਆਂ ਦਾ ਕਹਿਣਾ ਹੈ ਕਿ ਭਾਜਪਾ ਦੇ ਨੇਤਾਵਾਂ ਨੂੰ ਬਸਪਾ ਪੰਜਾਬ ਵਿੱਚ ਆਪਣੀ ਪਾਰਟੀ ਜੁਆਇਨ ਕਰਾ ਕੇ ਸੀਟਾਂ ਦੇ ਸਕਦੀ ਹੈ। ਪਰ ਹਾਲੇ ਇਸ ਬਾਰੇ ਬਸਪਾ ਨੇ ਕੋਈ ਪੁਸ਼ਟੀ ਨਹੀਂ ਕੀਤੀ।

# ਬਾਬਾ ਰਾਮਦੇਵ ਦਾ ਸਿਖਿਆ ਖੇਤਰ ਵਿਚ ਘਾਲਾ-ਮਾਲਾ ਉਜਾਗਰ

## ਇੰਡੀਅਨ ਐਕਸਪ੍ਰੈਸ ਨੇ ਕੀਤਾ ਪਰਦਾਫਾਸ਼

**ਨਵੀਂ ਦਿੱਲੀ/ਏ.ਟੀ.ਨਿਊਜ਼ :** 2014 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਕਾਲੇ ਧਨ ਦਾ ਰੌਲਾ ਪਾਉਣ ਵਾਲਾ ਬਾਬਾ ਰਾਮ ਦੇਵ ਮੋਦੀ ਰਾਜ ਵਿਚ ਸਾਹਮਣੇ ਆ ਰਹੇ ਨਵੇਂ ਤੋਂ ਨਵੇਂ ਘੁਟਾਲਿਆਂ ਬਾਰੇ ਖਾਮੋਸ਼ ਹੈ। ਕਿਉਂ ? ਆਪਣਾ ਧੰਦਾ ਵਧਾਉਣ ਲਈ ਮੋਦੀ ਸਰਕਾਰ ਤੋਂ ਫਾਇਦੇ ਹੀ ਏਨੇ ਲੈ ਲਏ ਹਨ ਕਿ ਘੁਟਾਲਿਆਂ ਬਾਰੇ ਮੀਡੀਆ ਦੇ ਹਰ ਸਵਾਲ ਨੂੰ ਜਾਂ ਤਾਂ ਟਾਲ ਜਾਂਦਾ ਹੈ ਜਾਂ ਸਰਕਾਰ ਦਾ ਬਚਾਅ ਕਰਦਾ ਹੈ । ਮੋਦੀ ਰਾਜ ਵਿਚ ਉਹ ਕਈ ਰਾਜਾਂ ਵਿਚ ਆਪਣੇ ਆਯੁਰਵੈਦਿਕ ਦਵਾਈਆਂ ਤੇ ਹੋਰ ਉਤਪਾਦਾਂ ਦੇ ਕਾਰਖਾਨੇ ਲਾਉਣ ਲਈ ਜ਼ਮੀਨਾਂ ਹਾਸਲ ਕਰ ਚੁੱਕਾ ਹੈ। ਉਸ ਵੱਲੋਂ ਲਏ ਗਏ ਹੋਰਨਾਂ ਫਾਇਦਿਆਂ ਵਿਚੋਂ ਇਕ ਕੌਮੀ ਅਖਬਾਰ 'ਦੀ ਇੰਡੀਅਨ ਐੱਕਸਪ੍ਰੈੱਸ' ਨੇ ਬੀਤੇ ਸੋਮਵਾਰ ਖੁਲਾਸਾ ਕੀਤਾ ਹੈ । ਬਾਬੇ ਦੇ ਪਤੰਜਲੀ ਯੋਗਪੀਠ ਟਰੱਸਟ ਦੀ ਵੈਦਿਕ ਸਿੱਖਿਆ ਬਾਰੇ ਭਾਰਤੀ ਸ਼ਿਕਸ਼ਾ ਬੋਰਡ ਕਾਇਮ ਕਰਨ ਦੀ ਸਕੀਮ ਨੂੰ ਮਨਜ਼ੂਰੀ ਦੇਣ ਲਈ ਸਰਕਾਰ ਨੇ ਏਨੀ ਫੁਰਤੀ ਦਿਖਾਈ, ਜਿੰਨੀ ਪਾਕਿਸਤਾਨ ਉੱਤੇ ਸਰਜੀਕਲ ਸਟਰਾਈਕ ਕਰਨ ਦੀ ਯੋਜਨਾ ਬਣਾਉਣ ਵਿਚ ਵੀ ਨਹੀਂ ਦਿਖਾਈ ਹੋਣੀ। ਉਜੈਨ ਸਥਿਤ ਮਹਾਂਰਿਸ਼ੀ ਸੰਦੀਪਨੀ ਰਾਸ਼ਟਰੀ ਵੇਦ ਵਿਦਿਆ ਪ੍ਰਤਿਸ਼ਠਾਨ (ਐੱਮ ਐੱਸ ਆਰ ਵੀ ਵੀ ਪੀ) ਸਿੱਖਿਆ ਮੰਤਰਾਲੇ ਤਹਿਤ ਇਕ ਖੁਦਮਖਤਾਰ ਸੰਗਠਨ ਹੈ, ਜਿਹੜਾ ਵੇਦ ਵਿਦਿਆ ਨੂੰ ਪ੍ਰੋਤਸ਼ਾਹਿਤ ਕਰਨ ਦਾ ਕੰਮ ਕਰਦਾ ਹੈ।ਜਨਵਰੀ 2019 ਵਿਚ ਉਸ ਨੇ ਆਪਣੀ ਗਵਰਨਿੰਗ ਕੌਂਸਲ ਦੀ ਬੈਠਕ ਵਿਚ ਆਪਣੇ ਵੱਲੋਂ ਭਾਰਤੀ ਸ਼ਿਕਸ਼ਾ ਬੋਰਡ (ਬੀ ਐੱਸ ਬੀ) ਕਾਇਮ ਕਰਨ ਦੀ ਗੱਲ ਕਹੀ।



ਬੈਠਕ ਦੀ ਪ੍ਰਧਾਨਗੀ ਮਨੁੱਖੀ ਵਸੀਲਿਆਂ ਬਾਰੇ ਵਿਕਾਸ ਦੇ ਵੇਲੇ ਦੇ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਕੀਤੀ ਸੀ ।ਉਹ ਮੰਤਰੀ ਹੋਣ ਦੇ ਨਾਤੇ ਐੱਮ ਐੱਸ ਆਰ ਵੀ ਵੀ ਪੀ ਦੇ ਮੁਖੀ ਵੀ ਸਨ। ਉਨਾ ਸਰਕਾਰ ਦੇ ਇਸ ਖੁਦਮੁਖਤਾਰ ਅਦਾਰੇ ਵੱਲੋਂ ਬੋਰਡ ਕਾਇਮ ਕਰਨ ਨੂੰ ਮਨਜ਼ੂਰੀ ਦੇਣ ਦੀ ਥਾਂ ਨਿੱਜੀ ਸਪਾਂਸਰ ਬਾਡੀ ਨਿਯੁਕਤ ਕਰਨ ਦੀ ਗੱਲ ਕਹੀ, ਪਰ ਉਸ ਵੇਲੇ ਐੱਮ ਐੱਸ ਆਰ ਵੀ ਵੀ ਪੀ ਦੇ ਸਕੱਤਰ ਰਹੇ ਵੀ. ਜੱਦੀ ਪਾਲ ਨੇ ਨਿਯਮਾਂ ਦਾ ਹਵਾਲਾ ਦਿੰਦਿਆਂ ਸਿੱਖਿਆ ਮੰਤਰਾਲੇ (ਜੋ ਉਦੋਂ ਮਨੁੱਖੀ ਵਸੀਲਿਆਂ ਦੇ ਵਿਕਾਸ ਬਾਰੇ ਮੰਤਰਾਲੇ ਦਾ ਮੁੱਖ ਅੰਗ ਸੀ) ਨੂੰ ਤਿੰਨ ਵਾਰ ਪੱਤਰ ਲਿਖ ਕੇ ਪਤੰਜਲੀ ਯੋਗਪੀਠ ਟਰੱਸਟ ਵੱਲੋਂ ਬੀ ਐੱਸ ਬੀ ਦੀ ਸਥਾਪਨਾ ਨੂੰ ਮਨਜ਼ੂਰੀ ਦੇਣ ਦਾ ਵਿਰੋਧ ਕੀਤਾ ।ਜੱਦੀ ਪਾਲ ਦਾ ਸਟੈਂਡ ਦੇਖ ਕੇ ਮੰਤਰਾਲੇ ਨੇ ਐੱਮ ਐੱਸ ਆਰ ਵੀ ਵੀ ਪੀ ਦੇ ਇਕ ਹੋਰ ਅਧਿਕਾਰੀ, ਵੇਲੇ ਦੇ ਉਪ-ਪ੍ਰਧਾਨ ਰਵਿੰਦਰ ਅੰਬਾਦਾਸ ਮੁਲੇ ਤੋਂ 9 ਮਾਰਚ ਦੀ ਰਾਤ ਲੋਕ ਸਭਾ ਚੋਣਾਂ ਲਈ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਦੇ ਕੁਝ ਘੰਟੇ ਪਹਿਲਾਂ ਪਤੰਜਲੀ ਟਰੱਸਟ ਦੇ ਬੋਰਡ ਲਈ ਮਨਜ਼ੂਰੀ ਲੈ ਲਈ । ਜਾਵੜੇਕਰ ਤੇ ਪਤੰਜਲੀ ਯੋਗਪੀਠ ਟਰੱਸਟ ਨੇ ਬੋਰਡ ਦੀ ਕਾਇਮੀ ਵਿਚ ਦਿਖਾਈ ਗਈ ਇਸ ਕਾਹਲੀ ਬਾਰੇ 2021 ਵਿਚ ਵੀ ਕੋਈ ਜਵਾਬ ਨਹੀਂ ਦਿੱਤਾ ।

ਸਾਡਾ ਮੰਨਣਾ ਹੈ ਕਿ ਜਿਹੜੀ ਪਾਰਟੀ ਦੇ ਆਗੂ ਖੁਦ ਨੂੰ ਦੁਧ-ਧੋਤੇ ਤੇ ਹੋਰਨਾਂ ਪਾਰਟੀਆਂ ਦੇ ਆਗੂਆਂ ਨੂੰ ਕੁਰੱਪਟ ਗਰਦਾਨ ਕਰਕੇ ਸੱਤਾ ਵਿਚ ਆਏ, ਹੁਣ ਉਨਾਂ ਦੇ ਅਸਲ ਚਿਹਰੇ ਸਾਹਮਣੇ ਆਉਣ ਲੱਗ ਪਏ ਹਨ ।ਰਾਮ ਮੰਦਰ ਲਈ ਰਾਮ ਭਗਤਾਂ ਤੋਂ ਜੁਟਾਏ ਚੰਦੇ ਨਾਲ ਜ਼ਮੀਨਾਂ ਖਰੀਦਣ ਵਿਚ ਕਰੋੜਾਂ ਰੁਪਏ ਦੇ ਘਾਲੇ-ਮਾਲੇ ਤਾਂ ਪਿਛਲੇ ਦਿਨਾਂ ਤੋਂ ਲਗਾਤਾਰ ਸਾਹਮਣੇ ਆ ਰਹੇ ਹਨ। ਬਾਬੇ ਵਾਲਾ ਘਾਲਾ-ਮਾਲਾ ਹੋਰ ਜੁੜ ਗਿਆ ਹੈ। ਰਾਮਦੇਵ ਦਾ ਕਹਿਣਾ ਹੈ ਕਿ ਮੇਰੇ ਵਿਰੋਧੀ ਅਜਿਹੇ ਦੋਸ਼ ਲਗਾ ਰਹੇ ਹਨ।ਜਦ ਕਿ ਅਸੀਂ ਸਭ ਕਾਰਜ ਕਾਨੂੰਨੀ ਢੰਗ ਨਾਲ ਕਰਦੇ ਹਾਂ।

# ਬਰਗਾੜੀ 'ਚ ਮੋਰਚਾ ਲਾਉਣ ਲੱਗੇ ਮਾਨ ਸਣੇ 40 ਸਿੰਘਾਂ ਨੂੰ ਹਿਰਾਸਤ 'ਚ ਲਿਆ

## ਮੰਡ ਅਤੇ ਦਾਦੂਵਾਲ ਮੋਰਚੇ ਤੋਂ ਗਾਇਬ



**ਫਰੀਦਕੋਟ/ਏ.ਟੀ.ਨਿਊਜ਼ :** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਕੋਟਕਪੂਰਾ ਅਤੇ ਬਹਿਬਲ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਪੰਥਕ ਧਿਰਾਂ ਦੇ ਬਰਗਾੜੀ ਵਿੱਚ ਲੱਗਣ ਵਾਲੇ ਇਨਸਾਫ਼ ਮੋਰਚੇ ਨੂੰ ਜ਼ਿਲਾ ਪੁਲਿਸ ਨੇ ਹਾਲ ਦੀ ਘੜੀ ਰੋਕ ਦਿੱਤਾ ਹੈ। ਦੁਪਹਿਰ ਕਰੀਬ 1 ਵਜੇ ਬਰਗਾੜੀ ਪਿੰਡ ਵਿੱਚ ਮੋਰਚਾ ਸ਼ੁਰੂ ਹੋ ਗਿਆ ਸੀ ਅਤੇ ਅਕਾਲੀ ਦਲ (ਅੰਮ੍ਰਿਤਸਰ) ਦੇ ਮੁਖੀ ਸਿਮਰਨਜੀਤ ਸਿੰਘ ਮਾਨ ਆਪਣੇ ਕਰੀਬ 200 ਸਾਥੀਆਂ ਨਾਲ ਉਥੇ ਪੁੱਜੇ। ਆਪਣੇ ਸੰਬੋਧਨ ਦੌਰਾਨ ਜਦੋਂ ਉਹ ਪੱਕੇ ਮੋਰਚੇ ਦਾ ਐਲਾਨ ਕਰਨ ਲੱਗੇ ਤਾਂ ਪੁਲਿਸ ਨੇ ਸਿਮਰਨਜੀਤ ਸਿੰਘ ਮਾਨ ਅਤੇ ਭਾਈ ਕਾਹਨ ਸਿੰਘ ਸਮੇਤ 40 ਸਿੱਖ ਆਗੂਆਂ ਨੂੰ ਹਿਰਾਸਤ ਵਿੱਚ ਲੈ ਲਿਆ। ਉਨਾਂ ਨੂੰ ਸੈਨਿਕ ਰੈਸਟ ਹਾਊਸ ਵਿੱਚ ਰੱਖਿਆ ਗਿਆ। ਸਿਮਰਨਜੀਤ ਸਿੰਘ ਮਾਨ ਅਤੇ ਉਨਾਂ ਦੇ ਦੋ ਦਰਜਨ ਤੋਂ ਵੱਧ ਸਾਥੀਆਂ ਖਿਲਾਫ਼ ਬਾਜਾਖਾਨਾ ਪੁਲਿਸ ਨੇ ਧਾਰਾ 188 (ਪਾਬੰਦੀ ਦੇ ਹੁਕਮਾਂ ਦੀ ਉਲੰਘਣਾ) ਤਹਿਤ ਪਰਚਾ ਦਰਜ ਕੀਤਾ ਹੈ। ਹਿਰਾਸਤ 'ਚ ਲਏ ਗਏ ਸਾਰੇ ਵਿਅਕਤੀਆਂ ਨੂੰ ਪੁਲਿਸ ਨੇ ਜਮਾਨਤ 'ਤੇ ਰਿਹਾਅ ਕਰ ਦਿੱਤਾ। ਸਿਮਰਨਜੀਤ ਸਿੰਘ ਮਾਨ ਨੇ ਦੋਸ਼ ਲਾਇਆ ਕਿ ਬੇਅਦਬੀ ਅਤੇ ਉਸ ਤੋਂ ਬਾਅਦ ਵਾਪਰੀਆਂ ਘਟਨਾਵਾਂ ਵਿੱਚ ਬਾਦਲ ਪਰਿਵਾਰ ਅਤੇ ਸੁਮੇਧ ਸੈਣੀ ਦਾ ਹੱਥ ਹੈ। ਉਨਾਂ ਦੋਸ਼ ਲਾਇਆ ਕਿ ਸਿੱਖਾਂ ਨੂੰ ਆਪਣੇ ਹੀ ਸੂਬੇ ਵਿੱਚ ਇਨਸਾਫ਼ ਨਹੀਂ ਮਿਲ ਰਿਹਾ ਹੈ। ਉਨਾਂ ਐਲਾਨ ਕੀਤਾ ਕਿ ਬੇਅਦਬੀ ਦੇ ਦੋਸ਼ੀਆਂ ਨੂੰ ਹਰ ਹਾਲ ਵਿੱਚ ਸਜ਼ਾ ਦਿਵਾਈ ਜਾਵੇਗੀ। ਮੋਰਚੇ ਵਿੱਚ ਭਾਈ ਧਿਆਨ ਸਿੰਘ ਮੰਡ ਅਤੇ ਬਾਬਾ ਬਲਜੀਤ ਸਿੰਘ ਦਾਦੂਵਾਲ ਦੇ ਸ਼ਾਮਲ ਹੋਣ ਦੀ ਚਰਚਾ ਸੀ ਪਰੰਤੂ ਉਹ ਨਹੀਂ ਪੁੱਜੇ। ਦੱਸਣਯੋਗ ਹੈ ਕਿ ਪੰਥਕ ਧਿਰਾਂ ਨੇ ਐਲਾਨ ਕੀਤਾ ਸੀ ਕਿ ਜੇਕਰ 30 ਜੂਨ ਤੱਕ ਬੇਅਦਬੀ, ਕੋਟਕਪੂਰਾ ਅਤੇ ਬਹਿਬਲ ਕਾਂਡ ਦੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਜੇਲਾਂ ਵਿੱਚ ਨਹੀਂ ਸੁੱਟਿਆ ਜਾਂਦਾ ਤਾਂ ਉਹ ਇਨਸਾਫ਼ ਲੈਣ ਲਈ ਪਿੰਡ ਬਰਗਾੜੀ ਵਿੱਚ ਪੱਕਾ ਮੋਰਚਾ ਸ਼ੁਰੂ ਕਰ ਦੇਣਗੇ ।

# ਪੰਜਾਬ ਵਧੀਆ ਮੁੱਖ ਮੰਤਰੀ ਦੇ ਚਿਹਰੇ ਦੀ ਉਡੀਕ ਵਿੱਚ



ਡਾ. ਪ੍ਰਿਥੀਪਾਲ ਸਿੰਘ ਸੋਹੀ

ਅਗਲੇ ਸਾਲ 2022 ਵਿੱਚ ਪੰਜਾਬ ਵਿੱਚ ਫਿਰ ਚੋਣਾਂ ਹੋਣੀਆਂ ਹਨ। ਇਨਾਂ ਚੋਣਾਂ ਤੋਂ ਬਾਅਦ ਪੰਜਾਬ ਵਿੱਚ ਕਈ ਸ਼ਖਸੀਅਤਾਂ ਨੂੰ ਪੰਜਾਬ ਦੇ ਮੁੱਖ ਮੰਤਰੀ ਵਜੋਂ ਦੇਖਿਆ ਜਾ ਰਿਹਾ ਹੈ। ਵਰਤਮਾਨ ਗੜਕ ਕੇ ਬੋਲਣ ਵਾਲੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਭਾਵੇਂ ਪਿਛਲੀਆਂ 2017 ਦੀਆਂ ਚੋਣਾਂ ਵਿੱਚ ਕਹਿ ਚੁੱਕੇ ਸਨ ਕਿ ਉਨਾਂ ਦੀ ਇਹ ਆਖਰੀ ਪਾਰੀ ਹੈ, ਪਰ ਸੱਤਾ ਦਾ ਨਸ਼ਾ, ਪਰਿਵਾਰ ਦਾ ਦਬਾਅ, ਵਿੱਤੀ ਅਮੀਰੀ, ਲੋਹੜੇ ਦਾ ਸੁੱਖ-ਅਰਾਮ, ਅਫਸਰਾਂ ਤੇ ਚਾਪਲੂਸਾਂ ਦੇ ਸਲੂਟ ਅਤੇ ਕਿਚਨ ਕੈਬਨਿਟ ਜਾਂ ਕੋਟਰੀ ਦੀ ਸਲਾਹ ਕਦੋਂ ਕਿਸੇ ਨੂੰ ਮਰਦੇ ਦਮ ਤੱਕ ਘਰ ਬੈਠਣ ਦਿੰਦੀ ਹੈ। ਇਹ ਭਾਰਤੀ ਰਾਜਨੀਤੀ ਦਾ ਖਾਸਾ ਹੈ। ਦੂਜੇ ਹਨ, ਮਿੱਠ ਬੋਲੜੇ, ਨਰਮ ਸਮਝੇ ਜਾਂਦੇ, 93 ਸਾਲਾ ਪ੍ਰਕਾਸ਼ ਸਿੰਘ ਬਾਦਲ, ਛੇਵੀਂ ਵਾਰ ਮੁੱਖ ਮੰਤਰੀ ਬਣਨ ਦੀਆਂ ਤਿਆਰੀਆਂ ਵਿੱਚ ਲਗਦੇ ਹਨ। ਘੱਟੋ ਘੱਟ ਅਕਾਲੀ ਦਲ (ਬਾਦਲ) ਦੁਆਰਾ ਚੋਣਾਂ ਉਨਾਂ ਦਾ ਚੇਹਰਾ ਅੱਗੇ ਕਰਕੇ ਲੜੀਆਂ ਜਾ ਸਕਦੀਆਂ ਹਨ, ਚੋਣਾਂ ਜਿੱਤਣ ਤੋਂ ਬਾਅਦ ਭਾਵੇਂ ਸੁਖਬੀਰ ਸਿੰਘ ਬਾਦਲ ਨੂੰ ਹੀ ਸਹੁੰ ਕਿਉਂ ਨਾ ਚੁਕਾ ਦਿੱਤੀ ਜਾਵੇ। 2017 ਵਿੱਚ ਪੰਜਾਬ ਵਿੱਚ ਕੈਪਟਨ ਨੇ ਕਾਂਗਰਸ ਪਰਾਂ ਕਰਕੇ, ਅਮਰਿੰਦਰ ਸਿੰਘ ਨੂੰ ਹੀ ਕਾਂਗਰਸ ਬਣਾ ਦਿੱਤਾ ਸੀ। ਦੂਜੇ ਅਰਥਾਂ ਵਿੱਚ ਕਹਿ ਸਕਦੇ ਹਾਂ ਕਿ ਹੁਣ ਨਾ ਤਾਂ ਪੁਰਾਣਾ ਅਕਾਲੀ ਦਲ ਹੈ, ਅਤੇ ਨਾ ਹੀ ਪੁਰਾਣੀ ਕਾਂਗਰਸ । ਬਾਦਲ ਅਕਾਲੀ ਦਲ ਤੇ ਅਮਰਿੰਦਰ ਕਾਂਗਰਸ ਹੀ ਹੋਂਦ ਵਿੱਚ ਹਨ। ਅਮਰਿੰਦਰ ਸਿੰਘ ਦੀਆਂ ਪ੍ਰਾਪਤੀਆਂ ਪੰਜਾਬੀ ਵੇਖ ਰਹੇ ਹਨ ਅਤੇ ਉਨਾਂ ਹੀ ਇਨਾਂ ਦਾ ਵਿਸ਼ਲੇਸ਼ਣ ਕਰਨਾ ਹੈ। ਪ੍ਰਕਾਸ਼ ਸਿੰਘ ਬਾਦਲ ਦੀਆਂ ਪ੍ਰਾਪਤੀਆਂ ਅਤੇ ਉਨਾਂ ਦੀ ਪੰਜਾਬ ਨੂੰ ਦੇਣ ਤਾਂ ਪੰਜਾਬੀ ਪਿਛਲੇ ਤਕਰੀਬਨ ਪੰਜ ਦਹਾਕਿਆਂ ਤੋਂ ਹੀ ਵੇਖ ਰਹੇ ਹਨ। ਬਾਕੀ ਸੰਭਾਵੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਸਮਰੱਥਾ ਵੀ ਪੰਜਾਬੀ ਕਾਫੀ ਹੱਦ ਤੱਕ ਪਿਛਲੀ ਅਕਾਲੀ ਸਰਕਾਰ ਵਿੱਚ ਵੇਖ ਚੁੱਕੇ ਹਨ। ਬਾਕੀ ਰਹੀ ਤੀਜੀ ਮੁੱਖ ਧਿਰ, ਆਮ ਆਦਮੀ ਪਾਰਟੀ, ਜਿਸ ਦਾ ਹਾਲੇ ਬਹੁਤਾ ਵੱਡਾ ਇਤਿਹਾਸ ਨਹੀਂ ਹੈ, ਪੰਜਾਬ ਵਿੱਚ ਇਨਾਂ ਕਦੇ ਹਕੂਮਤ ਕੀਤੀ ਨਹੀਂ। ਇਸ ਲਈ ਇਨਾਂ ਪਾਸ ਫਿਲਹਾਲ ਕੋਈ ਲੋਕ ਪ੍ਰਵਾਨਤ ਮੁੱਖ ਮੰਤਰੀ ਦਾ ਚੇਹਰਾ ਨਹੀਂ ਹੈ। ਭਗਵੰਤ ਮਾਨ, ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਨ ਦਾ ਨਾਮ ਕਈ ਵਾਰੀ ਕੁੱਝ ਲੋਕਾਂ ਵੱਲੋਂ ਮੁੱਖ ਮੰਤਰੀ ਵਜੋਂ ਪੇਸ਼ ਕੀਤਾ ਜਾਂਦਾ ਹੈ, ਪਰ ਉਨਾਂ ਨੂੰ ਪੰਜਾਬੀਆਂ ਨੇ ਹਾਲੇ ਪਰਖਿਆ ਨਹੀਂ, ਦੂਜਾ ਪੰਜਾਬ ਲਈ ਕਿਸੇ ਵੱਡੇ ਸੰਘਰਸ਼ ਦੀ ਵੀ ਉਨਾਂ ਕਦੀ ਅਗਵਾਈ ਨਹੀਂ ਕੀਤੀ। ਹਾਂ, 2017 ਦੀਆਂ ਚੋਣਾਂ ਵਿੱਚ ਉਨਾਂ ਨੇ ਜੋ ਕੁੱਝ ਕੀਤਾ, ਉਸ ਤੋਂ ਲਗਦਾ ਉਹ ਚੋਣ ਮੁਹਿੰਮ ਵਿੱਚ ਤਾਂ ਵਧੀਆ ਰੋਲ ਅਦਾ ਕਰ ਸਕਦੇ ਹਨ, ਪਰ ਸਾਰਿਆਂ ਨੂੰ ਨਾਲ ਲੈ ਕੇ ਅਗਵਾਈ ਕਰਨ ਅਤੇ ਪੰਜਾਬ ਲਈ ਚੰਗੀ ਵਿਜ਼ਨ ਦੇਣ ਦੀ ਸ਼ਾਇਦ ਉਹ ਸਮਰੱਥਾ ਨਹੀਂ ਰਖਦੇ। ਕੁੱਝ ਲੋਕ ਨਵਜੋਤ ਸਿੰਘ ਸਿੱਧੂ ਨੂੰ ਵੀ ਮੁੱਖ ਮੰਤਰੀ ਵਜੋਂ ਵੇਖਦੇ ਹਨ। ਉਨੰਾਂ ਪਾਸ ਕ੍ਰਿਕਟ ਅਤੇ ਰੀਅਲਟੀ ਸ਼ੋਅ ਕਰਨ ਦਾ ਤਜਰਬਾ ਬਹੁਤ ਹੈ, ਲੋਕਾਂ ਨੂੰ ਭਰਮਾਉਣ ਲਈ ਸਟੇਜੀ ਸਮਰੱਥਾ ਵੀ ਹੈ, ਚੋਣ ਪ੍ਰਚਾਰ ਲਈ ਵਧੀਆ ਮੁਹਾਰਤ ਹੈ, ਭਾਜਪਾ ਤੇ ਕਾਂਗਰਸ ਉਨਾਂ ਦੀ ਇਸ ਮੁਹਾਰਤ ਦੀ ਵਰਤੋਂ ਵੀ ਕਰਦੀਆਂ ਰਹੀਆਂ ਹਨ, ਜਿਸ ਕਾਰਨ ਉਹ ਉਨਾਂ ਨੂੰ ਐਮ ਪੀ ਜਾਂ ਵਿਧਾਇਕ ਬਣਾ ਕੇ ਨਵਾਜਦੀਆਂ ਵੀ ਰਹੀਆਂ ਹਨ। ਪਰ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਦੀ ਸਮਰੱਥਾ ਅਤੇ ਰਾਜਨੀਤਕ ਸਟੇਟਸਮੈਨ ਵਾਲਾ ਠਹਿਰਾ ਸ਼ਾਇਦ ਉਨਾਂ ਪਾਸ ਵੀ ਨਹੀਂ ਹੈ। ਇਨਾਂ ਵਿੱਚ ਵੀ ਬਹੁਤੀਆਂ ਖੁਬੀਆਂ ਭਗਵੰਤ ਮਾਨ ਵਾਲੀਆਂ ਹੀ ਹਨ। ਅੱਜ ਦੇ ਸੰਕਟਮਈ ਦੌਰ ਵਿੱਚ, ਪੰਜਾਬ, ਦੋ ਪਰਖੇ ਹੋਏ ਮੁੱਖ ਮੰਤਰੀਆਂ ਅਤੇ ਦੋ ਪਰਖ ਕਰਾਉਣ ਦੀ ਇੱਛਾ ਰੱਖਣ ਵਾਲੇ, ਲੱਛੇਦਾਰ ਸ਼ਬਦਾਂ, ਸ਼ੇਅਰਾਂ ਅਤੇ ਚੁਟਕਲਿਆਂ ਦੀ ਵਰਤੋਂ ਦੇ ਮਾਹਰ ਲੀਡਰਾਂ ਤੋਂ ਕੁੱਝ ਵੱਧ ਡੀਜਰਵ ਕਰਦਾ ਹੈ।

ਪੰਜਾਬ ਦੇ ਲੋਕ ਬਹੁਤ ਹਿੰਮਤੀ ਹਨ, ਮਿਹਨਤੀ ਹਨ ਤੇ ਹਰ ਨਵੀਂ ਤਬਦੀਲੀ ਨੂੰ ਜਲਦ ਜੀ ਆਇਆਂ ਕਹਿਣ ਦੀ ਇੱਛਾ ਰਖਦੇ ਹਨ, ਪਰ ਬਦਕਿਸਮਤੀ ਨੂੰ ਪਿਛਲੇ ਪੰਜਾਹ ਸਾਲਾਂ ਤੋਂ ਇਸ ਨੂੰ ਘਸੀ ਪਿਟੀ ਸਾਮੰਤੀ ਸੋਚ ਵਾਲੇ ਸਰਦਾਰ ਹੀ ਅਗਵਾਈ ਲਈ ਮਿਲਦੇ ਰਹੇ ਹਨ ਜੋ ਪੰਜਾਬ ਨੂੰ ਅੱਗੇ ਲਿਜਾਣ ਦੀ ਥਾਂ ਪਿਛੇ ਵੱਲ ਹੀ ਲੈ ਕੇ ਗਏ ਹਨ। ਤਰਾਸਦੀ ਇਹ ਹੈ ਕਿ ਇਥੋਂ ਦਾ ਵੋਟਰ ਚੋਣਾਂ ਨਜ਼ਦੀਕ ਆ ਕੇ ਭਰਮਾਇਆ ਜਾਂਦਾ ਹੈ। ਛੋਟੇ ਛੋਟੇ ਲਾਲਚ ਅਤੇ ਭਾਵੁਕਤਾ ਉਸ ਦੇ ਮਨ ਨੂੰ ਗੁਮਰਹ ਕਰ ਦਿੰਦੀ ਹੈ। 2017 ਵਿੱਚ ਛਾਤਰ ਤਿਕੜਮਬਾਜ ਚੋਣਨੀਤੀ ਘਾੜੇ, ਪ੍ਰਸ਼ਾਂਤ ਕਿਸ਼ੋਰ ਕੁੱਝ ਕਰੋੜਾਂ ਵਿੱਚ ਇਸ ਨੂੰ ਸੁਪਨੇ ਵੇਚ ਗਿਆ। ਲੋਕ ਉਸ ਦੇ ਛਲਾਵੇ ਵਿੱਚ ਆ ਗਏ। ਉਸ ਨੇ ਦੇਸ਼ ਅਤੇ ਕਈ ਸੂਬਿਆਂ ਦਾ ਘਾਣ ਕੀਤਾ ਹੈ। ਹੁਣ ਇਕ ਵਾਰ ਫਿਰ ਸਾਰੀਆਂ ਪਾਰਟੀਆਂ ਅਜਿਹੇ ਕਿਸ਼ੋਰੀ ਜੁਮਲੇ ਵੇਚਣ ਲਈ ਤਿਆਰ ਹਨ, ਪਰ ਕੀ ਪੰਜਾਬੀ ਇਕ ਵਾਰ ਫਿਰ ਇਨਾਂ ਜੁਮਲਿਆਂ ਦੇ ਸ਼ਿਕਾਰ ਹੋ ਜਾਣਗੇ ?

ਇਸ ਵਾਰ ਸ਼ਾਇਦ ਹਾਲਤ ਕੁੱਝ ਬਦਲ ਜਾਣ। ਪੰਜਾਬ ਵਿੱਚ ਪਿਛਲੇ ਇਕ ਸਾਲ ਤੋਂ ਚੱਲ ਰਹੇ ਕਿਸਾਨ ਸੰਘਰਸ਼ ਨੇ ਇਥੋਂ ਦੇ ਰਾਜਨੀਤਕ ਧਰਾਤਲ ਅਤੇ ਸਮਾਜੀਕਰਨ ਨੂੰ ਬਹੁਤ ਬਦਲਿਆ ਹੈ। ਇਸ ਨੇ ਸਾਰੇ ਦੇਸ਼ ਦੀ ਰਾਜਨੀਤੀ ਅਤੇ ਸੋਚ ਨੂੰ ਨਵਾਂ ਹਲੂਣਾ ਦਿੱਤਾ ਹੈ। ਇਸ ਵੱਲ ਅਮਰੀਕਾ ਦੇ ਮਸ਼ਹੂਰ ਸਮਾਜ ਵਿਗਿਆਨੀ ਨੋਮ ਚੋਮਸਕੀ, ਸਵੱਲੀ ਨਜ਼ਰ ਨਾਲ ਵੇਖ ਰਹੇ ਹਨ ਅਤੇ ਕਹਿ ਰਹੇ ਹਨ ਕਿ ਇਹ ਅੰਦੋਲਨ ਦੁਨੀਆਂ ਦੇ ਕਿਸਾਨਾਂ, ਕਾਮਿਆਂ ਅਤੇ ਆਮ ਲੋਕਾਂ ਨੂੰ ਸੇਧ ਦੇ ਸਕਦਾ ਹੈ ਅਤੇ ਕਾਰਪੋਰੇਟ ਅਜਾਰੇਦਾਰੀ ਨੂੰ ਚੁਣੌਤੀ ਦੇ ਸਕਦਾ ਹੈ। ਸਮਾਜਿਕ ਇਨਕਲਾਬਾਂ ਤੋਂ ਬਾਅਦ, ਪਹਿਲੀ ਵਾਰ ਦੁਨੀਆਂ ਵਿੱਚ ਕਿਸੇ ਨੇ ਭਾਰੂ ਕਾਰਪੋਰੇਟ ਸੈਕਟਰ ਨਾਲ ਆਡਾ ਲਿਆ ਹੈ। ਕਿਸਾਨ ਸੰਘਰਸ਼ ਦੀ ਸੁਲਝੀ ਹੋਈ ਲੀਡਰਸ਼ਿਪ ਅੱਜ ਮੱਛੀ ਦੀ ਅੱਖ ਵਿੱਚ ਤੀਰ ਮਾਰਨ ਲਈ ਤਿਆਰ ਬੈਠੀ ਹੈ। ਪੰਜਾਬੀਆਂ ਦੀ ਭਾਵੁਕਤਾ ਨੂੰ ਭਰਮਾਉਣ ਲਈ ਧਾਰਮਿਕ ਮੁੱਦਿਆਂ ਨੂੰ ਬਹੁਤ ਹਵਾ ਦਿੱਤੀ ਜਾ ਰਹੀ ਹੈ, ਸਾਰੀਆਂ ਰਾਜਨੀਤਕ ਪਾਰਟੀਆਂ ਅਤੇ ਉਨਾਂ ਦੇ ਲੀਡਰ ਇਸ ਨੂੰ ਹੀ ਅਸਲ ਮੁੱਦੇ ਵਜੋਂ ਪ੍ਰਚਾਰ ਰਹੇ ਹਨ। ਸਰਕਾਰੀ ਏਜੰਸੀਆਂ ਅਤੇ ਸੰਸਥਾਵਾਂ ਵੀ ਇਸੇ ਪਾਸੇ ਕਦਮ ਵਧਾ ਰਹੀਆਂ ਹਨ, ਪਰ ਕਿਸਾਨਾਂ ਅਤੇ ਆਮ ਲੋਕਾਂ ਵਿੱਚ ਅੱਜ ਆਰਥਕ ਮੁੱਦੇ ਭਾਰੂ ਹਨ। ਕਿਸਾਨ ਵਿਰੋਧੀ ਏਜੰਸੀਆਂ ਨੇ ਦੇਸ਼ ਅਤੇ ਵਿਦੇਸ਼ ਤੋਂ, ਕਿਸਾਨ ਅੰਦੋਲਨ ਵਿੱਚ ਵੀ ਧਾਰਮਿਕ, ਸੰਪ੍ਰਦਾਇਕ ਅਤੇ ਭਾਵੁਕ ਮੁੱਦਿਆਂ ਨੂੰ ਰੱਦ ਕਰਾਉਣ ਲਈ ਅੱਡੀ ਚੋਟੀ ਦਾ ਜੋਰ ਲਾਇਆ, ਪਰ ਉਹ ਅਸਫਲ ਰਹੀਆਂ। ਇਸ ਤੋਂ ਇਕ ਗੱਲ ਸਾਫ ਹੋ ਰਹੀ ਹੈ ਕਿ ਧਾਰਮਿਕ, ਸੰਪ੍ਰਦਾਇਕਿ ਅਤੇ ਜਾਤੀਵਾਦ ਆਦਿ ਦੇ ਮੁੱਦੇ ਬਹੁਤੇ ਉਸ ਸਮੇਂ ਹੀ ਕੰਮ ਕਰਦੇ ਹਨ ਜਦੋਂ ਲੋਕਾਂ ਨੂੰ ਆਰਥਕ ਸੁਰੱਖਿਆ ਹੁੰਦੀ ਹੈ। ਇਕੱਲੇ ਧਾਰਮਿਕ ਮੁੱਦਿਆਂ ਨਾਲ ਕੋਈ ਵੀ ਪਾਰਟੀ ਸੱਤਾ ਨਹੀਂ ਹਥਿਆ ਸਕਦੀ, ਉਸ ਨੂੰ ਆਰਥਿਕ ਲੌਲੀ ਪੌਪ, ਜਿਵੇਂ ਕਰੋੜਾਂ ਨੌਕਰੀਆਂ ਦੇਣ ਦਾ ਝਾਂਸਾ, ਜ਼ਮੀਨਾਂ ਦੀ ਰੱਖਿਆ ਕਰਨ ਦਾ ਵਾਅਦਾ, ਆਮਦਨ ਵਧਾਉਣ ਦਾ ਵਾਅਦਾ, ਕਰਜ਼ੇ ਮਾਫ ਕਰਨ ਤੇ ਬਿਜਲੀ ਮੁਫਤ ਦੇਣ ਦਾ ਵਾਅਦਾ ਆਦਿ ਵੀ ਨਾਲ ਕਰਨੇ ਪੈਂਦੇ ਹਨ। ਪਰ ਕੀ ਹੁਣ ਕੇਵਲ ਵਾਅਦਿਆਂ ਜਾਂ ਜੁਮਲਿਆਂ ਨਾਲ ਲੋਕਾਂ ਨੂੰ ਭਰਮਾਇਆ ਜਾ ਸਕਦਾ ਹੈ ? ਸ਼ਾਇਦ ਹੁਣ ਇਹ ਫਾਰਮੂਲਾ ਵੀ ਫੇਲ ਹੁੰਦਾ ਲਗਦਾ ਹੈ। ਸ਼ਾਇਦ ਇਸ ਲਈ ਹੀ ਪ੍ਰਸ਼ਾਂਤ ਕਿਸ਼ੋਰ ਹੁਣ ਸੁਪਨਾ ਰਾਜਨੀਤੀ ਤਿਆਗ ਰਿਹਾ ਹੈ। ਕਿਸਾਨ ਮੋਰਚੇ ਨੇ ਲੋਕਾਂ ਨੂੰ ਦੱਸ ਦਿੱਤਾ ਹੈ ਕਿ ਰਾਜਨੀਤਕ ਝੂਠ ਤੋਂ ਬਚੋ, ਆਪਣੀ ਹੋਣੀ ਖੁਦ ਤਹਿ ਕਰੋ।



ਕਿਸਾਨ ਮੋਰਚੇ ਦੇ ਲੀਡਰ ਹਰ ਰੋਜ ਸੱਤਾ ਤੇ ਕਾਬਜ਼ ਵਿਅਕਤੀ ਵਿਸ਼ੇਸ਼ ਅਖੌਤੀ ਨੇਤਾਵਾਂ ਅਤੇ ਪਾਰਟੀ ਲੀਡਰਾਂ ਦੇ ਪਰਦੇਫਾਸ਼ ਕਰ ਰਹੇ ਹਨ, ਇਨਾਂ ਨੇ ਲੀਡਰਾਂ ਦੇ ਝੂਠ ਅਤੇ ਕਾਰਪੋਰੇਟ ਲੁੱਟ ਨੂੰ ਕਾਫੀ ਹੱਦ ਤੱਕ ਨੰਗਾ ਕੀਤਾ ਹੈ, ਇਨਾਂ ਕਾਰਪੋਰੇਟ ਮੀਡੀਆ ਦੇ ਝੂਠ ਦਾ ਧੂੰਆਂ ਕੱਢਿਆ ਹੈ, ਲੋਕ ਕਿਸਾਨ ਮੋਰਚੇ ਦੀ ਸਾਈਟ 'ਤੇ ਜਾ ਕੇ ਉਨਾਂ ਦੇ ਭਾਸ਼ਣ ਸੁਣ ਰਹੇ ਹਨ। ਇਸ ਕਾਰਨ ਪੰਜਾਬ, ਹਰਿਆਣਾ, ਯੂ.ਪੀ. ਅਤੇ ਰਾਜਸਥਾਨ ਤੋਂ ਇਲਾਵਾ ਦੇਸ਼ ਦੇ ਲੋਕ ਰਾਜਨੀਤਕ ਤੌਰ 'ਤੇ ਕਾਫੀ ਸੁਚੇਤ ਹੋ ਰਹੇ ਹਨ। ਪਿਛੇ ਹੋਈਆਂ ਕੁੱਝ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਇਸ ਦਾ ਵੱਡਾ ਸਬੂਤ ਹਨ। ਲੋਕ ਇਨਾਂ ਦੀ ਗੱਲ 'ਤੇ ਵਿਸ਼ਵਾਸ਼ ਕਰ ਰਹੇ ਹਨ ਇਸ ਕਰਕੇ ਹੀ ਤਾਂ ਸਰਕਾਰ ਅਤੇ ਮੀਡੀਆ ਦਾ ਦੁਰਪ੍ਰਚਾਰ ਕਿਸਾਨਾਂ 'ਤੇ ਕੋਈ ਲੇਬਲ ਨਹੀਂ ਲਾ ਸਕਿਆ ਤੇ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਇਸ ਵਿੱਚ ਹਿੰਸਾ ਨਹੀਂ ਵਾੜ ਸਕਿਆ। ਕਿਸਾਨ ਲੀਡਰਾਂ ਦੇ ਠਰੰਮੇ, ਸਹਿਣਸ਼ੀਲਤਾ, ਸਮਝਦਾਰੀ ਅਤੇ ਸਾਂਝੀ ਰਾਏ ( ਜਨਰਲ ਵਿਲ) ਦੀ ਧਾਰਨਾ ਨੂੰ ਦਾਦ ਦੇਣੀ ਬਣਦੀ ਹੈ। ਸੰਯੁਕਤ ਕਿਸਾਨ ਮੋਰਚੇ ਦੀ ਇਸ ਧਾਰਨਾ ਪਿਛੇ ਮੁੱਖ ਰੋਲ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦਾ ਹੈ। ਇਸ ਲਈ ਰਾਕੇਸ਼ ਟਕੈਤ ਵੀ ਹਰ ਥਾਂ ਇਹੋ ਕਹਿੰਦਾ ਹੈ ਕਿ ਅਗਵਾਈ ਸਿੰਘੂ ਬਾਰਡਰ 'ਤੇ ਹੀ ਰਹੇਗੀ ਅਤੇ ਇਹ ਸੰਯੁਕਤ ਕਿਸਾਨ ਮੋਰਚੇ ਪਾਸ ਹੀ ਰਹੇਗੀ। ਇਸ ਦਾ ਅਰਥ ਹੈ ਕਿ ਪੰਜਾਬ ਦੀ ਕਿਸਾਨ ਲੀਡਰਸ਼ਿਪ ਬਹੁਤ ਸੁਲਝੀ ਹੋਈ ਅਤੇ ਸੁਹਿਰਦ ਹੈ। ਇਹ ਕੋਈ ਹਿੰਸਕ ਇਨਕਲਾਬੀ ਪਲਟਾ ਕਰਨ ਦਾ ਇਰਾਦਾ ਨਹੀਂ ਰਖਦੀ, ਇਹ ਵਰਤਮਾਨ ਸੰਵਿਧਾਨਕ ਅਤੇ ਰਾਜਨੀਤਕ ਸਿਸਟਮ ਵਿੱਚ ਰਹਿ ਕੇ ਹੀ ਸ਼ਾਂਤਮਈ ਢੰਗ ਨਾਲ ਲੋਕਪੱਖੀ ਤਬਦੀਲੀਆਂ ਦੀ ਹਾਮੀ ਭਰਦੀ ਹੈ। ਇਹ ਹੰਡੀ ਹੋਈ ਲੀਡਰਸ਼ਿਪ ਅੱਜ ਪੰਜਾਬ ਨੂੰ ਵਰਤਮਾਨ ਪ੍ਰਸਥਿਤੀਆਂ ਵਿੱਚ ਅਗਵਾਈ ਦੇਣ ਦੀ ਸਮਰੱਥਾ ਰਖਦੀ ਹੈ। ਇਹ ਪੰਜਾਬ ਨੂੰ ਨਵਾਂ ਮੁੱਖ ਮੰਤਰੀ ਦਾ ਚਿਹਰਾ ਦੇਣ ਦੇ ਵੀ ਸਮਰੱਥ ਹੈ। ਪੰਜਾਬ ਦੇ ਲੋਕ ਇਸ ਦੇ ਮੁੱਖ ਲੀਡਰਾਂ ਦੀ ਪੰਜਾਬ ਦੇ ਅਖੌਤੀ ਮੁੱਖ ਮੰਤਰੀ ਚਿਹਰਿਆਂ ਨਾਲ ਤੁਲਨਾ ਕਰ ਸਕਦੇ ਹਨ ।

ਪੰਜਾਬ ਨੂੰ ਇਸ ਸਮੇਂ ਬਹੁਤ ਸੁਲਝੇ ਹੋਏ, ਠਹਿਰਾਅ ਵਾਲੇ, ਇਮਾਨਦਾਰ, ਸੱਤਾ ਨਾਲ ਚਿਪਕਣ ਦੇ ਲਾਲਚ ਤੋਂ ਦੂਰ, ਪੰਜਾਬ ਨੂੰ ਘੋਰ ਆਰਥਿਕ ਦਲਦਲ ਵਿੱਚੋਂ ਕੱਢਣ ਵਾਲੇ ਲੀਡਰ ਦੀ ਲੋੜ ਹੈ। ਉਸ ਪਾਸ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਦੀ ਸਮਰੱਥਾ ਹੋਵੇ ਤੇ ਪੰਜਾਬ ਨੂੰ ਇਸ ਨਵੇਂ ਤਕਨੀਕੀ ਯੁੱਗ ਵਿੱਚ ਅੱਗੇ ਲਿਜਾਣ ਦਾ ਜਜ਼ਬਾ ਹੋਵੇ। ਉਸ ਨੂੰ ਆਪਣੇ ਸੁੱਖ ਅਰਾਮ ਨਾਲੋਂ ਪੰਜਾਬ ਦੇ ਸੁੱਖ ਅਰਾਮ ਦੀ ਬਹੁਤੀ ਚਿੰਤਾ ਹੋਵੇ। ਉਹ ਚਾਪਲੂਸਾਂ ਅਤੇ ਸੁਆਰਥੀ ਵਿਅਕਤੀਆਂ ਦੀ ਟੋਲੀ ਜਾਂ ਕੋਟਰੀ ਤੋਂ ਪ੍ਰਭਾਵਤ ਨਾ ਹੋਵੇ। ਉਹ ਕਲੋਨੀਅਲ ਅਤੇ ਸਾਮੰਤੀ ਸੋਚ ਵਾਲੀ ਕੁਰੱਪਟ ਅਫਸਰਸ਼ਾਹੀ ਤੋਂ ਦੂਰ ਰਹਿ ਕੇ, ਉਸ ਨੂੰ ਕੰਟਰੋਲ ਕਰਨ ਦੀ ਸਮਰੱਥਾ ਰਖਦਾ ਹੋਵੇ। ਉਸ ਨੂੰ ਆਪਣੇ ਆਮ ਲੋਕਾਂ ਤੇ ਵਿਸ਼ਵਾਸ ਹੋਵੇ। ਉਸ ਨੂੰ ਪੰਜਾਬ ਦੀਆਂ ਸਮੱਸਿਆਵਾਂ ਦੀ ਸਮਝ ਹੋਵੇ ਅਤੇ ਇਨਾਂ ਦੇ ਹੱਲ ਬਾਰੇ ਪਤਾ ਹੋਵੇ ਜਾਂ ਹੱਲ ਲਈ ਸੁਝਾਅ ਲੈਣ ਦੀ ਇੱਛਾ ਸ਼ਕਤੀ ਹੋਵੇ। ਉਸ ਨੂੰ ਅਤੀਤ ਵਿੱਚ ਪੰਜਾਬ ਦੇ ਮੁੱਖ ਮੰਤਰੀਆਂ ਅਤੇ ਪਾਰਟੀਆਂ ਦੁਆਰਾ ਕੀਤੀਆਂ ਵੱਡੀਆਂ ਗਲਤੀਆਂ ਦਾ ਗਿਆਨ ਹੋਵੇ। ਉਸ ਨੂੰ ਕੇਂਦਰ ਸਰਕਾਰ ਨਾਲ ਵਰਤਣ ਅਤੇ ਉਸ ਤੋਂ ਕੰਮ ਲੈਣ ਦਾ ਸਲੀਕਾ ਅਤੇ ਦਲੇਰੀ ਹੋਵੇ। ਅੱਜ ਦਾ ਗਲੋਬਲ, ਸਰਬੱਤ ਦਾ ਭਲਾ ਚਾਹੁਣ ਵਾਲਾ ਪੰਜਾਬੀ ਭਾਈਚਾਰਾ, ਇਸ ਤਰਾਂ ਦੀ ਲੀਡਰਸ਼ਿਪ ਦਾ ਹੱਕ ਰਖਦਾ ਹੈ। ਸ਼ਾਲਾ, ਇਸ ਵਾਰ ਅਜਿਹਾ ਹੀ ਹੋਵੇ!

# ਅਕਾਲੀ ਦਲ ਬਾਦਲ ਤੇ ਬੀਐਸਪੀ ਗਠਜੋੜ: ਭਵਿੱਖੀ ਸਿਆਸਤ

ਅਮਰਜੀਤ ਅਰਪਨ

ਬਾਦਲ ਅਕਾਲੀ ਦਲ ਅੱਜ ਕੱਲ ਗਰਦਿਸ਼ ਵਿਚ ਹੈ, ਪਰ ਪੈਸਾ, ਵਰਕਰ ਤੇ ਪਾਰਟੀ ਢਾਂਚਾ ਕਾਫ਼ੀ ਮਜ਼ਬੂਤ ਹੈ। ਜਿਹੜੀ ਪਾਰਟੀ ਲੰਬੇ ਸਮੇਂ ਤੋਂ ਰਾਜ ਕਰਦੀ ਆ ਰਹੀ ਹੋਵੇ, ਉਹ ਢੂਈ ਪਰਨੇ ਵੀ ਕਿਉਂ ਨਾ ਪਈ ਹੋਵੇ, ਆਪਣਾ ਦਾਅਵਾ ਕਦੇ ਨਹੀਂ ਛੱਡਦੀ। ਬਹੁਤਿਆਂ ਦੀ ਰਾਏ ਏਹੋ ਹੈ ਕਿ ਇਹ ਗੱਠਜੋੜ ਕੱਢਣ ਪਾਉਣ ਨੂੰ ਕੁੱਝ ਨਹੀਂ ਕਰ ਸਕਦਾ... ਬਿਲਕੁਲ ਠੀਕ, ਪਰ ਗੱਲ ਇਹ ਹੈ ਕਿ ਅਕਾਲੀ ਦਲ ਬਾਦਲ ਦਾ ਲੁਕਵਾਂ ਏਜੰਡਾ ਹੈ ਕੀ ?

ਪੰਜਾਬ ਦੀ ਰਾਜਨੀਤੀ ਦਾ ਦ੍ਰਿਸ਼ ਧੁੰਦਲਕੇ ਵਿਚ ਹੈ। ਅਕਾਲੀ ਦਲ ਬਾਦਲ ਪਿਛਲੇ ਸਮੇਂ ਤੋਂ ਸੱਤਾ ਤੋਂ ਬਾਹਰ ਰਹਿਣ ਦੇ ਬਾਵਜੂਦ ਵੀ ਉਸ ਪੁਜੀਸ਼ਨ 'ਤੇ ਨਹੀਂ ਪਹੁੰਚ ਸਕਿਆ ਜਿਸ ਪੁਜੀਸ਼ਨ 'ਤੇ ਉਸ ਨੂੰ ਬਾਹਰ ਰਹਿੰਦਿਆਂ ਪਹੁੰਚਣਾ ਚਾਹੀਦਾ ਸੀ। ਇਸ ਹਕੀਕਤ ਤੋਂ ਉਹ ਖੁਦ ਵੀ ਜਾਣੂੰ ਹੈ। ਇਸ ਸਮੇਂ ਜਿੱਤਣ ਦੀ ਪੁਜੀਸ਼ਨ ਵਿਚ ਤਾਂ ਕੋਈ ਧਿਰ ਦਿਖ ਨਹੀਂ ਰਹੀ। ਇਸ ਮੌਜੂਦਾ ਹਾਲਾਤ ਨੂੰ ਹੋਰ ਧੁੰਦਲਾ ਬਣਾਉਣ ਲਈ ਸੁਖਬੀਰ ਦਾ ਇਹ ਦਾਅ ਕੂਟਨੀਤਕ ਤੌਰ 'ਤੇ ਉਸ ਦੀ ਆਪਣੀ ਪਾਰਟੀ ਹਿੱਤ ਤੋਂ, ਹੁਣ ਦੇ ਹਾਲਾਤਾਂ ਮੁਤਾਬਕ ਬੜਾ ਕਾਰਗਰ ਹੈ। ਉਹ ਕਿਵੇਂ ?

ਬਾਦਲ ਅਕਾਲੀ ਦਲ ਦੁਆਰਾ ਲੰਮਾ ਸਮਾਂ ਰਾਜਭਾਗ ਭੋਗਣ ਦੌਰਾਨ ਚੰਗੀ ਕਾਰਗੁਜ਼ਾਰੀ ਨਾ ਵਿਖਾ ਸਕਣ ਕਾਰਨ ਲੋਕਾਂ ਦੇ ਮਨ ਤੋਂ ਇਹ ਪਾਰਟੀ ਉੱਤਰ ਗਈ। ਇਸ ਪਾਰਟੀ ਦੀ ਸਿਆਸਤ ਦਾ ਸੂਰਜ ਡੁੱਬਣ ਦੇ ਕਿਨਾਰੇ 'ਤੇ ਹੈ, ਕੁੱਝ ਹਿਤਾਂ ਬੱਧੇ ਲੋਕ/ਲੀਡਰ ਜ਼ਰੂਰ ਜੁੜੇ ਹੋਏ ਹਨ, ਸ਼੍ਰੋਮਣੀ ਕਮੇਟੀ ਵੀ ਇਨਾਂ ਦੇ ਅਧੀਨ ਹੈ, ਪਰ ਲੋਕ ਨਾਲ ਨਹੀਂ ਹਨ..ਇਹ ਕੌੜੀ ਸਚਾਈ ਹੈ।....ਦੂਜੇ ਪਾਸੇ ਪਿੱਛੇ ਜਿਹੇ ਵਾਪਰੀਆਂ ਕੁੱਝ ਘਟਨਾਵਾਂ ਤੋਂ ਕਾਂਗਰਸ ਵੀ ਲੋਕਾਂ ਦੀ ਚਹੇਤੀ ਪਾਰਟੀ ਨਹੀਂ ਬਣ ਸਕੀ ਤੇ 'ਆਪ' ਦਾ ਹਾਲ ਤੁਹਾਡੇ ਸਾਹਮਣੇ ਹੈ। ਇਸ ਸਾਰੇ ਮੰਜ਼ਰ ਵਿਚ ਸੁਖਬੀਰ ਤੇ ਉਸ ਦੇ ਨਾਲ ਖਲੋਤੇ ਕੁੱਝ ਲੀਡਰਾਂ ਦਾ ਆਪਣੀ ਹੋਂਦ ਦਾ ਸੁਆਲ ਹੈ। ਪੈਸਾ ਹੈ, ਪਾਰਟੀ ਦਾ ਢਾਂਚਾ ਹੈ, ਵਰਕਰ ਹਨ, ਪਰ ਨਹੀਂ ਹਨ ਤਾਂ ਲੋਕ ਨਾਲ ਨਹੀਂ ਹਨ ਤੇ ਪ੍ਰਕਾਸ਼ ਸਿੰਘ ਬਾਦਲ ਦਾ ਚਿਹਰਾ ਇਸ ਚੋਣ ਵਿਚ ਬਿਲਕੁਲ ਨਹੀਂ ਚੱਲ ਸਕਦਾ, ਉਸਦੀ ਔਹਦ ਹੁਣ ਮੁੱਕ ਗਈ ਹੈ ਤੇ ਨਾਲ ਹੀ ਇਹ ਕਿ ਸੁਖਬੀਰ ਤੇ ਕੁੱਝ ਹੋਰ ਚੋਣਵੇਂ ਲੀਡਰਾਂ ਕੋਲ ਅਰਬਾਂ ਦੀ ਜਾਇਦਾਦ ਨੂੰ ਬਚਾ ਕੇ ਰੱਖਣ ਦਾ ਹਿੱਤ। ਸੁਖਬੀਰ ਦਾ ਹਿੱਤ ਇਹ ਕਿ ਆਪ ਤਾਂ ਜਿੱਤ ਸਕਣਾ ਨਹੀਂ, ਬੀਐਸਪੀ ਹੀ ਸਹੀ। ਇਸਨੂੰ ਨਾਲ ਜੋੜ ਕੇ ਕਈ ਵਿਧਾਨ ਸਭਾਈ ਸੀਟਾਂ ਤੇ ਵੋਟਾਂ ਦਾ ਸਮੀਕਰਨ ਵਿਗਾੜੋ ਤੇ ਲੁਕਵਾਂ ਏਜੰਡਾ ਇਹ ਕਿ ਕਿਸੇ




ਪਾਰਟੀ ਦੀ ਮੈਜੋਰਟੀ ਆਵੇ ਈ ਨਾ। ਆਪਣਾ ਕਿਸੇ ਨਾਲ ਗੰਢਚਿਤਰਾਵਾ ਹੋ ਗਿਆ ਤਾਂ ਠੀਕ (ਜੀਹਦੀ ਸੰਭਾਵਨਾ ਘੱਟ ਹੈ) ਤੇ ਜਿਨਾਂ ਦਾ ਵੀ ਆਪਸੀ ਸਮਝੌਤਾ ਹੋ ਗਿਆ, ਆਪੇ ਇਕ ਦੂਜੇ ਨਾਲ ਛਿੱਤਰ ਪੌਲਾ ਕਰਦੇ ਰਹਿਣਗੇ, ਆਪਣਾ ਤਾਂ ਕੰਮ ਇਹੀ ਹੋਣੈ 'ਅੱਗ ਲਾ ਕੇ ਡੱਬੂ ਕੰਧ ਤੇ' 22 ਤੋਂ ਬਾਅਦ ਪੰਜਾਬ ਦੀ ਰਾਜਨੀਤੀ ਵਿੱਚ ਕੰਮਜ਼ੋਰ ਵਿਧਾਨ ਸਭਾ ਬਣਨ ਨਾਲ ਕਈ ਤਰਾਂ ਦੇ ਧੜੇ, ਤੇ ਹੋਰ ਟੁੱਟ-ਭੱਜ, ਆਰਥਿਕਤਾ ਦਾ ਹੋਰ ਨਿਘਰਨਾ। ਪੰਜਾਬ ਦਾ ਇਹ ਸੰਭਾਵਿਤ ਭਵਿੱਖ ਵਿਖਾਈ ਦੇ ਰਿਹਾ ਹੈ। ਬਾਅਦ ਦੇ ਰਾਜਨੀਤਕ ਮੰਜ਼ਰ ਵਿਚ ਸੁਖਬੀਰ ਬਾਦਲ ਦਾ ਸੰਭਾਵਿਤ ਏਜੰਡਾ ਇਹ ਕਿ ਸਾਡੇ 'ਤੇ ਲੱਗੇ ਦੋਸ਼ ਲੋਕੀਂ ਭੁੱਲ ਭੁਲਾ ਜਾਣਗੇ ਤੇ ਫੇਰ ਵੇਖਾਂਗੇ ਕਿ ਆਪਣੀ ਰਾਜਨੀਤੀ ਦਾ ਉੱਠ ਕਿਹੜੇ ਪਾਸੇ ਬਠਾਉਣੈ।

ਰਾਜਨੀਤੀ ਫ਼ਿਲਹਾਲ ਸੰਭਾਵਨਾਵਾਂ ਦੀ ਖੇਡ ਹੈ। ਇਹ ਸੰਭਾਵਨਾਵਾਂ ਸਿਰਫ਼ ਉਦੋਂ ਮਿਟਦੀਆਂ ਨੇ ਜਦੋਂ ਸਮਾਜ ਵਿਚ ਬਹੁਤ ਵੱਡੀ ਲਹਿਰ ਚੱਲ ਰਹੀ ਹੋਵੇ ਤੇ ਲਹਿਰ ਕਿਸੇ ਪੋਲੀਟੀਕਲ ਜਾਮੇ ਵਿੱਚ ਜਾ ਰਹੀ ਹੋਵੇ।

ਭਵਿੱਖ ਵਿੱਚ ਕੁੱਝ ਵੀ ਹੋ ਸਕਦੈ-

ਹੋ ਸਕਦੈ ਕਿ ਕਿਸਾਨੀ ਅੰਦੋਲਨ ਤੋਂ ਆਈ ਚੇਤਨਾ ਕੁੱਝ ਹੱਦ ਤੱਕ 22 ਦੀ ਇਲੈਕਸ਼ਨ ਵੇਲੇ ਰੋਲ ਅਦਾ ਕਰੇ ਤੇ ਗੁਣਾਤਮਿਕ ਪਰਿਵਰਤਨ 22 ਦੀ ਇਲੈਕਸ਼ਨ ਤੋਂ ਬਾਅਦ ਹੋ ਸਕਣ ਦੀ ਸੰਭਾਵਨਾ, ਇਹ ਨਿਰਧਾਰਤ ਕਰੇਗਾ ਕਿ ਲੋਕਾਂ ਦੀ ਚੇਤਨਾ, ਸਮਰਪਿਤ ਬੁਧੀਜੀਵੀਆਂ ਦਾ ਰੋਲ ਤੇ ਹੋਰ ਸੁਜੋਗ ਧਿਰਾਂ ਉੱਪਰ, ਉਸ ਦੀ ਆਪਣੀ ਸੰਗਠਨਾਤਮਕ ਯੋਗਤਾ ਤੇ ਪੰਜਾਬ ਪ੍ਰਤੀ ਉਨਾਂ ਦਾ ਬਹੁ-ਪਸਾਰੀ ਵਿਜ਼ਨ ਕਿਹੋ ਜਿਹਾ ਹੈ ?

# ਨੌਜਵਾਨਾਂ ਦੀ ਨਸਲਕੁਸ਼ੀ ਦਾ ਸੰਕੇਤ ਦਿੰਦੇ ਨੇ ਜੱਸੀ, ਜੈਪਾਲ ਭੁੱਲਰ ਦੇ ਪੁਲਿਸ ਮੁਕਾਬਲੇ




**ਬਘੇਲ ਸਿੰਘ ਪੱਤਰਕਾਰ**

**99142-58142**


'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਵਾਲੀ ਕਹਾਵਤ ਅਸਲ ਵਿੱਚ ਉਦੋਂ ਬਣੀ ਸੀ, ਜਦੋਂ ਅਫਗਾਨਿਸਤਾਨ ਦੇ ਰਾਹ ਤੋਂ ਆਉਣ ਵਾਲੇ ਧਾੜਵੀ ਭਾਰਤ ਨੂੰ ਲੁੱਟਣ ਕੁੱਟਣ ਕਈ ਹਮਲਾ ਕਰਨ ਆਉਂਦੇ ਤਾਂ ਉਨਾਂ ਨੂੰ ਭਾਰਤ ਵਿਚ ਦਾਖਲ ਹੋਣ ਲਈ ਪੰਜਾਬ ਵਿਚੋਂ ਲੰਘਣਾ ਪੈਂਦਾ। ਜਿੱਥੇ ਉਨਾਂ ਦਾ ਵਾਹ ਗੁਰੂ ਦੇ ਖਾਲਸੇ ਨਾਲ ਪੈਂਦਾ ਤੇ ਉਨਾਂ ਨੂੰ ਭਾਰਤ 'ਚੋਂ ਲੁੱਟਿਆ ਮਾਲ ਜਿਸ ਦੇ ਵਿੱਚ ਬਹੂ ਬੇਟੀਆਂ ਵੀ ਸ਼ਾਮਲ ਹੁੰਦੀਆਂ ਸਨ, ਇੱਥੇ ਹੀ ਛੱਡਣਾ ਪੈਂਦਾ ਸੀ। ਅਫਗਾਨੀ ਧਾੜਵੀ ਜਦੋਂ ਵੀ ਭਾਰਤ ਉਪਰ ਹਮਲਾ ਕਰਦੇ ਤਾਂ ਪੰਜਾਬ ਦੇ ਜਾਏ ਉਨਾਂ ਨੂੰ ਲੰਮੇ ਹੱਥੀਂ ਲੈਂਦੇ।ਸੋ ਇਨਾਂ ਨਿੱਤ ਦੀਆਂ ਗੁਰੀਲਾ ਲੜਾਈਆਂ ਨੇ ਸਿੱਖਾਂ ਦੇ ਨਾਲ ਇਹ ਅਖਾਣ ਜੋੜ ਦਿੱਤੀ ਕਿ 'ਪੰਜਾਬ ਦੇ ਜਾਇਆਂ ਨੂੰ ਨਿੱਤ ਮੁਹਿੰਮਾਂ'।ਭਾਵੇਂ ਪੰਜਾਬ ਦੇ ਜਾਇਆਂ ਦੀਆਂ ਉਹ ਕੋਈ ਨਿੱਜੀ ਲੜਾਈਆਂ ਨਹੀਂ ਸਨ ਹੁੰਦੀਆਂ ਤੇ ਉਹ ਭਾਰਤੀ ਬਹੂ ਬੇਟੀਆਂ ਦੀ ਆਣ ਇੱਜਤ ਦੀ ਰਾਖੀ ਲਈ ਅਤੇ ਲੁੱਟ ਦਾ ਮਾਲ ਵਾਪਸ ਦਿਵਾਉਣ ਦੇ ਇਰਾਦੇ ਨਾਲ ਹੀ ਸਿੱਖ ਆਪਣਾ ਪਰਮ ਧਰਮ ਸਮਝ ਕੇ ਲੜਦੇ ਰਹੇ ਸਨ, ਪ੍ਰੰਤੂ ਸਿੱਖਾਂ ਦੇ ਉਨਾਂ ਬਹਾਦਰੀ ਭਰੇ ਕਾਰਨਾਮਿਆਂ ਦਾ ਦੁਖਾਂਤ ਇਹ ਰਿਹਾ ਹੈ ਕਿ ਭਾਰਤ ਦੇ ਹਾਕਮਾਂ ਨੇ ਸਿੱਖਾਂ ਦੇ ਅਹਿਸਾਨਮੰਦ ਰਹਿਣ ਦੀ ਬਜਾਏ ਸਿੱਖਾਂ ਦੀ ਇਸ ਬਹਾਦਰੀ ਨੂੰ ਉਨਾਂ ਦੇ ਖੂਨ 'ਚੋਂ ਕੱਢਣ ਲਈ ਸਾਜਿਸ਼ਾਂ ਰਚਣੀਆਂ ਸ਼ੁਰੂ ਕਰ ਦਿੱਤੀਆਂ ਜਿਹੜੀਆਂ 1947 ਤੋਂ ਬਾਅਦ ਨਿਰੰਤਰ ਜਾਰੀ ਰਹੀਆਂ ਹਨ। ਪੰਜਾਬ ਅੰਦਰ ਪਿਛਲੇ ਬਹੁਤ ਲੰਮੇ ਸਮੇਂ ਤੋਂ ਜੁਆਨੀ ਦਾ ਘਾਣ ਹੁੰਦਾ ਆ ਰਿਹਾ ਹੈ। 84 ਤੋਂ ਬਾਅਦ ਪੂਰਾ ਇੱਕ ਦਹਾਕਾ ਸਿੱਖ ਜੁਆਨੀ ਨੂੰ ਹਥਿਆਰ ਚੁੱਕਣ ਲਈ ਮਜਬੂਰ ਕੀਤਾ ਗਿਆ ਤੇ ਭਾਈ ਹੱਥੋਂ ਭਾਈ ਨੂੰ ਮਰਵਾਉਣ ਦੀ ਮੁਹਿੰਮ ਚੱਲਦੀ ਰਹੀ। ਆਖਿਰ ਇੱਕ ਪੂਰੀ ਨਸਲ ਨੂੰ ਗਿਣੀ ਮਿਥੀ ਸਾਜਿਸ਼ ਤਹਿਤ ਚੁਣ ਚੁਣ ਕੇ ਖ਼ਤਮ ਕਰ ਦਿੱਤਾ ਗਿਆ।ਉਸ ਤੋਂ ਬਾਅਦ ਦਾ ਸਮਾਂ ਆਇਆ ਪੰਜਾਬ ਵਿੱਚ ਨਸ਼ਿਆਂ ਦਾ, ਇਸ ਦੌਰਾਨ ਫਿਰ ਅਗਲੀ ਪੀੜੀ ਨੂੰ ਨਿਸ਼ਾਨਾ ਬਣਾਇਆ ਗਿਆ। ਇਹ ਦੌਰ ਇੱਕ ਨਹੀਂ ਬਲਕਿ ਦੋ ਦਹਾਕਿਆਂ ਤੱਕ ਲਗਾਤਾਰ ਚੱਲਿਆ ਜਿਸ ਨੂੰ ਕਿਸੇ ਵੀ ਸਰਕਾਰ ਨੇ ਖ਼ਤਮ ਕਰਨ ਲਈ ਕੋਈ ਯਤਨ ਨਹੀਂ ਕੀਤੇ, ਬਲਕਿ ਕੇਂਦਰ ਦੀ ਪੰਜਾਬ ਮਾਰੂ ਸਾਜਿਸ਼ ਤਹਿਤ ਉਨਾਂ ਦਾ ਸਾਥ ਦਿੰਦਿਆਂ ਉਸ ਮੌਕੇ ਦੀ ਅਕਾਲੀ ਭਾਜਪਾ ਸਰਕਾਰ ਨੇ ਪੰਜਾਬ ਦੀ ਜਵਾਨੀ ਨੂੰ ਬਰਬਾਦ ਕਰਨ ਬਦਲੇ ਜਿੱਥੇ ਖੂਬ ਕਮਾਈ ਕੀਤੀ, ਓਥੇ ਕੇਂਦਰੀ ਆਕਾਵਾਂ ਦੀਆਂ ਖੁਸ਼ੀਆਂ ਵੀ ਪ੍ਰਾਪਤ ਕੀਤੀਆਂ। ਜਦੋਂ ਪੰਜਾਬ ਨੇ ਲਗਾਤਾਰ ਆਪਣੀਆਂ ਦੋ ਨਸਲਾਂ ਤਬਾਹ ਹੁੰਦੀਆਂ ਅੱਖੀਂ ਤੱਕ ਲਈਆਂ ਤੇ ਇਹ ਵੀ ਚੰਗੀ ਤਰਾਂ ਸਮਝ ਲਿਆ ਕਿ ਪੰਜਾਬ ਦੇ ਜਾਇਆਂ ਨੂੰ ਨਸ਼ਾ ਸਰਹੱਦ ਪਾਰੋਂ ਨਹੀਂ, ਬਲਕਿ ਦਿੱਲੀ ਦੇ ਕਾਰਖਾਨਿਆਂ ਵਿੱਚ ਤਿਆਰ ਕਰਕੇ ਸਪਲਾਈ ਕੀਤਾ ਜਾਂਦਾ ਹੈ ਤਾਂ ਜਾ ਕੇ ਲੋਕਾਂ ਦੀ ਜਾਗ ਖੁੱਲੀ, ਪਰ ਅਫਸੋਸ ! ਕਿ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਸੋ ਇੱਕ ਨਸਲ ਪੰਜਾਬੀਆਂ ਨੇ ਸਿਰਫ ਅਪਣੇ ਬੱਚਿਆਂ ਦੀਆਂ ਮਿੰਨਤਾਂ ਤਰਲੇ ਕਰਦਿਆਂ ਹੀ ਖ਼ਤਮ ਕਰ ਲਈ, ਜਦੋਂਕਿ ਲੋੜ ਇਸ ਗੱਲ ਦੀ ਸੀ ਕਿ ਇਸ ਸਾਜਿਸ਼ ਦੀ ਤਹਿ ਤੱਕ ਜਾਇਆ ਜਾਂਦਾ, ਪਰ ਪੰਜਾਬ ਇਸ ਗੱਲ ਵਿੱਚ ਵੀ ਮਾਰ ਖਾ ਗਿਆ।ਇਹ ਮਾਰ ਖਾਣ ਦਾ ਇੱਕ ਕਾਰਨ ਇਹ ਵੀ ਹੈ ਕਿ ਪੰਜਾਬ ਦੇ ਭੋਲ਼ੇ ਭਾਲ਼ੇ ਲੋਕ ਉਨਾਂ ਲੋਕਾਂ ਤੋਂ ਨਸ਼ਿਆਂ ਦੇ ਖਾਤਮੇ ਦੀ ਆਸ ਰੱਖਦੇ ਰਹੇ ਜਿਨਾਂ ਵੱਲੋਂ ਪੰਜਾਬ ਦੀ ਜੁਆਨੀ ਨੂੰ ਇਸ ਦਲਦਲ ਵਿੱਚ ਸੁੱਟਿਆ ਗਿਆ ਸੀ। ਤਤਕਾਲੀ ਅਕਾਲੀ ਭਾਜਪਾ ਸਰਕਾਰ ਦੇ ਬਹੁਤ ਸਾਰੇ ਆਗੂ, ਮੰਤਰੀਆਂ ਅਤੇ ਪੁਲਿਸ ਅਧਿਕਾਰੀਆਂ ਦੀ ਸਿੱਧੀ ਸ਼ਮੂਲੀਅਤ ਜੱਗ ਜਾਹਰ ਹੋਣ ਤੋ ਬਾਅਦ ਲੋਕ ਅਕਾਲੀ ਭਾਜਪਾ ਸਰਕਾਰ ਤੋਂ ਖਫਾ ਹੋ ਗਏ, ਜਿਸ ਦਾ ਨਤੀਜਾ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀਆਂ ਨੂੰ ਇਤਿਹਾਸਕ ਹਾਰ ਦੇ ਰੂਪ ਵਿੱਚ ਸਾਹਮਣੇ ਆਇਆ। ਪੰਜਾਬ ਦੇ ਲੋਕਾਂ ਨੇ ਕੈਪਟਨ ਅਮਰਿੰਦਰ ਸਿੰਘ ਤੇ ਰੱਬ ਜਿੰਨਾ ਵਿਸ਼ਵਾਸ਼ ਕਰਕੇ ਉਨਾਂ ਨੂੰ ਭਾਰੀ ਬਹੁਮਤ ਨਾਲ ਜਿਤਾਇਆ ਤਾਂ ਕਿ ਕੈਪਟਨ ਅਮਰਿੰਦਰ ਸਿੰਘ ਆਪਣੇ ਗੁਟਕਾ ਸਾਹਿਬ ਦੀ ਸਹੁੰ ਖਾ ਕੇ ਕੀਤੇ ਵਾਅਦੇ ਨੂੰ ਪੂਰਾ ਕਰ ਸਕਣ, ਪਰ ਇੱਥੇ ਵੀ ਲੋਕਾਂ ਦੇ ਪੱਲੇ ਨਿਰਾਸ਼ਤਾ ਤੋਂ ਬਗੈਰ ਕੁੱਝ ਨਹੀਂ ਪਿਆ।ਪੰਜਾਬ ਅੰਦਰ ਅੱਜ ਵੀ ਨਸ਼ਿਆਂ ਦੇ ਕਾਰੋਬਾਰੀ ਬਿਨਾਂ ਕਿਸੇ ਡਰ ਭੈਅ ਤੋਂ ਇਹ ਕਾਲਾ ਧੰਦਾ ਜ਼ੋਰਾਂ ਸ਼ੋਰਾਂ ਨਾਲ ਕਰ ਰਹੇ ਹਨ। ਨਸ਼ਾ ਤਸਕਰਾਂ ਦੇ ਨਾਲ ਪੁਲਿਸ ਦੀ ਮਿਲੀ ਭੁਗਤ ਵੀ ਕਿਸੇ ਤੋਂ ਲੁਕੀ ਛੁਪੀ ਨਹੀਂ ਹੈ, ਬਲਕਿ ਬਹੁਤ ਕੇਸ ਅਜਿਹੇ ਵੀ ਸਾਹਮਣੇ ਆਏ ਹਨ ਜਿਸ ਵਿੱਚ ਦੇਖਿਆ ਗਿਆ ਹੈ ਕਿ ਲੋਕਾਂ ਵੱਲੋਂ ਕਾਬੂ ਕੀਤੇ ਨਸ਼ਾ ਤਸਕਰ ਪੁਲਿਸ ਵਾਲੇ ਹੀ ਨਿਕਲੇ ਹਨ।ਇਹ ਸਾਰਾ ਕੁਝ ਇੱਕ ਗਿਣੀ ਮਿਥੀ ਸਾਜਿਸ਼ ਤਹਿਤ ਪੰਜਾਬ ਨੂੰ ਖਾਸ ਕਰਕੇ ਪੰਜਾਬ ਦੀ ਜੁਆਨੀ ਨੂੰ ਬਰਬਾਦ ਕਰਨ ਲਈ ਕੀਤਾ ਜਾ ਰਿਹਾ ਹੈ। ਅਗਲਾ ਕਦਮ ਪੰਜਾਬ ਦੀ ਜੁਆਨੀ ਨੂੰ ਚੁਣ ਚੁਣ ਕੇ ਖ਼ਤਮ ਕਰਨ ਦਾ ਗੈਂਗਸਟਰ ਸੱਭਿਆਚਾਰ ਨੂੰ ਪਹਿਲਾਂ ਪ੍ਰਫੁਲਤ ਕਰਨਾ ਅਤੇ ਫਿਰ ਇਸ ਗੈਂਗਸਟਰ ਸ਼ਬਦ ਦੀ ਆੜ ਵਿੱਚ ਹੀ ਉਨਾਂ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਰਸਤੇ ਵਿਚੋਂ ਹਟਾਉਣਾ ਹੈ, ਜਿਹੜੇ ਸਿੱਖ ਇਤਿਹਾਸ ਦੀ ਜਾਣਕਾਰੀ ਰੱਖਦੇ ਹਨ, ਜਿਨਾਂ ਦੇ ਅੰਦਰ ਪੰਜਾਬ ਨਾਲ ਹੋਈਆਂ ਬੇਇਨਸਾਫੀਆਂ ਦਾ ਦਰਦ ਹੈ, ਉਨਾਂ ਦੀ ਸ਼ਨਾਖਤ ਕਰਕੇ ਉਨਾਂ ਨੂੰ ਖ਼ਤਮ ਕਰਨਾ ਹੀ ਪੰਜਾਬ ਵਿਰੋਧੀ ਤਾਕਤਾਂ ਦਾ ਨਿਸ਼ਾਨਾ ਹੈ, ਜਿਸ ਦੇ ਵਿੱਚ ਉਨਾਂ ਦੇ ਨਾਲ ਸੂਬਾ ਸਰਕਾਰਾਂ ਵੀ ਭਾਈਵਾਲ ਹੁੰਦੀਆਂ ਹਨ। ਮੌਜੂਦਾ ਸਮੇਂ ਅੰਦਰ ਨਸ਼ਿਆਂ ਦੇ ਨਾਲ ਨਾਲ ਗੈਂਗਸਟਰ ਸ਼ਬਦ ਵੀ ਪੰਜਾਬ ਦੀ ਬਰਬਾਦੀ ਲਈ ਖਾਸ ਅਰਥ ਰੱਖਦਾ ਹੈ। ਗੁਪਤਚਰ ਏਜੰਸੀਆਂ ਵੱਲੋਂ ਗੁਪਤ ਤਰੀਕੇ ਨਾਲ ਅਜਿਹੇ ਮਨਸੂਬਿਆਂ ਨੂੰ ਅੰਜਾਮ ਦਿੱਤਾ ਜਾਂਦਾ ਹੈ। ਇਸ ਦਾ ਖੁਲਾਸਾ ਬੀਤੇ ਦਿਨੀਂ ਇੱਕ ਨਿੱਜੀ ਚੈਨਲ ਨੂੰ ਦਿੱਤੀ ਇੰਟਰਵਿਊ ਵਿੱਚ ਪੁਲਿਸ ਕੇਸਾਂ ਵਿੱਚ ਭਗੌੜੇ ਇੱਕ ਸਿੱਖ ਨੌਜਵਾਨ ਹਰਵਿੰਦਰ ਸਿੰਘ ਰਿੰਦਾ ਵੱਲੋਂ ਕੀਤਾ ਗਿਆ ਹੈ। ਉਨਾਂ ਦੱਸਿਆ ਹੈ ਕਿ ਸਾਨੂੰ ਚਿੱਟੇ ਦੀ ਸਪਲਾਈ ਖੁਦ ਇੱਕ ਏਜੰਸੀ ਦਾ ਅਧਿਕਾਰੀ ਕਰਦਾ ਰਿਹਾ ਹੈ ਤਾਂ ਕਿ ਅਸੀਂ ਉਹ ਨਸ਼ੇ ਨੂੰ ਪੰਜਾਬ ਦੇ ਨੌਜਵਾਨਾਂ ਤੱਕ ਪਹੁੰਚਾ ਕੇ ਉਨਾਂ ਨੂੰ ਬਰਬਾਦੀ ਦੇ ਰਾਹ ਤੋਰ ਸਕੀਏ।ਉਨਾਂ ਵੱਲੋਂ ਚੈਨਲ 'ਤੇ ਦਿੱਤੀ ਇੰਟਰਵਿਊ ਵਿੱਚ ਆਪਣੀ ਕਹਾਣੀ ਵੀ ਬੜੀ ਸਾਫਗੋਈ ਨਾਲ ਸਾਹਮਣੇ ਰੱਖੀ ਗਈ ਹੈ ਕਿ ਕਿਸ ਤਰਾਂ ਮੈਨੂੰ ਪੁਲਿਸ ਵੱਲੋਂ ਭਗੌੜਾ ਹੋਣ ਲਈ ਮਜਬੂਰ ਕੀਤਾ ਜਾਂਦਾ ਰਿਹਾ ਤੇ ਅਖੀਰ ਭਗੌੜਾ ਹੋ ਜਾਣ ਤੋਂ ਬਾਅਦ ਕਿਸ ਤਰਾਂ ਮੇਰੇ ਨਾਮ ਨਾਲ ਖਾੜਕੂ ਸਿੱਖ ਜਥੇਬੰਦੀਆਂ ਦਾ ਨਾਮ ਜੋੜ ਕੇ ਖਤਰਨਾਕ ਗੈਂਗਸਟਰ ਦਾ ਨਾਮ ਦਿੱਤਾ ਗਿਆ ਹੈ।ਉਨਾਂ ਸਾਫ ਕਿਹਾ ਹੈ ਕਿ ਉਹ ਗੈਂਗਸਟਰ ਨਹੀਂ ਹੈ, ਬਲਕਿ ਉਹ ਤਾਂ ਆਪਣੇ ਅਤੇ ਆਪਣੀ ਕੌਮ ਨਾਲ ਹੋਏ ਅਨਿਆਂ ਦਾ ਇਨਸਾਫ ਚਾਹੁੰਦਾ ਹੈ। ਉਨਾਂ ਨੇ ਜੈਪਾਲ ਭੁੱਲਰ ਹੋਰਾਂ ਨਾਲ ਵੀ ਆਪਣੇ ਸਬੰਧ ਹੋਣ ਦੀ ਗੱਲ ਕਬੂਲੀ ਹੈ, ਜਿਸ ਤੋਂ ਇਹ ਸਮਝਣਾ ਹੋਰ ਵੀ ਸੌਖਾ ਹੋ ਜਾਂਦਾ ਹੈ ਕਿ ਜੈਪਾਲ ਭੁੱਲਰ ਹੋਰਾਂ ਦਾ ਝੂਠਾ ਪੁਲਿਸ ਮੁਕਾਬਲਾ ਕਿਉਂ ਬਣਾਇਆ ਗਿਆ। ਕਿਸ ਤਰਾਂ ਅਦਾਲਤਾਂ ਵੱਲੋਂ ਇਨਸਾਫ ਦੇਣ ਤੋਂ ਪਾਸਾ ਵੱਟਿਆ ਜਾਂਦਾ ਹੈ। ਕਿਸ ਤਰਾਂ ਪੀ ਜੀ ਆਈ ਵਰਗੇ ਹਸਪਤਾਲ ਦਾ ਪ੍ਰਸਾਸ਼ਨ ਲੋਕ ਕਟਿਹਰੇ ਵਿੱਚ ਖੜੀ ਪੰਜਾਬ ਪੁਲਿਸ ਦੇ ਹੱਕ ਵਿੱਚ ਭੁਗਤ ਜਾਂਦਾ ਹੈ।ਇਹ ਵਰਤਾਰਾ ਕੋਈ ਆਮ ਵਰਤਾਰਾ ਨਹੀਂ, ਬਲਕਿ ਸਿੱਖ ਜੁਆਨੀ ਨੂੰ ਖ਼ਤਮ ਕਰਨ ਲਈ ਇਹ ਬਿਰਤਾਂਤ ਯੋਜਨਾਬਧ ਢੰਗ ਨਾਲ ਸਿਰਜਿਆ ਜਾ ਰਿਹਾ ਹੈ।ਇਸ ਖੁਲਾਸੇ ਨੇ ਇਹ ਚਿੱਟੇ ਦਿਨ ਵਾਂਗ ਸਾਫ ਕਰ ਦਿੱਤਾ ਹੈ ਕਿ ਆਪਣੇ ਸ਼ਾਨਦਾਰ ਵਿਰਸੇ ਦੀ ਤੜਪ ਰੱਖਣ ਵਾਲੇ ਸਿੱਖ ਨੌਜਵਾਨਾਂ ਦੇ ਮੁਕਾਬਲੇ ਭਵਿੱਖ ਵਿੱਚ ਵੀ ਕਿਸੇ ਨਾ ਕਿਸੇ ਬਹਾਨੇ ਨਾਲ ਬਣਦੇ ਰਹਿਣਗੇ, ਪਰ ਏਥੇ ਪੰਜਾਬੀਆਂ ਨੂੰ ਸਮਝਣਾ ਹੋਵੇਗਾ ਕਿ ਉਨਾਂ ਦੀਆਂ ਨਸਲਾਂ ਨੂੰ ਕਿਸ ਮਨਸੂਬੇ ਨਾਲ ਖ਼ਤਮ ਕਰਨ ਦੀਆਂ ਸਾਜਿਸ਼ਾਂ ਕਦਮ ਦਰ ਕਦਮ ਚੱਲ ਰਹੀਆਂ ਹਨ।ਇਹ ਵੀ ਸਮਝਣਾ ਪਵੇਗਾ ਕਿ ਪੰਜਾਬ ਦੀ ਜੁਆਨੀ ਨੂੰ ਖ਼ਤਮ ਕਰਨ ਲਈ ਦਿੱਲੀ ਵਿੱਚ ਬਣ ਰਹੀਆਂ ਸਾਜਿਸ਼ਾਂ ਵਿੱਚ ਪੰਜਾਬ ਦੇ ਉਹ ਰਾਜਨੀਤਕ ਲੋਕ ਵੀ ਭਾਈਵਾਲ ਹਨ, ਜਿਹੜੇ ਵਾਰੀ ਵੱਟੇ ਪੰਜਾਬ ਦੀ ਸੱਤਾ ਦਾ ਸੁੱਖ ਭੋਗ ਰਹੇ ਹਨ। ਉਪਰੋਕਤ ਵਰਤਾਰੇ ਦੇ ਮੱਦੇਨਜ਼ਰ ਹੇਠਾਂ ਦਿੱਤੇ ਇਨਾਂ ਸਵਾਲਾਂ ਦੇ ਜਵਾਬ ਵੀ ਲੱਭਣੇ ਹੋਣਗੇ, ਕਿ ਪੰਜਾਬ ਦੀ ਬਰਬਾਦੀ ਦਾ ਇਹ ਦੌਰ ਕਦੋਂ ਤੱਕ ਚੱਲਦਾ ਰਹੇਗਾ ? ਕਦੋਂ ਤੱਕ ਪੰਜਾਬ ਦੇ ਨੌਜਵਾਨ ਜੈਪਾਲ ਭੁੱਲਰ ਬਣਦੇ ਰਹਿਣਗੇ ? ਕਦੋਂ ਤੱਕ ਦਿੱਲੀ ਪੰਜਾਬ ਦੀ ਜੁਆਨੀ ਨੂੰ ਖ਼ਤਮ ਕਰਨ ਦੀਆਂ ਸਾਜਿਸ਼ਾਂ ਘੜਦੀ ਰਹੇਗੀ ? ਕਦੋਂ ਇਹ ਬੇਗਾਨਗੀ ਦੀ ਭਾਵਨਾ ਖ਼ਤਮ ਹੋਵੇਗੀ ? ਜਿੱਥੇ ਉਪਰੋਕਤ ਸਾਰੇ ਸਵਾਲਾਂ ਦੇ ਜਵਾਬ ਪੰਜਾਬੀਆਂ ਨੂੰ ਆਪ ਲੱਭਣੇ ਪੈਣਗੇ, ਓਥੇ ਦਿੱਲੀ ਦੇ ਤਖ਼ਤ 'ਤੇ ਬੈਠੇ ਹਾਕਮਾਂ ਨੂੰ ਵੀ ਪੰਜਾਬ ਪ੍ਰਤੀ ਆਪਣੇ ਮਨਾਂ ਵਿਚ ਪਾਲ਼ੀ ਨਫਰਤ ਨੂੰ ਕੱਢਣਾ ਹੋਵੇਗਾ ਅਤੇ ਇਹ ਯਕੀਨੀ ਬਨਾਉਣਾ ਹੋਵੇਗਾ ਕਿ ਪੰਜਾਬ ਦੇ ਹਿਤ ਵੀ ਦੇਸ਼ ਦੇ ਬਾਕੀ ਸੂਬਿਆਂ ਵਾਂਗ ਸੁਰਖਿਅਤ ਰੱਖੇ ਜਾਣੇ ਬਣਦੇ ਹਨ। ਜੇਕਰ ਕੇਂਦਰੀ ਤਾਕਤਾਂ ਦਾ ਰਵੱਈਆ ਪੰਜਾਬ ਪ੍ਰਤੀ ਦੁਸ਼ਮਣਾਂ ਵਾਲਾ ਹੀ ਰਿਹਾ ਤਾਂ ਇੱਕ ਨਾ ਇੱਕ ਦਿਨ ਇਸ ਵੰਨ ਸੁਵੰਨਤਾ ਵਾਲੇ ਮੁਲਕ ਰੂਪੀ ਗੁਲਦਸਤੇ ਵਿੱਚੋਂ ਇਹ ਪੰਜਾਬ ਦਾ ਬੂਟਾ ਸਦਾ ਲਈ ਅਲੋਪ ਹੋ ਜਾਵੇਗਾ, ਜਿਸ ਦੀਆਂ ਜੁੰਮੇਵਾਰ ਉਹ ਤਾਕਤਾਂ ਹੋਣਗੀਆਂ, ਜਿਹੜੀਆਂ ਅੱਜ ਪੰਜਾਬ ਨੂੰ ਬਰਬਾਦ ਕਰਨ ਲਈ ਤਰਾਂ ਤਰਾਂ ਦੇ ਹੱਥਕੰਡੇ ਵਰਤ ਰਹੀਆਂ ਹਨ।



# ਡੀਪ ਸਟੇਟ ਤੇ ਸਿੱਖ ਪੰਥ

ਵਿਸ਼ੇਸ਼ ਮੁੱਦਾ

ਹੁਣ ਤੱਕ ਇਹ ਮੰਨਿਆ ਜਾਂਦਾ ਹੈ ਕਿ ਸਾਹਮਣੇ ਦਿਸਦੀ ਸਰਕਾਰ ਨੂੰ ਚਲਾਉਣ ਲਈ ਇਸ ਦੇ ਪਿਛੇ ਇਕ ਹੋਰ ਸਰਕਾਰ ਕੰਮ ਕਰ ਰਹੀ ਹੁੰਦੀ ਹੈ। ਪੱਛਮੀ ਸ਼ਬਦਾਵਲੀ ਵਿਚ ਇਸ ਨੂੰ ਡੀਪ ਸਟੇਟ ਕਿਹਾ ਜਾਂਦਾ ਹੈ। ਅਕਸਰ ਇਹ ਸੋਚਿਆ ਜਾਂਦਾ ਹੈ ਕਿ ਸਰਕਾਰੀ ਖੁਫੀਆ ਏਜੰਸੀਆਂ ਮਿਲ ਕੇ ਡੀਪ ਸਟੇਟ ਬਣਾਉਂਦੀਆਂ ਹਨ ਅਤੇ ਇਹ ਸਰਕਾਰ ਨੂੰ ਚਲਾਉਂਦੀਆਂ ਹਨ। ਪਰ ਇਹ ਅਧੂਰਾ ਸੱਚ ਹੈ। ਇਸ ਸੱਚ ਵਿਚੋਂ ਆਧੁਨਿਕ 'ਜਮਹੂਰੀ' ਸਰਕਾਰ ਦੇ ਬਾਕੀ ਚਾਰ ਥੰਮ ਅਫਸਰਸ਼ਾਹੀ (ਖੁਫੀਆ ਏਜੰਸੀਆਂ ਜਿਸ ਦਾ ਇਕ ਅੰਗ ਹਨ) ਪਾਰਲੀਮੈਂਟ, ਨਿਆਂ ਪ੍ਰਬੰਧ ਅਤੇ ਮੀਡੀਆ ਅਖੋਂ ਓਹਲੇ ਹੋ ਜਾਂਦੇ ਹਨ।

ਡੀਪ ਸਟੇਟ ਨੂੰ ਸਮਝਣ ਲਈ ਆਧੁਨਿਕ ਜਮਹੂਰੀ ਪ੍ਰਬੰਧ ਨੂੰ ਸਮਝਣ ਦੀ ਲੋੜ ਹੈ। ਇਹ ਜਮਹੂਰੀ ਪ੍ਰਬੰਧ ਭਾਵੇਂ ਅਮਰੀਕਾ ਵਰਗਾ ਦੋ ਪਾਰਟੀ ਰਾਜ ਹੋਵੇ ਤੇ ਭਾਵੇਂ ਭਾਰਤ ਵਰਗਾ ਬਹੁ-ਪਾਰਟੀ ਰਾਜ। ਡੀਪ ਸਟੇਟ ਨੂੰ ਖੁਫੀਆ ਏਜੰਸੀਆਂ ਨਹੀਂ ਬਲਕਿ ਹਾਕਮ ਧਿਰਾਂ ਵਿਚਕਾਰ ਬਣੀ ਆਮ ਸਾਂਝੀ ਰਾਏ (ਇਕ ਖਾਸ ਸੋਚ ਅਧੀਨ ਬਣੀ ਮਾਨਸਿਕਤਾ) ਚਲਾਉਂਦੀ ਹੈ। ਜਿਸ ਰਾਏ ਨਾਲ ਵੱਧ ਘੱਟ ਰੂਪ ਵਿਚ ਸਰਕਾਰ ਦੇ ਸਾਰੇ ਥੰਮ ਸਹਿਮਤ ਹੁੰਦੇ ਹਨ। ਇਹ ਠੀਕ ਹੈ ਕਿ ਇਸ ਆਮ ਸਾਂਝੀ ਰਾਏ ਨੂੰ ਖੁਫੀਆ (ਇੰਟੈਲੀਜੈਂਸ) ਏਜੰਸੀਆਂ ਸੂਤਰਬਧ ਕਰਦੀਆਂ ਹਨ। ਇਹ ਵੀ ਠੀਕ ਹੈ ਕਿ ਕੁਝ (ਗੈਰਕਾਨੂੰਨੀ) ਖੁਫੀਆ ਕਾਰਵਾਈਆਂ ਨੂੰ ਇਹ ਏਜੰਸੀਆਂ ਅਮਲ ਵਿਚ ਵੀ ਲਿਆਉਂਦੀਆਂ ਹਨ। ਪਰ ਇਸ ਦੇ ਬਾਵਜੂਦ ਇਕ ਆਮ ਸਾਂਝੀ ਰਾਏ (ਮਾਨਸਿਕਤਾ) ਇਸ ਡੀਪ ਸਟੇਟ ਦਾ ਮੂਲ ਆਧਾਰ ਹੁੰਦੀ ਹੈ।

ਸਿੱਖਾਂ ਦੇ ਮਸਲੇ ਵਿਚ ਮਨੂੰਵਾਦੀ ਰਾਸ਼ਟਰਵਾਦੀ ਸੋਚ ਅਧੀਨ ਬਣੀ ਮਾਨਸਿਕਤਾ ਭਾਰਤੀ ਡੀਪ ਸਟੇਟ ਦੀ ਤਾਕਤ ਹੈ ਅਤੇ ਇਸ ਦਾ ਮੁਢ 1947 ਦੀ ਟਰਾਂਸਫਰ ਆਫ ਪਾਵਰ (ਹਾਕਮ ਬਦਲੀ) ਨਾਲ ਬਝਦਾ ਹੈ। ਸਭ ਨੂੰ ਪਤਾ ਹੈ ਕਿ 1947 ਤੋਂ ਪਹਿਲਾਂ 'ਆਜ਼ਾਦੀ' ਲਹਿਰ ਦੇ ਬਿਰਤਾਂਤ ਵਿਚ ਹਮੇਸ਼ਾ ਤਿੰਨ ਕੌਮਾਂ ਭਾਵ ਹਿੰਦੂ, ਮੁਸਲਮਾਨ ਅਤੇ ਸਿੱਖ ਕੌਮ ਦੀ ਗੱਲ ਚਲਦੀ ਰਹੀ ਹੈ। ਕੌਮੀ ਰਾਜ (ਨੇਸ਼ਨ ਸਟੇਟ) ਦਾ ਸਕੰਲਪ ਭਾਵੇਂ ਯੂਰਪ ਅੰਦਰ ਪੈਦਾ ਹੋਏ 18ਵੀਂ ਸਦੀ ਦੇ ਪੂੰਜੀਵਾਦ ਦੀ ਦੇਣ ਹੈ ਪਰ ਹਿੰਦੋਸਤਾਨ ਵਿਚ ਇਹ ਹਮੇਸ਼ਾ ਧਰਮਾਂ ਦੇ ਆਧਾਰ ਉਤੇ ਬਹਿਸ ਦਾ ਵਿਸ਼ਾ ਰਿਹਾ ਹੈ। ਤਿੰਨੇ ਧਰਮ ਹਿੰਦੂ, ਮੁਸਲਮਾਨ ਤੇ ਸਿੱਖ ਇਸ ਚਰਚਾ ਦਾ ਆਧਾਰ ਰਹੇ ਹਨ। ਭਾਵੇਂ ਪਛਮੀ ਤਰਜ ਦੇ 'ਜਮਹੂਰੀ' ਰਾਜ ਪ੍ਰਬੰਧ ਬਾਰੇ ਸੋਚ ਕੇ ਹੀ ਗਾਂਧੀ ਨਹਿਰੂ ਪਟੇਲ ਵਰਗੇ ਆਗੂਆਂ ਨੂੰ ਹਿੰਦੂ ਬਹੁਗਿਣਤੀ ਦੇ ਆਧਾਰ ਉਤੇ ਦੇਸ਼ ਨੂੰ ਜਥੇਬੰਦ ਕਰਨ ਦਾ ਖਿਆਲ ਪੈਦਾ ਹੋਇਆ ਹੋਵੇ ਪਰ ਇਹ ਸੋਚਦਿਆ ਹੋਇਆਂ ਵੀ ਮਨੂੰਵਾਦੀ ਬ੍ਰਾਹਮਣੀ ਮਾਨਸਿਕਤਾ ਉਨਾਂ ਦੀ ਸੋਚ ਉਤੇ ਹਮੇਸ਼ਾ ਭਾਰੂ ਰਹੀ। 1947 ਤੱਕ ਉਹ ਇਸੇ ਆਧਾਰ ਉਤੇ ਆਪਣੀਆਂ ਰਾਜਸੀ ਕਾਰਵਾਈਆਂ ਕਰਦੇ ਰਹੇ।

ਇਸ ਆਧਾਰ ਉਤੇ ਹੀ ਗਾਂਧੀ ਨੇ ਡਾ. ਅੰਬੇਡਕਰ ਦੇ ਸੁਝਾਏ ਦਲਿਤਾਂ ਨੂੰ ਦੂਹਰੀ ਵੋਟ ਦਾ ਹੱਕ ਦੇਣ ਤੋਂ ਇਨਕਾਰ ਕੀਤਾ ਅਤੇ ਇਸੇ ਆਧਾਰ ਉਤੇ ਹਿੰਦੂ ਆਗੂ ਡਾ. ਅੰਬੇਡਕਰ ਦੀ ਅਗਵਾਈ ਵਿਚ ਦਲਿਤਾਂ ਨੂੰ ਸਿਖ ਬਣਨ ਤੋਂ ਰੋਕਦੇ ਰਹੇ। ਹਾਲਾਂਕਿ ਹਿੰਦੂ ਮਹਾਂ ਸਭਾ ਦੇ ਪ੍ਰਧਾਨ ਡਾ. ਸ਼ਿਵ ਕੁਮਾਰ ਮੂੰਜੇ ਨੇ ਖੁਦ ਡਾ. ਅੰਬੇਡਕਰ ਨੂੰ ਮੁਸਲਮਾਨ ਧਰਮ ਅਪਨਾਉਣ ਦੀ ਬਜਾਏ ਸਿੱਖ ਧਰਮ ਅਪਨਾਉਣ ਦਾ ਸੁਝਾਅ ਦਿਤਾ ਸੀ। ਪਰ ਉਸ ਤੋਂ ਬਿਨਾਂ ਬਾਕੀ ਸਾਰੇ ਹਿੰਦੂ ਆਗੂਆਂ (ਜਿਨਾਂ ਵਿਚ ਕਾਂਗਰਸੀ ਤੇ ਆਰੀਆਂ ਸਮਾਜੀ ਵੀ ਸ਼ਾਮਲ ਸਨ) ਨੇ ਇਸ ਸੁਝਾਅ ਦਾ ਡਟ ਕੇ ਵਿਰੋਧ ਕੀਤਾ। ਇਸ ਦਾ ਇਕੋ-ਇਕ ਕਾਰਨ ਇਹੀ ਸੀ ਕਿ ਕਿਸੇ ਵੀ ਤਰਾਂ ਬਾਕੀ ਸਾਰੀਆਂ ਘਟ ਗਿਣਤੀਆਂ ਦੇ ਮੁਕਾਬਲੇ ਉਚ ਜਾਤੀ ਹਿੰਦੂ ਘਟ ਗਿਣਤੀ ਵਿਚ ਨਾ ਰਹਿ ਜਾਣ। ਇਸੇ ਆਧਾਰ ਉਤੇ ਉਨਾਂ ਨੇ ਮੁਸਲਮਾਨਾਂ ਨੂੰ ਵੱਖਰਾ ਦੇਸ਼ ਦੇ ਕੇ ਆਪਣੇ ਮਗਰੋਂ ਲਾਹਿਆ। ਪਰ ਸਿੱਖਾਂ ਨੂੰ ਵਖਰਾ ਦੇਸ਼ ਦੇਣ ਦੀ ਬਜਾਏ ਸਿੱਖ ਆਗੂਆਂ ਨਾਲ ਝੂਠੇ ਵਾਅਦੇ ਕਰ ਕੇ ਉਨਾਂ ਨੂੰ ਆਪਣੇ ਨਾਲ ਰਲਣ ਲਈ ਪਤਿਆ ਲਿਆ।

ਸਿੱਖਾਂ ਦੇ ਬਾਰੇ ਉਨਾਂ ਦੇ ਮਨ ਵਿਚ ਸ਼ੁਰੂ ਤੋਂ ਹੀ ਬੇਈਮਾਨੀ ਸੀ। ਇਹੀ ਕਾਰਨ ਹੈ ਕਿ 1947 ਤੋਂ ਬਾਅਦ ਪਹਿਲੀ ਵਾਰ ਜਦੋਂ ਮਾਸਟਰ ਤਾਰਾ ਸਿੰਘ ਨੇ ਨਹਿਰੂ ਨੂੰ ਉਸ ਦੇ ਸਿੱਖਾਂ ਨਾਲ ਕੀਤੇ ਵਾਅਦੇ ਯਾਦ ਕਰਵਾਏ ਤਾਂ ਉਸ ਦਾ ਜੁਆਬ ਸੀ ਮਾਸਟਰ ਜੀ ਉਹ ਗੱਲ ਹੁਣ ਭੁਲ ਜਾਓ। ਆਪਣੀ ਇਸੇ ਬੇਈਮਾਨ ਅਤੇ ਦੋਸ਼ੀ ਮਾਨਸਿਕਤਾ ਕਾਰਨ ਐਨ ਮੁਢ ਤੋਂ ਹੀ ਸਿੱਖ ਹਿੰਦ ਸਰਕਾਰ ਲਈ ਸ਼ੱਕੀ ਬਣੇ ਹੋਏ ਹਨ। ਫਿਰ ਭਾਵੇਂ ਪੰਜਾਬੀ ਸੂਬੇ ਦਾ ਮੋਰਚਾ ਹੋਵੇ ਜਾਂ ਅਨੰਦਪੁਰ ਮਤੇ ਦੀ ਗੱਲ, ਆਪਣੀ ਦੋਸ਼ੀ ਮਾਨਸਿਕਤਾ ਵਿਚੋਂ ਉਨਾਂ ਨੂੰ ਹਮੇਸ਼ਾ ਇਹੀ ਜਾਪਦਾ ਰਿਹਾ ਹੈ ਕਿ ਸਿੱਖ ਆਪਣੇ ਵੱਖਰੇ ਰਾਜ ਦੀ ਮੰਗ ਕਰ ਰਹੇ ਹਨ। ਇਹੀ ਦੋਸ਼ੀ ਮਾਨਸਿਕਤਾ ਹਿੰਦੋਸਤਾਨੀ ਡੀਪ ਸਟੇਟ ਦੀ ਚਾਲਕ ਸ਼ਕਤੀ ਹੈ, ਜਿਹੜੀ ਸਰਕਾਰ ਨੂੰ ਸਿੱਖ ਵਿਰੋਧੀ ਨੀਤੀਆਂ ਘੜਣ ਲਈ ਪ੍ਰੇਰਦੀ ਹੈ। ਹੁਣ ਤਕ ਇਹੀ ਸਿੱਖ ਵਿਰੋਧੀ ਮਾਨਸਿਕਤਾ ਹਿੰਦੋਸਤਾਨੀ ਡੀਪ ਸਟੇਟ ਨੂੰ ਜੋੜਨ ਵਾਲੀ ਕੜੀ ਹੈ। ਇਸੇ ਮਾਨਸਿਕਤਾ ਅਧੀਨ ਹਿੰਦੋਸਤਾਨੀ ਮੀਡੀਆ, ਅਫਸਰਸ਼ਾਹੀ, ਨਿਆਂ ਪ੍ਰਬੰਧ ਅਤੇ ਪਾਰਲੀਮੈਂਟ ਪੰਜਾਬ ਤੇ ਸਿੱਖ ਵਿਰੋਧੀ ਕੋਈ ਵੀ ਫੈਸਲਾ ਲੈਣ ਲੱਗਿਆਂ ਦੁਚਿਤੀ ਵਿਚ ਨਹੀਂ ਪੈਂਦੇ। ਜੂਨ 1984 ਦਾ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਫੌਜੀ ਹਮਲਾ ਹੋਵੇ ਅਤੇ ਭਾਵੇਂ ਨਵੰਬਰ '84 ਦਾ ਸਿਖ ਕਤਲੇਆਮ, ਇਕਾ-ਦੁਕਾ ਬੰਦਿਆਂ ਨੂੰ ਛੱਡ ਕੇ, ਸਰਕਾਰ ਦੇ ਬਾਕੀ ਸਾਰੇ ਅੰਗ ਇਨਾਂ ਫੈਸਲਿਆਂ ਨਾਲ ਸਹਿਮਤ ਸਨ। ਸਾਬਕਾ ਰਾਅ ਅਫਸਰ ਜੀ ਬੀ ਐਸ ਸਿੱਧੂ ਦੀ ਕਿਤਾਬ 'ਦ ਖਾਲਿਸਤਾਨ ਸਾਜਿਸ਼' ਇਸ ਦੀ ਪੁਸ਼ਟੀ ਕਰਦੀ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Quomantry AMRITSAR TIMES

02 ਜੁਲਾਈ 2021 ਤੋਂ 08 ਜੁਲਾਈ 2021

## ਬੇਅਦਬੀਆਂ: ਸਾਡਾ ਅਮਲ ਅਤੇ ਸਾਡੀ ਜ਼ਿੰਮੇਵਾਰੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਹੁਣ ਘਟਨਾਵਾਂ ਨਾ ਰਹਿ ਕੇ ਆਮ ਵਰਤਾਰਾ ਹੀ ਬਣ ਗਿਆ ਹੈ ਜਿਸ ਪ੍ਰਤੀ ਸਾਨੂੰ ਇਮਾਨਦਾਰੀ ਨਾਲ ਸਵੈ-ਪੜਚੋਲ ਕਰਕੇ ਇਨਾਂ ਬੇਅਦਬੀਆਂ ਦੇ ਕਾਰਨ ਤਲਾਸ਼ਣੇ ਚਾਹੀਦੇ ਹਨ ਅਤੇ ਆਪਣੇ ਅਮਲਾਂ ਲਈ ਪੰਥਕ ਰਵਾਇਤ ਤੋਂ ਸੇਧ ਲੈਣੀ ਚਾਹੀਦੀ ਹੈ।

ਲੰਘੀ 25 ਜੂਨ 2021 ਨੂੰ ਜਿਲਾ ਸੰਗਰੂਰ ਵਿੱਚ ਭਵਾਨੀਗੜ ਦੇ ਨੇੜਲੇ ਪਿੰਡ ਜੌਲੀਆਂ ਵਿਖੇ ਪਿੰਡ ਦੀ ਵਸਨੀਕ ਗੁਰਮੇਲ ਕੌਰ ਨੇ ਗੁਰਦੁਆਰਾ ਸਾਹਿਬ ਅੰਦਰ ਪੈਟਰੋਲ ਛਿੜਕ ਕੇ ਅੱਗ ਲਾ ਦਿੱਤੀ, ਜਿਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਸਰੂਪ ਅਗਨ ਭੇਟ ਹੋ ਗਿਆ। ਇਹ ਦੁਰਘਟਨਾ ਵਾਪਰਨ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਤਖ਼ਤ ਉਤੇ ਪ੍ਰਕਾਸ਼ ਕੀਤਾ ਹੋਇਆ ਸੀ ਅਤੇ ਕੋਈ ਵੀ ਸਿੰਘ ਮਹਾਰਾਜ ਦੀ ਹਜ਼ੂਰੀ ਵਿੱਚ ਹਾਜ਼ਰ ਨਹੀਂ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ-ਸਤਿਕਾਰ ਨੂੰ ਮੁੱਖ ਰੱਖਦੇ ਹੋਏ ਪੰਥਕ ਰਵਾਇਤ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਪੰਜ ਸਿੰਘ (ਗ੍ਰੰਥੀ ਸਿੰਘ, ਚੌਰ-ਬਰਦਾਰ, ਧੂਫੀਆ ਸਿੰਘ, ਪਹਿਰੇਦਾਰ (ਬਰਛਾ-ਬਰਦਾਰ) ਅਤੇ ਲਾਂਗਰੀ ਸਿੰਘ) ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਲੋੜੀਂਦੇ ਹਨ। ਪੰਥਕ ਰਵਾਇਤ ਦੀ ਅਣਦੇਖੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਵਿੱਚ ਅਵੱਗਿਆ ਹੀ ਹੁੰਦੀ ਹੈ। ਇਸ ਅਵੇਸਲੇਪਣ ਕਾਰਨ ਇਹ ਅਵੱਗਿਆ ਇਕ ਦਿਨ ਘੋਰ ਬੇਅਦਬੀ ਦੇ ਰੂਪ ਵਿੱਚ ਵਾਪਰ ਜਾਂਦੀ ਹੈ। ਫਿਰ ਅਸੀਂ ਆਪਣੇ ਢਿੱਲੇ ਪਹਿਰੇ ਨੂੰ ਲੁਕਾਉਣ ਲਈ ਦੋਸ਼ੀ ਨੂੰ ਲੱਭਣ ਅਤੇ ਦੁਨਿਆਵੀ ਅਦਾਲਤਾਂ ਤੋਂ ਸਜਾ ਦਵਾਉਣ ਲਈ ਸੜਕਾਂ ਬੰਦ ਕਰਦੇ ਹਾਂ, ਮੋਰਚੇ ਲਗਾਉਂਦੇ ਹਾਂ। ਜੇਕਰ ਦੋਸ਼ੀ ਲੱਭ ਵੀ ਜਾਏ ਅਤੇ ਦੋਸ਼ ਸਿੱਧ ਵੀ ਹੋ ਜਾਣ ਤਾਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਘੋਰ ਬੇਅਦਬੀ ਦੀ ਵੱਧ ਤੋਂ ਵੱਧ ਸਜ਼ਾ ਤਿੰਨ ਸਾਲ ਹੀ ਹੁੰਦੀ ਹੈ। ਦੋਸ਼ੀ ਨੇ ਬੇਅਦਬੀ ਕਿਉਂ ਕੀਤੀ ਅਤੇ ਕਿਸ ਨੇ ਕਰਵਾਈ ਉਸ ਦੀ ਤਫ਼ਤੀਸ਼ ਪੁਲਿਸ ਕਦੇ ਨਹੀਂ ਕਰਦੀ। ਸੋ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਅਤੇ ਸੁਰੱਖਿਆ ਦੇ ਮਾਮਲੇ ਨੂੰ ਪੰਥਕ ਨਜ਼ਰੀਏ ਤੋਂ ਵੇਖਣ ਦੀ ਲੋੜ ਹੈ।

ਸਭ ਤੋਂ ਪਹਿਲਾਂ ਸੰਗਤ ਹੈ। ਜਿੱਥੇ ਇਹ ਸੰਗਤ ਗੁਰਸੰਗਤ ਬਣ ਕੇ ਗੁਰੂ ਸਾਹਿਬ ਦੀ ਮਰਿਯਾਦਾ ਅਤੇ ਰਵਾਇਤ ਅਨੁਸਾਰ ਟਹਿਲ ਸੇਵਾ ਤੇ ਅਦਬ ਦੇ ਕਾਬਲ ਹੋ ਜਾਵੇ ਉੱਥੇ ਗੁਰਦੁਆਰਾ ਤਾਮੀਰ ਕਰ ਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਓਟ ਆਸਰਾ ਲਵੇ ਅਤੇ ਮੁੜ ਉਹ ਮਰਿਯਾਦਾ ਤੇ ਰਵਾਇਤਾਂ ਬਰਕਰਾਰ ਰੱਖੇ। ਇਸ ਤਰੀਕੇ ਇਹ ਜ਼ਿੰਮੇਵਾਰੀ ਮੁੱਢਲੇ ਤੌਰ ’ਤੇ ਇਲਾਕੇ ਦੀ ਸੰਗਤ ਦੀ ਹੀ ਬਣਦੀ ਹੈ। ਇਸ ਕੰਮ ਲਈ ਉਹ ਬੇਸ਼ੱਕ ਕੋਈ ਪ੍ਰਬੰਧਕ ਕਮੇਟੀ ਬਣਾ ਲਵੇ ਅਤੇ ਕਾਬਲ ਸਿੰਘਾਂ ਨੂੰ ਗੁਰੂ ਕੇ ਵਜ਼ੀਰ ਸਿੰਘ ਅਤੇ ਹੋਰ ਹਜ਼ੂਰੀ ਸਿੰਘਾਂ ਦੀ ਜ਼ਿੰਮੇਵਾਰੀ ਲਾਵੇ ਅਤੇ ਸੇਵਾ ਬਖ਼ਸ਼ੇ।

ਗੁਰਦੁਆਰਾ ਕਮੇਟੀਆਂ ਨੂੰ ਚਾਹੀਦਾ ਹੈ ਕਿ ਹਰ ਹਾਲ ਪੰਥਕ ਰਵਾਇਤ ਅਨੁਸਾਰ ਗੁਰਦੁਆਰਾ ਸਾਹਿਬ ਅੰਦਰ ਪੰਜ ਸਿੰਘਾਂ ਦੀ ਹਾਜ਼ਰੀ ਹੋਵੇ। ਜਿੱਥੇ ਵਿੱਤ ਦਾ ਮਸਲਾ ਹੈ ਉੱਥੇ ਪਿੰਡ ਵਾਸੀਆਂ ਦੀ ਸਮੂਹਿਕ ਰੂਪ ਵਿੱਚ ਜਿੰਮੇਵਾਰੀ ਬਣਦੀ ਹੈ ਕਿ ਉਹ ਗੁਰਦੁਆਰਾ ਕਮੇਟੀ ਨੂੰ ਵਿੱਤੀ ਸਹਿਯੋਗ ਦੇਣ। ਜੇਕਰ ਪਿੰਡ ਵਾਸੀ ਸਮੂਹਿਕ ਰੂਪ ਵਿੱਚ ਕੋਈ ਵਿੱਤੀ ਸਹਿਯੋਗ ਨਹੀਂ ਕਰਦੇ ਜਾਂ ਕਰ ਨਹੀਂ ਸਕਦੇ ਤਾਂ ਪਿੰਡ ਨੂੰ ਇਸ ਕਾਰਜ ਲਈ ਆਪਣੀਆਂ ਜਿੰਮੇਵਾਰੀਆਂ ਵੰਡਣੀਆਂ ਚਾਹੀਦੀਆਂ ਹਨ। ਜੇਕਰ ਪਿੰਡ ਸਮੂਹਿਕ ਰੂਪ ਵਿੱਚ ਇਹ ਜਿੰਮੇਵਾਰੀ ਵੀ ਨਿਭਾਉਣ ਤੋਂ ਅਸਮਰੱਥ ਹੈ ਤਾਂ ਸਾਰੇ ਪਿੰਡ ਨੂੰ ਇਮਾਨਦਾਰੀ ਨਾਲ ਇਹ ਗੱਲ ਸਵੀਕਾਰ ਕਰ ਲੈਣੀ ਚਾਹੀਦੀ ਹੈ ਕਿ ਅਸੀਂ ਗੁਰੂ ਸਾਹਿਬ ਦੇ ਅਦਬ ਸਤਿਕਾਰ ਲਈ ਆਪਣਾ ਬਣਦਾ ਫਰਜ਼ ਨਹੀਂ ਨਿਭਾਅ ਸਕਦੇ ਜਿਸ ਲਈ ਸਾਡੇ ਪਿੰਡ ਗੁਰਦੁਆਰਾ ਸਾਹਿਬ ਨਹੀਂ ਹੋਣਾ ਚਾਹੀਦਾ।

ਸ਼੍ਰੋਮਣੀ ਕਮੇਟੀ ਨੂੰ ਵੀ ਚਾਹੀਦਾ ਹੈ ਕਿ ਜਿਸ ਗੁਰਦੁਆਰਾ ਸਾਹਿਬ ਵਿੱਚ ਪੰਥਕ ਰਵਾਇਤ ਅਨੁਸਾਰ ਗੁਰੂ ਪਾਤਸ਼ਾਹ ਦੀ ਹਜ਼ੂਰੀ ਵਿੱਚ ਪੰਜ ਸਿੰਘ ਹਾਜ਼ਰ ਰਹਿੰਦੇ ਹੋਣ, ਉਸ ਗੁਰਦੁਆਰਾ ਸਾਹਿਬ ਨੂੰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦਿੱਤੇ ਜਾਣ। ਜਿੱਥੇ ਪਹਿਰਾ ਢਿੱਲਾ ਹੈ ਉੱਥੇ ਮਰਿਯਾਦਾ ਲਾਗੂ ਕਰਵਾਈ ਜਾਵੇ ਅਤੇ ਨਾ ਲਾਗੂ ਹੋਣ ਦੀ ਸੂਰਤ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਉੱਥੋਂ ਵਾਪਿਸ ਲੈ ਲੈਣੇ ਚਾਹੀਦੇ ਹਨ। ਜਿੱਥੇ ਗੁਰੂ ਸਾਹਿਬ ਦੀ ਬੇਅਦਬੀ ਦੀ ਕੋਈ ਘਟਨਾ ਵਾਪਰਦੀ ਹੈ ਉੱਥੇ ਮਾਮਲੇ ਨੂੰ ਰਫ਼ਾ-ਦਫ਼ਾ ਕਰਨ ਦੀ ਕਾਹਲ ਛੱਡ ਕੇ ਸਿੱਖ-ਸੰਗਤ ਅਤੇ ਸਿੱਖ-ਜਥੇਬੰਦੀਆਂ ਦੀ ਸਾਂਝੀ ਰਾਏ ਨਾਲ ਹੀ ਕੋਈ ਕਾਰਵਾਈ ਕਰਨੀ ਚਾਹੀਦੀ ਹੈ। ਬੇਅਦਬੀ ਸਬੰਧੀ ਹਰ ਗੱਲ ਦੀ ਪੂਰੀ ਡੂੰਘਾਈ ਨਾਲ ਜਾਂਚ ਕਰਨੀ ਚਾਹੀਦੀ ਹੈ। ਜੇਕਰ ਬੇਅਦਬੀ ਹੋਈ ਹੈ ਤਾਂ ਉਸ ਦੇ ਕਾਰਨ ਲੱਭ ਕੇ ਦੋਸ਼ੀਆਂ ਨੂੰ ਪੰਥਕ ਰਵਾਇਤ ਅਨੁਸਾਰ ਸਜਾ ਦੇਣੀ/ਲਾਉਣੀ ਚਾਹੀਦੀ ਹੈ।

ਬੇਅਦਬੀ ਹੋਣ ਉੱਤੇ ਸਾਨੂੰ ਦੋਵੇਂ ਪੱਖਾਂ ਨੂੰ ਬਰਾਬਰ ਘੋਖਣਾ ਚਾਹੀਦਾ ਹੈ, ਪਹਿਲਾ ਕਿ ਬੇਅਦਬੀ ਹੋਈ ਕਿਉਂ ਹੈ ? ਢਿੱਲ ਕਿਸ ਵੱਲੋਂ ਰਹੀ ? ਅਤੇ ਦੂਸਰਾ ਬੇਅਦਬੀ ਕਰਨ ਵਾਲੇ ਨੂੰ ਜੋ ਸਜਾ ਦੇਣੀ ਹੈ ਉਸ ਲਈ ਪ੍ਰਸ਼ਾਸਨ ਉੱਤੇ ਕਿੰਨਾ ਕੁ ਨਿਰਭਰ ਰਹਿਣਾ ਹੈ ਅਤੇ ਇਨਸਾਫ ਦੀ ਪੰਥਕ ਰਵਾਇਤ ਤੋਂ ਕਿਸ ਤਰਾਂ ਸੇਧ ਲੈਣੀ ਹੈ। ਫੈਸਲੇ ਲੈਣ ਦੀ ਪੰਥਕ ਰਵਾਇਤ ਨੂੰ ਮੁੜ ਸੁਰਜੀਤ ਕਰਨ ਦੇ ਰਾਹ ਪੈਣਾ ਚਾਹੀਦਾ ਹੈ।

ਜਦੋਂ ਦੁਨਿਆਵੀ ਢਾਂਚੇ ਇਨਸਾਫ ਕਰਨ ਦੇ ਸਮਰੱਥ ਨਾ ਰਹਿਣ ਤਾਂ ਸਿੱਖ ਦਾ ਫਰਜ ਆਪਣੇ ਸੱਚੇ ਪਾਤਸ਼ਾਹ ਦੇ ਦੱਸੇ ਢੰਗ ਤਰੀਕਿਆਂ ਅਨੁਸਾਰ ਚੱਲ ਕੇ ਖ਼ੁਦ ਇਨਸਾਫ ਕਰਨ ਦਾ ਹੈ। ਇਹੀ ਸਾਡੀ ਰਵਾਇਤ ਹੈ। ਸਾਨੂੰ ਦੁਨਿਆਵੀ ਅਦਾਲਤ ਤੋਂ ਇਨਸਾਫ਼ ਲੈਣ ਦੇ ਪ੍ਰਚਲਤ ਚਲਣ ਦੇ ਨਾਲ-ਨਾਲ ਜਿੱਥੇ ਇਨਸਾਫ਼ ਦੀ ਪੰਥਕ ਰਵਾਇਤ ਤੋਂ ਸੇਧ ਲੈਣ ਦੀ ਲੋੜ ਹੈ ਉੱਥੇ ਇਸ ਵਰਤਾਰੇ ਨੂੰ ਰੋਕਣ ਲਈ ਪੰਥਕ ਤੌਰ ਉੱਤੇ ਅੰਦਰੂਨੀ ਚਿੰਤਨ ਕਰਨ ਦੀ ਵੀ ਲੋੜ ਹੈ।

# ਵਿਸ਼ਵ ਸ਼ਾਂਤੀ ਦਾ ਮਸਲਾ ਤੇ ਨਸਲਵਾਦ ਬਨਾਮ ਨਿਆਂ

ਰਣਜੀਤ ਸਿੰਘ ਕੁਕੀ

ਦੀਰਘਕਾਲਿਕ ਸ਼ਾਂਤੀ ਪ੍ਰਾਪਤ ਕਰਨ ਲਈ ਵਿਸ਼ਵ ਦੀ ਪ੍ਰਮੁੱਖ ਲੀਡਰਸ਼ਿਪ ਦਾ ਵਿਵਹਾਰ ਅਤੇ ਸਮਝ ਵੀ ਬਹੁਤ ਜਿਆਦਾ ਚੇਤਨ ਨਹੀਂ ਹੈ। ਵਿਸ਼ਵ ਸ਼ਾਂਤੀ ਦਾ ਮਿੱਥ ਅਜੇ ਵੀ ਪ੍ਰਭਾਸ਼ਿਤ ਨਹੀਂ ਕੀਤਾ ਜਾ ਸਕਦਾ ਅਤੇ ਇਹ ਅਸਲੀਅਤ ਤੋਂ ਕਾਫੀ ਦੂਰ ਹੈ। ਵਿਸ਼ਵ ਦੇ ਵੱਖ-ਵੱਖ ਕੋਨਿਆਂ ਵਿਚ ਸ਼ਾਂਤੀ ਨਾ ਪ੍ਰਾਪਤ ਕਰ ਸਕਣ ਦਾ ਮੁੱਖ ਅਧਾਰ ਹੀ ਨਸਲਵਾਦ, ਜਾਤੀਵਾਦ, ਰੰਗ-ਭੇਦਭਾਵ, ਧਾਰਮਿਕ ਅਤੇ ਲਿੰਗਕ ਭੇਦਭਾਵ ਦਾ ਬੋਲਬਾਲਾ ਹੈ। ਸ਼ਾਂਤੀ ਦੇ ਮੁੱਦੇ ਨੂੰ ਲੈ ਕੇ ਵੱਖ-ਵੱਖ ਮੁਲ਼ਕਾਂ ਵਿਚਕਾਰ ਆਪਸੀ ਸੰਵਾਦ ਵਿਕਸਿਤ, ਵਿਕਾਸਸ਼ੀਲ ਅਤੇ ਅਲਪ-ਵਿਕਸਿਤ ਦੇਸ਼ਾਂ ਦੀ ਆਰਥਿਕਤਾ ਅਤੇ ਰਾਜਨੀਤਿਕ ਪ੍ਰਬੰਧ ਵਿਚ ਵੱਡੇ ਪਾੜੇ ਕਰਕੇ ਅਜੇ ਵੀ ਬਹੁਤ ਕਠਿਨ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਸ਼ਾਂਤੀ ਜੰਗ ਜਾਂ ਯੁੱਧ ਦੀ ਸਥਿਤੀ ਦੀ ਤੀਬਰਤਾ ਨੂੰ ਘੱਟ ਕਰਦੀ ਹੈ। ਵੱਖ-ਵੱਖ ਮੁਲ਼ਕਾਂ ਵਿਚਕਾਰ ਯੁੱਧ ਜਾਂ ਤੀਬਰਤਾ ਦੀ ਸਥਿਤੀ ਨੂੰ ਸ਼ਾਂਤੀ ਰਾਹੀਂ ਹੀ ਹੱਲ ਕੀਤਾ ਜਾ ਸਕਦਾ ਹੈ। ਯੁੱਧਾਂ ਨੂੰ ਮਨੁੱਖੀ ਪੀੜਾ ਦਾ ਪ੍ਰਮੁੱਖ ਕਾਰਨ ਮੰਨਿਆ ਜਾਂਦਾ ਹੈ।

ਵਿਸ਼ਵ ਸ਼ਾਂਤੀ ਅਜੇ ਵੀ ਇਕ ਭਰਮ ਹੈ। ਵੱਖ-ਵੱਖ ਮੁਲ਼ਕਾਂ ਵਿਚ ਚੱਲ ਰਹੀਆਂ ਤਣਾਅ ਭਰੀਆਂ ਸਥਿਤੀਆਂ ਜਿਵੇਂ ਕਿ ਅਫਗਾਨਿਸਤਾਨ ਵਿਚ ਸੱਤਾ ਪਰਿਵਰਤਨ ਨੂੰ ਲੈ ਕੇ ਟਕਰਾਅ, ਇਜ਼ਰਾਈਲ ਅਤੇ ਫਲਸਤੀਨ ਦਾ ਆਪਸੀ ਝਗੜਾ, ਅਰਬ ਦੇਸ਼ਾਂ ਦੇ ਅੰਦਰੂਨੀ ਕਲੇਸ਼, ਭਾਰਤ, ਪਾਕਿਸਤਾਨ ਅਤੇ ਚੀਨ ਦਾ ਆਪਸੀ ਤਣਾਅ, ਕੋਰੀਅਨ ਪੈਨਿਨਸੁਲਾ ਟਕਰਾਅ, ਸੂਡਾਨ ਅਤੇ ਨਵੇਂ ਸੂਡਾਨ ਵਿਚ ਉਥਲ-ਪੁਥਲ, ਨਾਈਜੀਰੀਆ ਅਤੇ ਯੂਗਾਂਡਾ ਦਾ ਅੰਦਰੂਨੀ ਟਕਰਾਅ, ਲੈਟਿਨ ਅਮਰੀਕੀ ਦੇਸ਼ਾਂ ਦੇ ਮਸਲੇ ਅਤੇ ਬਹੁਤ ਸਾਰੇ ਅਫਰੀਕੀ ਦੇਸ਼ਾਂ ਵਿਚ ਟਕਰਾਅ ਦੀਆਂ ਸਥਿਤੀਆਂ ਇਸ ਦੀ ਗਵਾਹੀ ਭਰਦੀਆਂ ਹਨ। ਭਾਰਤ ਵਿਚ ਧਰਮ-ਨਿਰਪੱਖ ਲੋਕਤੰਤਰ ਹੌਲੀ-ਹੌਲ਼ੀ ਤਾਨਾਸ਼ਾਹੀ ਵੱਲ ਵਧ ਰਿਹਾ ਹੈ। ਇਸੇ ਤਰਾਂ ਹੀ ਨੋਬਲ ਵਿਜੇਤਾ ਦੇ ਦੇਸ਼ ਇਥੋਪੀਆ ਦਿਨ-ਬ-ਦਿਨ ਅਪਰਾਧ ਦੇ ਚੁੰਗਲ ਵਿਚ ਗਹਿਰਾ ਫਸ ਰਿਹਾ ਹੈ।

ਅਗਰ ਅਸੀਂ ਸ਼ਾਂਤੀ ਨੂੰ ਪਰਿਭਾਸ਼ਿਤ ਕਰਨਾ ਹੋਵੇ ਤਾਂ ਇਹ ਸਦਭਾਵਨਾ ਦੀ ਸਥਿਤੀ ਹੈ ਜਿਸ ਵਿਚ ਹਿੰਸਕ ਟਕਰਾਅ ਨਹੀਂ ਹੁੰਦੇ ਅਤੇ ਹਿੰਸਾ ਦਾ ਕੋਈ ਡਰ ਵੀ ਸ਼ਾਮਿਲ ਨਹੀਂ ਹੁੰਦਾ। ਸ਼ਾਂਤੀ ਪ੍ਰਾਪਤ ਕਰਨ ਲਈ ਬਹੁਤ ਸਾਰੀਆਂ ਲੋਕਤੰਤਰੀ ਜਾਂ ਤਾਨਾਸ਼ਾਹੀ ਸਰਕਾਰਾਂ ਅਸਲ ਵਿਚ ਅਜ਼ਾਦੀ ਦਾ ਘਾਣ ਕਰ ਰਹੀਆਂ ਹਨ। ਇਸ ਲਈ ਉਹ ਸੁਰੱਖਿਆ ਅਤੇ ਪ੍ਰਭੂਸੱਤਾ ਦਾ ਤਰਕ ਦਿੰਦੀਆਂ ਹਨ, ਪਰ ਸੱਚਾਈ ਇਹ ਹੈ ਕਿ ਉਨਾਂ ਦਾ ਸਾਰਾ ਸਰੋਕਾਰ ਆਪਣੀ ਹਕੂਮਤ ਦੀ ਸੁਰੱਖਿਆ ਹੁੰਦਾ ਹੈ, ਨਾ ਕਿ ਲੋਕਾਂ ਦੀ ਸੁਰੱਖਿਆ। ਬ੍ਰਿਟਿਸ਼ ਲੀਡਰ ਵਿੰਸਟਿਨ ਚਰਚਿਲ ਨੇ ਕਿਹਾ ਸੀ, ‘ਸਰਕਾਰਾਂ ਦੇ ਬਹੁਤ ਸਾਰੇ ਰੂਪ ਅਜਮਾਏ ਗਏ ਹਨ ਅਤੇ ਪਾਪ ਅਤੇ ਸੰਤਾਪ ਨਾਲ ਭਰੇ ਇਸ ਸੰਸਾਰ ਵਿਚ ਹੋਰ ਵੀ ਰੂਪ ਅਜਮਾਏ ਜਾਣਗੇ। ਕੋਈ ਵੀ ਇਹ ਝੂਠਾ ਦਾਅਵਾ ਨਹੀਂ ਕਰਦਾ ਕਿ ਲੋਕਤੰਤਰੀ ਰੂਪ ਹੀ ਸ਼ਾਂਤੀ ਲਈ ਪੂਰਨ ਹੈ। ਅਸਲ ਵਿਚ ਇਹ ਕਿਹਾ ਗਿਆ ਹੈ ਕਿ ਸੱਤਾ ਦੇ ਉਨਾਂ ਸਾਰੇ ਰੂਪਾਂ ਨੂੰ ਛੱਡ ਕੇ ਜੋ ਕਿ ਸਮੇਂ-ਸਮੇਂ ਤੇ ਅਜਮਾ ਲਏ ਗਏ ਹਨ, ਲੋਕਤੰਤਰ ਸਭ ਤੋਂ ਖਰਾਬ ਰੂਪ ਹੈ।’ ਵਿਸ਼ਵ ਸ਼ਾਂਤੀ ਦੇ ਲਈ ਅਜਿਹੇ ਕੱਦਾਵਰ ਨੇਤਾਵਾਂ ਦੀ ਲੋੜ ਹੈ ਜੋ ਕਿ ਇਤਿਹਾਸ ਨੂੰ ਦੀਰਘਕਾਲੀਨ ਸ਼ਾਂਤੀ ਵੱਲ ਮੋੜ ਸਕਣ ਜਿਸ ਵਿਚ ਸਥਾਪਿਤ ਮਿੱਥਾਂ ਤੋਂ ਵੱਖਰਾ ਦ੍ਰਿਸ਼ਟੀਕੋਣ ਸ਼ਾਮਿਲ ਹੋਵੇ। ਭਾਰਤ ਅਤੇ ਆਸਟ੍ਰੇਲੀਆ ਵਰਗੇ ਵਿਕਸਿਤ ਦੇਸ਼ਾਂ ਵਿਚ ਵੀ ਡਰ ਅਤੇ ਕਠੋਰ ਕਾਨੂੰਨ ਹੀ ਸੱਤਾ ਦੇ ਔਜਾਰ ਬਣ ਰਹੇ ਹਨ। ਵਿਅਕਤੀਗਤ ਸਪੇਸ ਲਈ ਲੜ ਰਹੇ ਅਗਿਆਤ ਲੋਕਾਂ ਦੇ ਸੰਘਰਸ਼ ਦੀਆਂ ਕਹਾਣੀਆਂ ਵਿਚੋਂ ਮਨੁੱਖੀ ਗਰਿਮਾ ਅਤੇ ਸ਼ਾਂਤੀ ਦੀ ਭਾਲ ਨੂੰ ਅਜੇ ਵੀ ਰੱਬ ਆਸਰੇ ਹੀ ਛੱਡ ਦਿੱਤਾ ਗਿਆ ਹੈ। ਅਸਲ ਵਿਚ ਸ਼ਾਂਤੀ ਵੱਧ ਅਜ਼ਾਦੀ ਨੂੰ ਯਕੀਨੀ ਬਣਾਉਂਦੀ ਹੈ। ਸ਼ਾਂਤੀ ਅਤੇ ਸਦਭਾਵਨਾ ਪ੍ਰੇਰਣਾਦਾਇਕ ਵਰਤਾਰੇ ਹਨ। ਆਪਣੇ ਆਪ ਵਿਚ ਸ਼ਾਂਤੀ ਇਕ ਗੁੰਝਲਦਾਰ ਪੱਖ ਹੈ ਜਿਵੇਂ ਕਿ ਆਈਨਸਟਾਈਨ ਨੇ ਇਕ ਵਾਰ ਕਿਹਾ ਸੀ, ‘ਸ਼ਾਂਤੀ ਬਲ ਦੇ ਜ਼ੋਰ ’ਤੇ ਨਹੀਂ ਸਥਾਪਤ ਕੀਤੀ ਜਾ ਸਕਦੀ; ਇਹ ਮਹਿਜ਼ ਸਮਝ ਨਾਲ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ।’

ਸ਼ਾਂਤੀ ਵਿਚਾਰਾਂ ਨੂੰ ਬਦਲਣ, ਲੋਕਾਂ ਅਤੇ ਸੱਤਾ ਵਿਚਕਾਰ ਅੜਚਨਾਂ ਨੂੰ ਦੂਰ ਕਰਕੇ ਪਾੜਿਆਂ ਨੂੰ ਪੂਰਨ ਦੀ ਮੰਗ ਕਰਦੀ ਹੈ। ਇੱਥੋਂ ਤੱਕ ਕਿ ਭਾਰਤ ਵਿਚ ਡਿੱਗਦਾ ਲੋਕਤੰਤਰੀ ਪੱਧਰ ਵੀ ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਆਪਸੀ ਸੰਵਾਦ ਅਤੇ ਲੋਕਾਂ ਦੀ ਭਾਗੀਦਾਰੀ ਰਾਹੀ ਹੀ ਉੱਪਰ ਚੁੱਕਿਆ ਜਾ ਸਕਦਾ ਹੈ। ਵਿਚਾਰਾਂ ਦੀ ਅਜ਼ਾਦੀ ਦੇ ਸੰਬੰਧ ਵਿਚ ਭਾਰਤ ਦੇ ਲੋਕ ਬਹੁਤ ਔਖੇ ਦੌਰ ਵਿਚੋਂ ਲੰਘ ਰਹੇ ਹਨ। ਗਲੋਬਲ ਸ਼ਾਂਤੀ ਸੂਚਕ ਦੀ 2020 ਦੀ ਰਿਪੋਰਟ ਵਿਚ 163 ਮੁਲ਼ਕਾਂ ਵਿਚ ਸ਼ਾਂਤੀ ਦੇ ਪੱਧਰ ਬਾਰੇ ਵੇਰਵਾ ਦਿੱਤਾ ਗਿਆ। ਇਸ ਵਿਚ 139 ਅੰਕਾਂ ਨਾਲ ਭਾਰਤ ਦਾ ਸਥਾਨ ਬਹੁਤ ਨੀਵਾਂ ਹੈ, ਜੋ ਕਿ ਪਾਕਿਸਤਾਨ ਨਾਲੋਂ ਕੁਝ ਕੁ ਹੀ ਉੱਪਰ ਹੈ। ਆਈਸਲੈਂਡ ਨੂੰ ਵਿਸ਼ਵ ਦਾ ਸ਼ਾਂਤੀਪੂਰਵਕ ਦੇਸ਼ ਐਲਾਨਿਆ ਗਿਆ ਹੈ। ਵਿਸ਼ਵ ਸ਼ਾਂਤੀ ਸਾਂਝੇ ਯਤਨਾਂ, ਸਦਭਾਵਨਾ ਅਤੇ ਸਹਿਯੋਗ ਦੀ ਮੰਗ ਕਰਦੀ ਹੈ ਜੋ ਕਿ ਅਜੇ ਵੀ ਸਿਧਾਂਤਕ ਵਿਚਾਰ ਹੀ ਜਾਪਦਾ ਹੈ। ਵਿਸ਼ਵ ਦੇ ਕੁਝ ਸ਼ਕਤੀਸ਼ਾਲੀ ਦੇਸ਼ਾਂ ਦੁਆਰਾ ਸ਼ਾਂਤੀ ਥੋਪੀ ਜਾ ਰਹੀ ਹੈ ਜਿਸ ਵਿਚ ਕੁਝ ਕੁ ਹੀ ਭਾਗੀਦਾਰ ਹਨ। ਇਸ ਦਾ ਕੋਈ ਸਿੱਟਾ ਨਹੀਂ ਨਿਕਲਿਆ ਕਿਉਂਕਿ ਗਲੋਬਲ ਸੱਤਾ ਜਿਆਦਾ ਤੋਂ ਜਿਆਦਾ ਵਿਭਿੰਨ ਹੋ ਰਹੀ ਹੈ। ਪਰ ਇਹ ਵਿਸ਼ਵ ਸ਼ਾਂਤੀ ਦੇ ਮੂਲਾਂ ਤੋਂ ਵਿਰਵੀ ਹੈ ਜਿਸ ਵਿਚ ਕੁਝ ਮੁਲ਼ਕਾਂ ਨੂੰ ਹਾਸ਼ੀਏ ’ਤੇ ਧੱਕਣਾ, ਆਰਥਿਕ ਅਸਮਾਨਤਾ, ਹਥਿਆਰਾਂ ਦੀ ਖਰੀਦੋ-ਫਰੋਖਤ ਅਤੇ ਰਾਜਨੀਤਿਕ ਹਿੱਤਾਂ ਦੀ ਸੁਰੱਖਿਆ ਸ਼ਾਮਿਲ ਹੈ। ਸਮਾਵੇਸ਼ੀ ਸ਼ਾਂਤੀ ਦੀ ਪ੍ਰਾਪਤੀ ਲਈ ਸਿੱਖਿਆ ਦੀ ਲੋੜ ਹੈ ਤਾਂ ਕਿ ਟਕਰਾਆਂ ਨੂੰ ਰੋਕਿਆ ਜਾ ਸਕੇ, ਮਨੁੱਖੀ ਵਿਕਾਸ ਅਤੇ ਸਮਾਜਿਕ ਨਿਆਂ ਲਈ ਸੰਸਾਧਨ ਪੈਦਾ ਕੀਤੇ ਜਾ ਸਕਣ। ਸ਼ਾਂਤੀ ਨੂੰ ਤਾਕਤਵਰ ਦੁਆਰਾ ਕਠੋਰ ਤਰੀਕਿਆਂ ਦੁਆਰਾ ਨਿਰਬਲ ਉੱਪਰ ਜਿੱਤ ਪ੍ਰਾਪਤ ਕਰਨ ਦੇ ਰੂਪ ਵਿਚ ਦੇਖਿਆ ਜਾਂਦਾ ਹੈ ਜਿਸ ਵਿਚ ਤਿੱਬਤ, ਚੀਨ ਦੇ ਉਈਗਰ, ਕਸ਼ਮੀਰੀਆਂ, ਸਿੱਖਾਂ, ਨਾਗਾ, ਇਥੋਪੀਆ ਦੇ ਔਰੋਮੋ, ਨਾਈਜੀਰੀਆ ਦੇ ਔਗੋਨੀ, ਕੁਰਦਾਂ ਅਤੇ ਵੱਖ-ਵੱਖ ਮੁਲ਼ਕਾਂ ਦੀਆਂ ਜਨਜਾਤੀਆਂ ਦੀ ਉਦਾਹਰਣ ਲਈ ਜਾ ਸਕਦੀ ਹੈ। ਸ਼ਾਂਤੀ ਦਾ ਸਕਰਾਤਮਕ ਪੱਖ ਨਿਆਂ, ਸਦਭਾਵਨਾ ਨਾਲ ਜੁੜਦਾ ਹੈ ਜਿਸ ਵਿਚ ਸੌੜੀ ਰਾਜਨੀਤਿਕ ਪ੍ਰਤੀਕਿਰਿਆ ਸ਼ਾਮਿਲ ਨਹੀਂ ਹੁੰਦੀ। ਸ਼ਾਂਤੀ ਦੇ ਲਈ ਹਾਲੇ ਕੋਈ ਸਪੱਸ਼ਟ ਰਾਸਤਾ ਨਜ਼ਰ ਨਹੀਂ ਆਉਂਦਾ, ਪਰ ਸ਼ਾਂਤੀ ਆਪਣੇ ਆਪ ਵਿਚ ਹੀ ਇਕ ਰਾਸਤਾ ਹੈ। ਦੀਰਘਕਾਲੀਨ ਸ਼ਾਂਤੀ ਨੌਜਵਾਨ ਅਤੇ ਚੇਤਨ ਮਨਾਂ ਨਾਲ ਸ਼ੁਰੂ ਹੁੰਦੀ ਹੈ। ਇਸ ਦੇ ਲਈ ਅਸਹਿਣਸ਼ੀਲਤਾ ਦੇ ਬੋਝ ਨੂੰ ਉਤਾਰਨ ਦੀ ਲੋੜ ਹੈ ਕਿਉਂਕਿ ਇਹ ਹੀ ਹਿੰਸਾ ਦਾ ਸਭ ਤੋਂ ਨਿਰਦਈ ਰੂਪ ਹੈ। ਇਸ ਤਰਾਂ ਹੀ ਗਰੀਬੀ ਨੂੰ ਵੀ ਦੂਰ ਕਰਨ ਦੀ ਲੋੜ ਹੈ ਜੋ ਕਿ ਸਹੀ ਲੋਕਤੰਤਰੀ ਗਣਤੰਤਰ ਦੇ ਵਿਕਾਸ ਦੇ ਰਾਹ ਵਿਚ ਰੋੜਾ ਬਣਦੀ ਹੈ। ਭਾਰਤ ਦਾ ਰਾਜਨੀਤਿਕ ਪ੍ਰਬੰਧ ਬਹੁਤ ਹੀ ਗਹਿਰੇ ਰੂਪ ਨਾਲ ਇਨਾਂ ਖਾਮੀਆਂ ਦਾ ਸ਼ਿਕਾਰ ਹੈ ਜੋ ਕਿ ਸਮਾਜਵਾਦ ਦੇ ਵਿਕਾਸ ਅਤੇ ਗਣਤੰਤਰ ਦੇ ਵਿਕਾਸ ਦੇ ਰਾਹ ਦੀਆਂ ਅੜਚਨਾਂ ਹਨ।

ਹਿੰਸਾ ਅਸਲ ਵਿਚ ਸ਼ਾਂਤੀ ਦੀ ਨਾ-ਮੌਜੂਦਗੀ ਹੈ। ਸਮੇਂ-ਸਮੇਂ ਤੇ ਪ੍ਰਮੁੱਖ ਲੋਕਾਂ ਨੇ ਸ਼ਾਂਤੀ ਰਾਹੀ ਮਸਲਿਆਂ ਦੇ ਹੱਲ ਲੱਭਣ ਦੀ ਕੋਸ਼ਿਸ਼ ਕੀਤੀ ਹੈ, ਪਰ ਉਨਾਂ ਦੀ ਮਹੱਤਤਾ ਸ਼ਾਂਤੀ ਦੇ ਨਾਂ ਤੇ ਹੋਣ ਵਾਲੀਆਂ ਯੁੱਧ ਦੀਆਂ ਚਾਲਾਂ ਵਿਚ ਹੀ ਕਿਤੇ ਗੁਆਚ ਗਈ।ਅੱਜ ਪੂਰੇ ਵਿਸ਼ਵ ਵਿਚ 1.5 ਬਿਲੀਅਨ ਲੋਕਾਂ ਸ਼ਾਂਤੀ ਦੇ ਨਾਂ ਹੇਠ ਚੱਲ ਰਹੀਆਂ ਇਹਨਾਂ ਜੰਗੀ ਚਾਲਾਂ ਕਰਕੇ ਦੁੱਖੰ ਢਾ ਰਹੇ ਹਨ। ਜਿਆਦਾਤਰ ਲੋਕਾਂ ਨੇ ਕਿਸੇ ਵੀ ਹਿੰਸਾ ਦਾ ਅਨੁਭਵ ਜਰੂਰ ਕੀਤਾ ਹੈ। ਮੌਜੂਦਾ ਸਮੇਂ ਵਿਚ ਅੱਸੀ ਮਿਲੀਅਨ ਲੋਕ ਆਪਣੇ ਵਤਨ ਵਿਚ ਅਸ਼ਾਂਤੀ ਹੋਣ ਕਰਕੇ ਰਿਫਊਜੀ ਬਣ ਕੇ ਜ਼ਿੰਦਗੀ ਗੁਜਾਰਨ ਲਈ ਮਜਬੂਰ ਹਨ। ਸੰਯੁਕਤ ਰਾਸ਼ਟਰ ਦੇ ਅਨੁਸਾਰ ਮਹਿਜ਼ ਅਫਗਾਨਿਸਤਾਨ ਵਿਚ ਹੀ ਯੁਧ ਕਰਕੇ 2009 ਤੋਂ ਲੈ ਕੇ 2019 ਤੱਕ ਦਸ ਸਾਲਾਂ ਵਿਚ ਇਕ ਲੱਖ ਲੋਕ ਤਬਾਹ ਹੋਏ ਹਨ ਅਤੇ ਪ੍ਰਤੀ ਵਰਾ ਦਸ ਹਜ਼ਾਰ ਲੋਕ ਅਜੇ ਵੀ ਇਸ ਸਥਿਤੀ ਵਿਚੋਂ ਨਿਕਲ ਰਹੇ ਹਨ। ਤ੍ਰਾਸਦੀ ਵਾਲੀ ਗੱਲ ਇਹ ਹੈ ਕਿ ਸ਼ਾਂਤੀ ਵਾਲਾ ਰਸਤਾ ਵੀ ਕਰੂਰ ਇਸਲਾਮਿਕ ਰਾਜ ਵੱਲ ਹੀ ਵਧ ਰਿਹਾ ਹੈ।ਸ਼ਾਂਤੀ ਨੂੰ ਕਿਸੇ ਟਕਰਾਅ ਦੀ ਅਣਹੋਂਦ ਦੇ ਰੂਪ ਵਿਚ ਪ੍ਰਭਾਸ਼ਿਤ ਕੀਤਾ ਜਾਂਦਾ ਹੈ। ਇਹ ਕਿਸੇ ਵੀ ਪਰਿਸਥਿਤੀ ਤੰਤਰ ਦਾ ਕੁਦਰਤੀ ਵਰਤਾਰਾ ਹੈ, ਹਿੰਸਾ ਨੂੰ ਅਸਲ ਵਿਚ ਥੋਪਿਆ ਜਾਂਦਾ ਹੈ। ਅਸਮਾਨ ਵਰਤਾਰਿਆਂ ਦਾ ਪ੍ਰਫੁਲਤ ਹੋਣਾ ਹੀ ਸ਼ਾਂਤੀ ਲਈ ਖਤਰਾ ਪੈਦਾ ਕਰਦਾ ਹੈ। ਪੀੜਿਤ ਅਤੇ ਉਤਪੀੜਕ ਵਿਚਕਾਰ ਅਸੰਤੁਲਨ ਵੀ ਹਿੰਸਾ ਨੂੰ ਜਨਮ ਦਿੰਦਾ ਹੈ ਕਿਉਂਕਿ ਉਤਪੀੜਕ ਧਿਰਾਂ ਮਹਿਜ਼ ਆਪਣੀਆਂ ਅਭਿਲਾਸ਼ਾਵਾਂ, ਕਰੂਰਤਾ, ਆਰਥਿਕ ਅਤੇ ਰਾਜਨੀਤਕ ਹਿੱਤਾਂ ਦੀ ਪੂਰਤੀ ਲਈ ਪੀੜਿਤ ਧਿਰਾਂ ਦਾ ਸ਼ੋਸ਼ਣ ਕਰਦੀਆਂ ਹਨ।ਇਸ ਵਿਚੋਂ ਹੀ ਅਸੰਤੁਲਨ, ਸਮਾਜਿਕ ਢਾਂਚੇ ਦਾ ਟੁੱਟਣਾ ਪੈਦਾ ਹੁੰਦਾ ਹੈ ਜਿਸ ਵਿਚ ਸ਼ਾਂਤੀ ਤਬਾਹ ਹੋ ਜਾਂਦੀ ਹੈ।

ਇਸ ਦਾ ਨਤੀਜਾ ਅਸੰਤੁਲਨ, ਵਿਕਾਸ ਦੇ ਰੁਕਣ, ਸਿਹਤ ਅਤੇ ਸਿੱਖਿਆ ਪ੍ਰਬੰਧਨ ਵਿਚ ਗਿਰਾਵਟ ਦੇ ਰੂਪ ਵਿਚ ਨਿਕਲਦਾ ਹੈ। ਨਾ-ਬਰਾਬਰੀ ਅਤੇ ਹਿੰਸਾ ਤੋਂ ਸ਼ਾਂਤੀ ਰਾਹੀ ਹੀ ਬਾਹਰ ਨਿਕਲਿਆ ਜਾ ਸਕਦਾ ਹੈ ਜੋ ਕਿ ਭਵਿੱਖ ਵਿਚ ਮਨੁੱਖਤਾ ਲਈ ਅੱਗੇ ਦੇ ਰਸਤੇ ਖੋਲ ਸਕਦੀ ਹੈ। ਸ਼ਾਂਤੀ ਲਈ ਭਾਰਤ ਵਿਚ ਹਿੰਦੂਵਾਦ ਨੇ ਸੰਸਕ੍ਰਿਤ ਸ਼ਬਦ ‘ਵਾਸੂਦੇਵ ਕੁਟੰਬਕਮ’ ਅਪਣਾਇਆ, ਜਿਸ ਦਾ ਅਰਥ ਹੈ ਕਿ ਇਹ ਸਾਰਾ ਸੰਸਾਰ ਇਕ ਪਰਿਵਾਰ ਹੈ।ਸੱਤ ਹਜ਼ਾਰ ਸਾਲ ਪਹਿਲਾਂ ਲਿਖੇ ਗਏ ਮਹਾਗ੍ਰੰਥ ਰਮਾਇਣ ਵਿਚ ਰਾਮ ਕਹਿੰਦਾ ਹੈ, ‘ਭੈਅ ਬਿਨ ਹੋਏ ਨਾ ਪ੍ਰੀਤ’ ਜਿਸ ਦਾ ਭਾਵ ਹੈ ਕਿ ਜਿੱਥੇ ਸ਼ਾਂਤੀ ਲਈ ਦੁਆਵਾਂ ਅਸਫਲ ਹੋ ਜਾਂਦੀਆਂ ਹਨ, ਉੱਥੇ ਸ਼ਾਂਤੀ ਸਥਾਪਿਤ ਕਰਨ ਲਈ ਲੋਕਾਂ ਵਿਚ ਭੈਅ ਪੈਦਾ ਕਰਨਾ ਜਰੂਰੀ ਹੈ। ਮੌਜੂਦਾ ਸਮੇਂ ਵਿਚ ਭਾਰਤ ਵਿਚ ਡਰ ਹੀ ਸ਼ਾਂਤੀ ਹੈ। ਇੱਥੋਂ ਤੱਕ ਕਿ ਵਿਸ਼ਵ ਸ਼ਕਤੀ ਅਮਰੀਕਾ ਨੇ ਵੀ ਆਪਣੇ ਹਥਿਆਰਾਂ ਨੂੰ ਸ਼ਾਂਤੀ, ਸੁਪਰ ਬੰਬਾਂ ਨੂੰ ਸ਼ਾਂਤੀ ਸਥਾਪਿਤ ਕਰਨ ਵਾਲੇ ਅਤੇ ਅੰਤਰ-ਮਹਾਂਦੀਪ ਮਿਜਾਈਲ ਨੂੰ ਸ਼ਾਂਤੀ ਬਣਾਈ ਰੱਖਣ ਦਾ ਨਾਂ ਦਿੱਤਾ ਹੈ।ਅੱਜ ਸ਼ਾਂਤੀ ਨੂੰ ਫੌਜੀ ਸ਼ਕਤੀ ਰਾਹੀ ਪ੍ਰਭਾਸ਼ਿਤ ਕੀਤਾ ਜਾਂਦਾ ਹੈ ਅਤੇ ਸੱਤਾ ਦੇ ਸੰਤੁਲਨ ਦੀ ਥਾਂ ਤੇ ਸੱਤਾ ਪ੍ਰਧਾਨਤਾ ਨੂੰ ਜਿਆਦਾ ਮਹੱਤਤਾ ਦਿੱਤੀ ਜਾਂਦੀ ਹੈ। ਇਸੇ ਕਰਕੇ ਹੀ ਗਲੋਬਲ ਸ਼ਾਂਤੀ ਸੂਚਕ ਵਿਚ ਲਗਾਤਾਰ ਗਿਰਾਵਟ ਦਰਜ ਕੀਤੀ ਜਾ ਰਹੀ ਹੈ। ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਸੱਤਾ ਦੀ ਪ੍ਰਧਾਨਤਾ ਦੇ ਬਾਵਜੂਦ ਵਿਭਿੰਨਤਾਵਾਂ ਨੂੰ ਸਵੀਕਾਰਨਾ, ਸਹਿ-ਹੋਂਦ ਲਈ ਸਨਮਾਨ ਅਤੇ ਮੁਲ਼ਕਾਂ ਵਿਚ ਸਰਹੱਦਾਂ ਦਾ ਕਮਜ਼ੋਰ ਹੋਣਾ ਵੀ ਜਾਰੀ ਹੈ। ਨਿਆਂ, ਸਾਂਝੀਆਂ ਕਦਰਾਂ-ਕੀਮਤਾਂ ਅਤੇ ਅੰਤਰ-ਰਾਸ਼ਟਰੀ ਪਹੁੰਚ ਰਾਹੀ ਸ਼ਾਂਤੀ ਮਨੁੱਖਤਾ ਦੀ ਭਾਵਨਾ ਨੂੰ ਮਜਬੂਤ ਬਣਾਉਣ ਲਈ ਰਾਹ ਬਣਾ ਰਹੀ ਹੈ। ਅੰਤ ਵਿਚ ਅਸੀ ਪੋਪ ਪਾੱਲ ਛੇਵੇਂ ਦੇ ਸ਼ਬਦਾਂ ਵਿਚ ਕਹਿ ਸਕਦੇ ਹਾਂ, ‘ਅਗਰ ਤੁਸੀ ਸ਼ਾਂਤੀ ਚਾਹੁੰਦੇ ਹੋ ਤਾਂ ਨਿਆਂ ਲਈ ਕੰਮ ਕਰੋ।’

# ਉੱਤਰ ਪ੍ਰਦੇਸ਼ ਵਿਚ ਭਾਜਪਾ ਦੀ ਜਿੱਤ ਸੌਖੀ ਨਹੀਂ

## ✪ ਬੰਗਾਲ ਚੋਣਾਂ ਦੀ ਹਾਰ ਤੋਂ ਬਾਅਦ ਭਾਜਪਾ ਅਤੇ ਸੰਘ ਦਾ ਮਨੋਬਲ ਡਿੱਗਿਆ

## ✪ ਭਾਜਪਾ ਨਹੀਂ ਲੱਭ ਸਕੀ ਯੋਗੀ ਦਾ ਬਦਲ ✪ ਉੱਤਰ ਪ੍ਰਦੇਸ਼ ਦੇ ਕਿਸਾਨ ਖੇਤੀ ਕਾਨੂੰਨਾਂ ਕਰਕੇ ਮੋਦੀ ਖਿਲਾਫ਼

**ਲਖਨਊ/ਏ.ਟੀ.ਨਿਊਜ਼ :** ਬੰਗਾਲ ਚੋਣਾਂ ਦੀ ਹਾਰ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਅਤੇ ਉਸ ਦੇ ਪਿੱਤਰੀ ਸੰਗਠਨ ਰਾਸ਼ਟਰੀ ਸੋਇਮ ਸੇਵਕ ਸੰਘ ਦਾ ਮਨੋਬਲ ਡਿੱਗਿਆ ਹੋਇਆ ਹੈ। ਇਸ ਦਰਮਿਆਨ ਉੱਤਰ ਪ੍ਰਦੇਸ਼ ਵਿਚ ਪੰਚਾਇਤੀ ਚੋਣਾਂ ਵੀ ਹੋਈਆਂ ਅਤੇ ਉਸ ਵਿਚ ਵੀ ਭਾਰਤੀ ਜਨਤਾ ਪਾਰਟੀ ਫਾਡੀ ਰਹੀ। ਉੱਤਰ ਪ੍ਰਦੇਸ਼ ਵਿਚ ਗ੍ਰਾਮ ਪੰਚਾਇਤਾਂ ਦੀਆਂ ਚੋਣਾਂ ਪਾਰਟੀ ਦੇ ਆਧਾਰ 'ਤੇ ਨਹੀਂ ਹੁੰਦੀਆਂ ਪਰ ਜ਼ਿਲਾ ਪ੍ਰੀਸ਼ਦ ਦੇ ਮੈਂਬਰਾਂ ਦੀਆਂ ਚੋਣਾਂ ਪਾਰਟੀ ਦੇ ਆਧਾਰ 'ਤੇ ਹੀ ਹੁੰਦੀਆਂ ਹਨ ਅਤੇ ਇਨਾਂ ਚੋਣਾਂ ਵਿਚ ਭਾਜਪਾ ਦੇ ਸਿਰਫ਼ 20 ਫ਼ੀਸਦੀ ਉਮੀਦਵਾਰ ਹੀ ਜਿੱਤ ਸਕੇ। 26 ਫ਼ੀਸਦੀ ਉਮੀਦਵਾਰ ਸਮਾਜਵਾਦੀ ਪਾਰਟੀ ਦੇ ਜਿੱਤੇ। ਸਭ ਤੋਂ ਜ਼ਿਆਦਾ ਆਜ਼ਾਦ ਉਮੀਦਵਾਰਾਂ ਦੀ ਜਿੱਤ ਹੋਈ ਹੈ। ਹੁਣ ਜ਼ਿਲਾ ਪ੍ਰੀਸ਼ਦ ਦੇ ਮੈਂਬਰ ਜ਼ਿਲਾ ਪ੍ਰੀਸ਼ਦਾਂ ਦੇ ਪ੍ਰਧਾਨਾਂ ਦੀ ਚੋਣ ਕਰਨਗੇ ਪਰ ਕੋਰੋਨਾ ਦੀ ਤੇਜ਼ ਲਹਿਰ ਕਾਰਨ ਉਨਾਂ ਚੋਣਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਹੁਣ ਜੁਲਾਈ ਦੇ ਪਹਿਲੇ ਹਫ਼ਤੇ ਇਹ ਚੋਣਾਂ ਹੋਣਗੀਆਂ।

ਭਾਰਤੀ ਜਨਤਾ ਪਾਰਟੀ ਕੋਲ 20 ਫ਼ੀਸਦੀ ਜਿੱਤੇ ਹੋਏ ਜ਼ਿਲਾ ਪ੍ਰੀਸ਼ਦ ਦੇ ਮੈਂਬਰ ਹਨ ਪਰ ਪ੍ਰਧਾਨਗੀ ਦੀਆਂ ਚੋਣਾਂ ਵਿਚ ਸੂਬੇ ਦੇ ਜ਼ਿਆਦਾਤਰ ਜ਼ਿਲਿਆਂ ਵਿਚ ਉਸ ਦੇ ਉਮੀਦਵਾਰ ਜਿੱਤਣ ਦੀ ਸੰਭਾਵਨਾ ਹੈ ਕਿਉਂਕਿ ਉਨਾਂ ਚੋਣਾਂ ਵਿਚ ਖ਼ੂਬ ਪੈਸਾ ਚੱਲੇਗਾ ਅਤੇ ਭਾਜਪਾ ਕੋਲ ਪੈਸੇ ਦੀ ਘਾਟ ਨਹੀਂ ਹੈ। ਆਜ਼ਾਦ ਮੈਂਬਰ ਬਹੁਤ ਜ਼ਿਆਦਾ ਹਨ ਅਤੇ ਭਾਜਪਾ ਨੂੰ ਵੋਟਾਂ ਪਾਉਣ ਵਿਚ ਇਨਾਂ ਨੂੰ ਕੋਈ ਸਮੱਸਿਆ ਨਹੀਂ ਆਵੇਗੀ। ਆਜ਼ਾਦ ਜ਼ਿਲਾ ਪ੍ਰੀਸ਼ਦ ਮੈਂਬਰਾਂ 'ਤੇ ਦਲ-ਬਦਲੂ ਵਿਰੋਧੀ ਕਾਨੂੰਨ ਵੀ ਲਾਗੂ ਨਹੀਂ ਹੋ ਸਕਦਾ, ਇਸ ਲਈ ਅਥਾਹ ਧਨ ਸ਼ਕਤੀ ਹੋਣ ਕਾਰਨ ਭਾਰਤੀ ਜਨਤਾ ਪਾਰਟੀ ਜ਼ਿਲਾ ਪ੍ਰੀਸ਼ਦਾਂ ਦੇ ਮੈਂਬਰਾਂ ਦੀਆਂ ਵੋਟਾਂ ਵੀ ਖਰੀਦ ਸਕਦੀ ਹੈ ਅਤੇ ਉਹ ਮੈਂਬਰ ਖੁੱਲੇਆਮ ਪਾਸਾ ਬਦਲ ਸਕਦੇ ਹਨ। ਉਂਜ ਵੀ ਕਾਂਗਰਸ ਦੇ ਮੈਂਬਰਾਂ ਨੂੰ ਭਾਜਪਾ ਵਿਚ ਲਿਆਉਣਾ ਬਹੁਤ ਸੌਖਾ ਹੈ। ਕਾਂਗਰਸ ਤਾਂ ਹੁਣ ਭਾਰਤੀ ਜਨਤਾ ਪਾਰਟੀ ਦਾ ਗੁਦਾਮ ਬਣ ਚੁੱਕੀ ਹੈ। ਭਾਜਪਾ ਜਦੋਂ ਚਾਹੇ ਉਦੋਂ ਉਥੋਂ ਕਿਸੇ ਨੂੰ ਵੀ ਕੰਨੋਂ ਫੜ ਕੇ ਆਪਣੇ ਕੋਲ ਲੈ ਆਉਂਦੀ ਹੈ। ਜੁਲਾਈ ਦੇ ਪਹਿਲੇ ਹਫ਼ਤੇ ਵਿਚ ਹੋਣ ਵਾਲੀਆਂ ਜ਼ਿਲਾ ਪ੍ਰੀਸ਼ਦ ਦੀ ਪ੍ਰਧਾਨਗੀ ਦੀਆਂ ਚੋਣਾਂ ਵਿਚ ਜ਼ਿਆਦਾ ਜ਼ਿਲਿਆਂ ਵਿਚ ਬੇਸ਼ੱਕ ਭਾਜਪਾ ਆਪਣੀ ਜਿੱਤ ਦਾ ਝੰਡਾ ਲਹਿਰਾ ਲਵੇ ਪਰ ਜ਼ਮੀਨੀ ਹਕੀਕਤ ਇਹ ਹੈ ਕਿ ਉਸ ਦਾ ਆਧਾਰ ਖਿਸਕ ਚੁੱਕਾ ਹੈ। ਦੇਸ਼ ਦੀ ਸਭ ਤੋਂ ਵੱਡੀ ਆਬਾਦੀ ਵਾਲੇ ਸੂਬੇ ਵਿਚ ਅੱਜ ਤੋਂ 10 ਸਾਲ ਪਹਿਲਾਂ ਭਾਜਪਾ ਗ਼ੈਰ-ਪ੍ਰਸੰਗਿਕ ਸੀ। ਉਸ ਦਾ ਹਾਲ ਇਹ ਸੀ ਕਿ ਕਲਿਆਣ ਸਿੰਘ ਵਰਗੇ ਆਗੂ ਭਾਜਪਾ ਨੂੰ 'ਮਰਿਆ ਸੱਪ' ਕਹਿਣ ਲੱਗੇ ਸਨ। ਉਸ ਸਮੇਂ ਉਹ ਭਾਜਪਾ ਤੋਂ ਬਾਹਰ ਸਨ ਅਤੇ ਪਾਰਟੀ ਵਿਚ ਉਨਾਂ ਦੇ ਸ਼ਾਮਿਲ ਹੋਣ ਦਾ ਖ਼ਦਸ਼ਾ ਪ੍ਰਗਟ ਕੀਤਾ ਜਾਂਦਾ ਸੀ। ਕਲਿਆਣ ਸਿੰਘ ਤੋਂ ਭਾਜਪਾ ਵਿਚ ਸ਼ਾਮਿਲ ਹੋਣ ਬਾਰੇ ਪੱਤਰਕਾਰ ਜਦੋਂ ਸਵਾਲ ਕਰਦੇ ਸਨ ਤਾਂ ਉਨਾਂ ਦਾ ਜਵਾਬ ਹੁੰਦਾ ਕਿ ਭਾਜਪਾ ਮਰਿਆ ਹੋਇਆ ਸੱਪ ਹੈ ਅਤੇ ਮੈਂ ਉਸ ਨੂੰ ਗਲੇ ਵਿਚ ਲਟਕਾ ਕੇ ਨਹੀਂ ਘੁੰਮਾਂਗਾ। ਸਮਾਂ ਆਪਣੀ ਤੋਰ ਤੁਰਦਾ ਗਿਆ ਅਤੇ 2014 ਵਿਚ ਭਾਜਪਾ ਨੇ ਉੱਤਰ ਪ੍ਰਦੇਸ਼ ਵਿਚ ਆਪਣਾ ਝੰਡਾ ਝੁਲਾ ਦਿੱਤਾ। ਮੋਦੀ ਦੇ ਨਾਂ 'ਤੇ ਭਾਜਪਾ ਨੂੰ ਫਾਇਦਾ ਹੋਇਆ ਅਤੇ ਭ੍ਰਿਸ਼ਟਾਚਾਰ ਕਾਰਨ ਪੈਦਾ ਹੋਏ ਵਿਦਰੋਹ ਨਾਲ ਕਾਂਗਰਸ, ਸਮਾਜਵਾਦੀ ਪਾਰਟੀ ਅਤੇ ਬਸਪਾ ਦਾ ਪੱਤਾ ਸਾਫ਼ ਹੋ ਗਿਆ। ਸੂਬੇ ਵਿਚ ਜਾਤੀ ਰਾਜਨੀਤੀ ਦਾ ਲਾਭ ਵੀ ਭਾਜਪਾ ਨੂੰ ਮਿਲਿਆ ਕਿਉਂਕਿ ਮਾਇਆਵਤੀ ਅਤੇ ਅਖਿਲੇਸ਼ ਨੂੰ ਕੱਟੜਵਾਦੀ ਨੇਤਾ ਮੰਨਦਿਆਂ ਜ਼ਿਆਦਾਤਰ ਦਲਿਤ ਅਤੇ ਪਛੜੀਆਂ ਜਾਤੀਆਂ ਦੇ ਲੋਕਾਂ ਨੇ ਭਾਜਪਾ ਨੂੰ ਵੋਟਾਂ ਪਾਈਆਂ।



ਦੂਜੇ ਪਾਸੇ ਪੱਛਮੀ ਉੱਤਰ ਪ੍ਰਦੇਸ਼ ਵਿਚ ਜਾਟਾਂ ਅਤੇ ਮੁਸਲਮਾਨਾਂ ਵਿਚ ਦੰਗੇ ਹੋ ਗਏ। ਦੰਗੇ ਅਖਿਲੇਸ਼ ਸਰਕਾਰ ਦੇ ਕਾਰਜਕਾਲ ਵਿਚ ਹੋਏ ਸਨ ਅਤੇ ਕੇਂਦਰ ਵਿਚ ਕਾਂਗਰਸ ਦੀ ਸਰਕਾਰ ਸੀ। ਇਸ ਕਾਰਨ ਪੱਛਮੀ ਉੱਤਰ ਪ੍ਰਦੇਸ਼ ਦੇ ਜਾਟ ਵੀ ਭਾਜਪਾ ਪ੍ਰੇਮੀ ਹੋ ਗਏ। ਜਦੋਂਕਿ ਉਸ ਤੋਂ ਪਹਿਲਾਂ ਜਾਟਾਂ ਨੇ ਕਦੀ ਵੀ ਭਾਜਪਾ ਨੂੰ ਪਸੰਦ ਨਹੀਂ ਕੀਤਾ।

ਏਨੇ ਕਾਰਨਾਂ ਕਰਕੇ ਉੱਤਰ ਪ੍ਰਦੇਸ਼ ਵਿਚ ਭਾਜਪਾ ਛਾ ਗਈ ਅਤੇ ਨਤੀਜਾ ਇਹ ਨਿਕਲਿਆ ਕਿ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਉਸ ਨੂੰ ਵੱਡਾ ਬਹੁਮਤ ਮਿਲਿਆ, ਜਿਹੋ ਜਿਹਾ ਕਿ ਪਹਿਲਾਂ ਕਦੇ ਕਿਸੇ ਪਾਰਟੀ ਨਹੀਂ ਮਿਲਿਆ। ਪਰ ਹੁਣ ਉੱਤਰ ਪ੍ਰਦੇਸ਼ ਵਿਚ ਦ੍ਰਿਸ਼ ਬਦਲ ਚੁੱਕਾ ਹੈ। ਨਰਿੰਦਰ ਮੋਦੀ ਦਾ ਨਾਂਅ ਕਈ ਕਾਰਨਾਂ ਕਰਕੇ ਕਮਜ਼ੋਰ ਹੋ ਚੁੱਕਾ ਹੈ। ਉਨਾਂ ਨੇ ਭ੍ਰਿਸ਼ਟ ਲੋਕਾਂ ਖਿਲਾਫ਼ ਕੋਈ ਕਾਰਵਾਈ ਨਹੀਂ ਕੀਤੀ। ਸਰਕਾਰੀ ਅਦਾਰਿਆਂ ਵਿਚ ਭ੍ਰਿਸ਼ਟਾਚਾਰ ਹੋਰ ਵਧ ਗਿਆ ਹੈ। ਮੋਦੀ ਆਪਣੇ-ਆਪ ਨੂੰ ਓ.ਬੀ.ਸੀ. ਕਹਿੰਦੇ ਹਨ ਪਰ ਓ.ਬੀ.ਸੀ. ਦੇ ਕਾਨੂੰਨੀ ਅਧਿਕਾਰਾਂ ਦੀ ਰੱਖਿਆ ਲਈ ਉਨਾਂ ਨੇ ਕੁਝ ਨਹੀਂ ਕੀਤਾ। ਕੋਰੋਨਾ ਕਾਲ ਵਿਚ ਉਨਾਂ ਦੀ ਸਰਕਾਰ ਸਥਿਤੀ ਸੰਭਾਲਣ ਵਿਚ ਅਸਫਲ ਰਹੀ। ਪਹਿਲੀ ਲਹਿਰ ਵਿਚ ਬਿਨਾਂ ਕੁਝ ਸੋਚੇ-ਸਮਝੇ ਤਾਲਾਬੰਦੀ ਲਗਾ ਦਿੱਤੀ, ਜਿਸ ਨਾਲ ਕਰੋੜਾਂ ਲੋਕਾਂ ਦਾ ਨੁਕਸਾਨ ਹੋਇਆ। ਦੂਜੀ ਲਹਿਰ ਵਿਚ ਤਾਂ ਮੋਦੀ ਸਰਕਾਰ ਲਾਪਤਾ ਸੀ। ਸੰਕਟ ਨਾਲ ਲੜਨ ਦੀ ਕੋਈ ਤਿਆਰੀ ਨਹੀਂ ਸੀ। ਇਲਾਜ ਦੀ ਕਮੀ ਕਰਕੇ ਲੋਕ ਮਾਰੇ ਗਏ। ਸ਼ਮਸ਼ਾਨਘਾਟਾਂ ਵਿਚ ਲੋਕਾਂ ਨੂੰ ਜਗਾ ਨਹੀਂ ਸੀ ਮਿਲ ਰਹੀ। ਉੱਤਰ ਪ੍ਰਦੇਸ਼ ਵਿਚ ਭਿਆਨਕ ਆਫ਼ਤ ਦਾ ਦੌਰ ਵੇਖਿਆ। ਅਖਿਲੇਸ਼ ਅਨੁਸਾਰ ਸਰਕਾਰ ਨੇ ਕੋਰੋਨਾ ਨਾਲ ਮਰਨ ਵਾਲਿਆਂ ਦਾ ਜੋ ਅੰਕੜਾ ਦਿੱਤਾ ਹੈ, ਉਸ ਤੋਂ 42 ਗੁਣਾ ਜ਼ਿਆਦਾ ਲੋਕ ਮਰੇ ਹਨ।

ਭਾਜਪਾ ਅਤੇ ਆਰ. ਐਸ. ਐਸ. ਦੇ ਸਮਰਥਕਾਂ ਦੇ ਪਰਿਵਾਰ ਵੀ ਇਸ ਤੋਂ ਵਾਂਝੇ ਨਹੀਂ ਰਹੇ। ਭਾਜਪਾ ਦੇ ਕੋਰੋਨਾ ਪੀੜਤ ਪਰਿਵਾਰਾਂ ਵਿਚ ਮੋਦੀ ਅਤੇ ਯੋਗੀ ਸਰਕਾਰ ਤੋਂ ਵਿਸ਼ਵਾਸ ਉਠ ਚੁੱਕਾ ਹੈ। ਇਸ ਦਾ ਅਸਰ ਤਾਂ ਚੋਣਾਂ 'ਤੇ ਪਵੇਗਾ ਹੀ। ਮੋਦੀ ਸਰਕਾਰ ਵਲੋਂ ਤਿੰਨ ਖੇਤੀ ਕਾਨੂੰਨ ਵੀ ਭਾਜਪਾ ਲਈ ਮੁਸੀਬਤ ਸਾਬਤ ਹੋ ਰਹੇ ਹਨ। ਪੱਛਮੀ ਉੱਤਰ ਪ੍ਰਦੇਸ਼ ਵਿਚ ਇਸ ਕਾਰਨ ਹੀ ਜਾਟਾਂ ਅਤੇ ਮੁਸਲਮਾਨਾਂ ਦੀ ਏਕਤਾ ਇਕ ਵਾਰ ਫਿਰ ਉਭਰ ਗਈ ਹੈ, ਜਿਸ ਕਾਰਨ ਉਥੇ ਭਾਜਪਾ ਦੀ ਜਿੱਤ ਔਖੀ ਹੋ ਜਾਵੇਗੀ। ਉਂਜ ਪੂਰੇ ਉੱਤਰ ਪ੍ਰਦੇਸ਼ ਦੇ ਕਿਸਾਨ ਇਨਾਂ ਕਾਨੂੰਨਾਂ ਕਰਕੇ ਮੋਦੀ ਖਿਲਾਫ਼ ਹਨ। ਚੰਪਤ ਰਾਏ ਦਾ ਘੁਟਾਲਾ ਵੀ ਸਾਹਮਣੇ ਆ ਰਿਹਾ ਹੈ, ਜਿਸ ਕਾਰਨ ਹੁਣ ਭਗਵਾਨ ਸ੍ਰੀ ਰਾਮ ਵੀ ਭਾਜਪਾ ਦੀ ਬੇੜੀ ਨੂੰ ਕਿਨਾਰੇ ਨਹੀਂ ਲਗਾ ਸਕਦੇ। ਉਸ ਘਪਲੇ ਕਾਰਨ ਰਾਮ ਮੰਦਰ ਦਾ ਮੁੱਦਾ ਹੁਣ ਭਾਜਪਾ ਉਠਾ ਨਹੀਂ ਸਕੇਗੀ। ਜੇਕਰ ਉਠਾਏਗੀ ਤਾਂ ਉਸ ਦਾ ਨੁਕਸਾਨ ਹੋਵੇਗਾ। ਘੁਟਾਲਾ ਇਹ ਹੈ ਕਿ ਅਯੁੱਧਿਆ ਵਿੱਚ ਰਾਮ ਮੰਦਰ ਦੀ ਸਥਾਪਨਾ ਨੂੰ ਹਮੇਸ਼ਾ ਆਪਣਾ ਮੁੱਖ ਮੁੱਦਾ ਬਣਾ ਕੇ ਰੱਖਿਆ ਸੀ । ਹੁਣ ਉਸੇ ਰਾਮ ਮੰਦਰ ਦੀ ਸਥਾਪਨਾ ਲਈ ਇਕੱਠੇ ਕੀਤੇ ਚੰਦੇ ਵਿੱਚ ਵੀ ਘੁਟਾਲਾ ਕੀਤੇ ਜਾਣ ਦੇ ਦੋਸ਼ ਲੱਗਣੇ ਸ਼ੁਰੂ ਹੋ ਗਏ ਹਨ। ਪਹਿਲਾਂ ਇਹ ਦੋਸ਼ ਲੱਗਿਆ ਸੀ ਕਿ ਲਗਭਗ ਸਵਾ ਹੈਕਟੇਅਰ ਜ਼ਮੀਨ 18 ਮਾਰਚ ਨੂੰ ਹਰੀਸ਼ ਪਾਠਕ ਤੇ ਕੁਸਮ ਪਾਠਕ (ਪਤੀ-ਪਤਨੀ) ਨੇ ਸੁਲਤਾਨ ਅੰਸਾਰੀ ਤੇ ਰਵੀ ਮੋਹਨ ਤਿਵਾੜੀ ਨੂੰ ਦੋ ਕਰੋੜ ਵਿੱਚ ਵੇਚੀ ਸੀ। ਇਸ ਬੈਨਾਮੇ ਤੋਂ ਪੰਜ ਮਿੰਟ ਬਾਅਦ ਇਹੋ ਜ਼ਮੀਨ ਰਾਮ ਮੰਦਰ ਟਰੱਸਟ ਵੱਲੋਂ 18.50 ਕਰੋੜ ਰੁਪਏ ਵਿੱਚ ਖਰੀਦੀ ਗਈ । ਉਸ ਸਮੇਂ ਟਰੱਸਟ ਦੇ ਅਹੁਦੇਦਾਰਾਂ ਨੇ ਇਹ ਸਫ਼ਾਈ ਦਿੱਤੀ ਸੀ ਕਿ ਦੋ ਕਰੋੜ ਵਾਲਾ ਸੌਦਾ 2011 ਵਿੱਚ ਹੋਇਆ ਸੀ, ਜੋ ਉਸ ਸਮੇਂ ਦੀ ਕੀਮਤ ਮੁਤਾਬਕ ਸੀ ਤੇ ਟਰੱਸਟ ਨੇ ਜ਼ਮੀਨ ਅੱਜ ਦੀ ਬਜ਼ਾਰ ਕੀਮਤ ਅਨੁਸਾਰ ਖਰੀਦੀ ਹੈ। ਹੁਣ ਇੱਕ ਹੋਰ ਸੌਦੇ ਦੇ ਦਸਤਾਵੇਜ ਸਾਹਮਣੇ ਆ ਗਏ ਹਨ, ਜਿਸ ਮੁਤਾਬਕ 18 ਮਾਰਚ ਨੂੰ ਇੱਕ ਹੋਰ ਸੌਦਾ ਵੀ ਹੋਇਆ ਸੀ ।ਇਸ ਸੌਦੇ ਵਿੱਚ ਪਾਠਕ ਦੰਪਤੀ ਕੋਲੋਂ ਮੰਦਰ ਟਰੱਸਟ ਨੇ ਉਨਾਂ ਦੀ ਬਚਦੀ ਇੱਕ ਹੈਕਟੇਅਰ ਜ਼ਮੀਨ 8 ਕਰੋੜ ਵਿੱਚ ਖਰੀਦੀ ਸੀ । ਇਸ ਸੌਦੇ ਮੁਤਾਬਕ ਵੀ ਅੰਸਾਰੀ ਤੇ ਤਿਵਾੜੀ ਤੋਂ 18.50 ਕਰੋੜ ਵਿੱਚ ਖਰੀਦੀ ਸਵਾ ਹੈਕਟੇਅਰ ਜ਼ਮੀਨ ਦੀ ਕੀਮਤ ਵੀ 10 ਕਰੋੜ ਹੀ ਬਣਦੀ ਹੈ। ਇਸ ਘੁਟਾਲੇ ਦੀਆਂ ਹੋਰ ਵੀ ਕਈ ਪਰਤਾਂ ਹਨ। ਪਾਠਕ ਦੰਪਤੀ ਦੇ ਅੰਸਾਰੀ ਨਾਲ 2011 ਵਿੱਚ ਹੋਏ ਐਗਰੀਮੈਂਟ ਵਿੱਚ ਰਵੀ ਮੋਹਨ ਤਿਵਾੜੀ ਦਾ ਨਾਂ ਨਹੀਂ ਹੈ। ਸਵਾਲ ਪੈਦਾ ਹੁੰਦਾ ਹੈ ਕਿ ਬੈਨਾਮੇ ਵਿੱਚ ਰਵੀ ਮੋਹਨ ਤਿਵਾੜੀ ਦਾ ਨਾਂ ਕਿਸ ਲਈ ਜੋੜਿਆ ਗਿਆ । ਰਵੀ ਮੋਹਨ ਤਿਵਾੜੀ ਭਾਜਪਾ ਦੇ ਮੇਅਰ ਰਿਸ਼ੀਕੇਸ਼ ਦਾ ਰਿਸ਼ਤੇਦਾਰ ਹੈ ਤੇ 18.50 ਕਰੋੜ ਦੀ ਰਕਮ ਵਿੱਚੋਂ 17 ਕਰੋੜ ਰੁਪਏ ਆਨਲਾਈਨ ਉਸ ਦੇ ਖਾਤੇ ਵਿੱਚ ਹੀ ਟਰਾਂਸਫਰ ਕੀਤੇ ਗਏ ਸਨ। ਸਪੱਸ਼ਟ ਹੈ ਕਿ ਰਵੀ ਮੋਹਨ ਤਿਵਾੜੀ ਦਾ ਨਾਂ ਬੈਨਾਮੇ ਵਿੱਚ ਜੋੜਨਾ ਤੇ ਫਿਰ ਲਗਭਗ ਸਾਰੀ ਰਕਮ ਉਸ ਦੇ ਖਾਤੇ ਵਿੱਚ ਜਾਣਾ ਪੈਸਿਆਂ ਦੀ ਬਾਂਦਰ ਵੰਡ ਕੀਤੇ ਜਾਣ ਦੀ ਸ਼ੰਕਾ ਨੂੰ ਪੱਕਾ ਕਰਦਾ ਹੈ । ਇੱਕ ਹੋਰ ਗੱਲ ਵੀ ਮਿਲੀਭੁਗਤ ਨੂੰ ਜ਼ਾਹਰ ਕਰਦੀ ਹੈ ਕਿ ਤਿੰਨਾਂ ਹੀ ਸੌਦਿਆਂ ਵਿੱਚ ਗਵਾਹ ਮੇਅਰ ਰਿਸ਼ੀਕੇਸ਼ ਤੇ ਟਰੱਸਟ ਮੈਂਬਰ ਅਨਿਲ ਮਿਸ਼ਰਾ ਹਨ । 18.50 ਕਰੋੜ ਵਾਲੀ ਜ਼ਮੀਨ ਦਾ ਸਰਕਲ ਰੇਟ 5 ਕਰੋੜ 80 ਲੱਖ ਰੁਪਏ ਹੈ । ਮਾਲ ਵਿਭਾਗ ਦੇ ਅਧਿਕਾਰੀਆਂ ਮੁਤਾਬਕ ਜੇ ਸਰਕਾਰ ਕਿਸੇ ਜ਼ਮੀਨ ਨੂੰ ਲੈਂਦੀ ਹੈ ਤਾਂ ਉਸ ਨੂੰ ਸ਼ਹਿਰੀ ਖੇਤਰ ਵਿੱਚ ਸਰਕਲ ਰੇਟ ਤੋਂ ਦੁੱਗਣਾ ਰੇਟ ਦੇਣਾ ਪੈਂਦਾ ਹੈ । ਇਸ ਹਿਸਾਬ ਨਾਲ ਵੀ ਜ਼ਮੀਨ 11 ਕਰੋੜ 60 ਲੱਖ ਦੀ ਬਣਦੀ ਹੈ ।ਆਮ ਤੌਰ ਉੱਤੇ ਦੇਖਿਆ ਗਿਆ ਹੈ ਕਿ ਧਾਰਮਿਕ ਸੰਸਥਾਵਾਂ ਆਸਥਾ ਦੇ ਸਹਾਰੇ ਘੱਟ ਕੀਮਤ ਉੱਤੇ ਜ਼ਮੀਨ ਹਾਸਲ ਕਰਨ ਵਿੱਚ ਕਾਮਯਾਬ ਹੋ ਜਾਂਦੀਆਂ ਹਨ । ਇਸੇ ਭਾਵਨਾ ਤਹਿਤ 11 ਮਈ ਨੂੰ ਦੋ ਵਿਅਕਤੀਆਂ ਯਸ਼ੋਦਾ ਨੰਦਨ ਤੇ ਕੌਸ਼ਲ ਕਿਸ਼ੋਰ ਨੇ ਲਗਭਗ ਪੌਣਾ ਹੈਕਟੇਅਰ ਜ਼ਮੀਨ ਮੰਦਰ ਟਰੱਸਟ ਨੂੰ ਮੁਫ਼ਤ ਵਿੱਚ ਦੇ ਦਿੱਤੀ ਸੀ। ਇਸ ਸਮੁੱਚੇ ਘੁਟਾਲੇ ਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ ਤੇ ਇਹ ਵੀ ਪਤਾ ਲੱਗਣਾ ਚਾਹੀਦਾ ਹੈ ਕਿ ਤਿਵਾੜੀ ਦੇ ਖਾਤੇ ਵਿੱਚ ਗਿਆ 17 ਕਰੋੜ ਅੱਗੋਂ ਕਿਹੜੇ-ਕਿਹੜੇ ਖਾਤਿਆਂ ਵਿੱਚ ਟਰਾਂਸਫਰ ਹੋਇਆ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਉੱਤਰ ਪ੍ਰਦੇਸ਼ ਵਿਚ ਭਾਜਪਾ ਦੀ ਜਿੱਤ ਸੌਖੀ ਨਹੀਂ ਹੈ। ਯੋਗੀ ਨੂੰ ਹਟਾ ਕੇ ਜਿੱਤ ਨੂੰ ਸੰਭਵ ਬਣਾਉਣ ਦੀ ਇਕ ਕੋਸ਼ਿਸ਼ ਦਿੱਲੀ ਵਿਚ ਭਾਜਪਾ ਦੇ ਨੇਤਾਵਾਂ ਨੇ ਕੀਤੀ। ਪਰ ਯੋਗੀ ਇਸ ਲਈ ਤਿਆਰ ਨਹੀਂ ਹੋਏ। ਸੱਚ ਤਾਂ ਇਹ ਹੈ ਕਿ ਭਾਜਪਾ ਕੋਲ ਉੱਤਰ ਪ੍ਰਦੇਸ਼ ਵਿਚ ਯੋਗੀ ਤੋਂ ਬਿਹਤਰ ਕੋਈ ਨੇਤਾ ਵੀ ਨਹੀਂ ਹੈ।

---

# ਕੈਪਟਨ ਸਿੱਧੂ ਦੀ ਫੁੱਟ ਨੇ ਪੰਜਾਬ ਕਾਂਗਰਸ ਨੂੰ ਕਮਜ਼ੋਰ ਕੀਤਾ

**ਰਜਿੰਦਰ ਸਿੰਘ ਪੁਰੇਵਾਲ**

ਕਾਂਗਰਸ ਦੇ ਕਲੇਸ਼ ਦਰਮਿਆਨ ਹਾਈਕਮਾਨ ਦੀ ਬਰੂਹੇ ਪੁੱਜੇ ਨਵਜੋਤ ਸਿੰਘ ਸਿੱਧੂ ਵਲੋਂ ਪ੍ਰਿਯੰਕਾ ਗਾਂਧੀ ਨਾਲ ਮੁਲਾਕਾਤ ਕੀਤੀ ਗਈ ਹੈ। ਸਿੱਧੂ ਦੀ ਰਾਹੁਲ ਗਾਂਧੀ ਨਾਲ ਮੁਲਾਕਾਤ ਹੋਵੇਗੀ ਜਾਂ ਨਹੀਂ, ਇਸ 'ਤੇ ਸਸਪੈਂਸ ਅਜੇ ਵੀ ਬਰਕਾਰ ਹੈ। ਦਰਅਸਲ ਖ਼ਬਰਾਂ ਸਨ ਕਿ ਹਾਈਕਮਾਨ ਵਲੋਂ ਨਵਜੋਤ ਸਿੱਧੂ ਨੂੰ ਦਿੱਲੀ ਸੱਦਿਆ ਗਿਆ ਸੀ, ਇਸ 'ਤੇ ਸਿੱਧੂ ਮੰਗਲਵਾਰ ਨੂੰ ਦਿੱਲੀ ਲਈ ਰਵਾਨਾ ਵੀ ਹੋਏ ਅਤੇ ਉੱਥੇ ਸਮੇਂ ਸਿਰ ਪੁੱਜ ਵੀ ਗਏ ਸਨ। ਇਸ ਦੌਰਾਨ ਉਦੋਂ ਸਿਆਸੀ ਹਲਕਿਆਂ ਵਿਚ ਹੋਰ ਖਲਬਲੀ ਮੱਚ ਗਈ, ਜਦੋਂ ਸ਼ਾਮ ਨੂੰ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਆਖ ਦਿੱਤਾ ਕਿ ਉਨਾਂ ਦਾ ਨਵਜੋਤ ਸਿੱਧੂ ਨੂੰ ਮਿਲਣ ਦਾ ਕੋਈ ਪ੍ਰੋਗਰਾਮ ਨਹੀਂ ਸੀ ਅਤੇ ਨਾ ਹੀ ਅੱਜ ਲਈ ਕੋਈ ਮੀਟਿੰਗ ਤੈਅ ਹੋਈ ਸੀ।

ਫਿਲਹਾਲ ਹੁਣ ਜਦੋਂ ਸਿੱਧੂ ਦੀ ਮੁਲਾਕਾਤ ਪ੍ਰਿਯੰਕਾ ਗਾਂਧੀ ਨਾਲ ਮੁਲਾਕਾਤ ਹੋਈ ਹੈ ਅਤੇ ਸਿੱਧੂ ਦੀ ਪ੍ਰਿਅੰਕਾ ਨਾਲ ਕਾਫੀ ਨੇੜਤਾ ਵੀ ਹੈ, ਅਜਿਹੇ ਵਿਚ ਕਿਆਸ ਲਗਾਏ ਜਾ ਰਹੇ ਹਨ ਕਿ ਪ੍ਰਿਯੰਕਾ ਗਾਂਧੀ ਰਾਹੀਂ ਨਵਜੋਤ ਅਤੇ ਰਾਹੁਲ ਗਾਂਧੀ ਵਿਚਾਲੇ ਮੀਟਿੰਗ ਦਾ ਸਬਬ ਬਣ ਸਕਦਾ ਹੈ। ਪੰਜਾਬ ਕਾਂਗਰਸ ਦਾ 2015 ਅਤੇ 2016 ਦੇ ਆਖਰੀ ਦਿਨਾਂ ਦਾ ਦੌਰ ਯਾਦ ਹੈ, ਜਿਸ ਵੇਲੇ ਵੀ ਕਾਂਗਰਸ ਹਾਈਕਮਾਨ ਕਾਫੀ ਕਮਜ਼ੋਰ ਸੀ ਪਰ ਉਸ ਵੇਲੇ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਨਾ ਹੋਣ ਦੇ ਬਾਵਜੂਦ ਕੈਪਟਨ ਅਮਰਿੰਦਰ ਸਿੰਘ ਪੰਜਾਬ ਕਾਂਗਰਸ ਵਿਚ ਬਹੁਤ ਮਜ਼ਬੂਤ ਪੁਜ਼ੀਸ਼ਨ ਵਿਚ ਸਨ। 27 ਨਵੰਬਰ, 2015 ਦੀ ਗੱਲ ਹੈ ਜਦੋਂ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਇਆ ਗਿਆ ਸੀ। ਜਨਵਰੀ ਦੇ ਅਖ਼ੀਰ ਵਿਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਸਿਰਫ ਕੁਝ ਦਿਨ ਪਹਿਲਾਂ ਹੀ ਕੈਪਟਨ ਨੂੰ ਰਾਹੁਲ ਗਾਂਧੀ ਨੇ ਪੰਜਾਬ ਵਿਚ ਕਾਂਗਰਸ ਦਾ ਮੁੱਖ ਮੰਤਰੀ ਦਾ ਚਿਹਰਾ ਵੀ ਐਲਾਨ ਦਿੱਤਾ ਸੀ। ਇਹ ਉਹ ਦੌਰ ਸੀ ਜਦੋਂ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਲਗਾਤਾਰ ਬਿਆਨ ਦੇ ਰਹੇ ਸਨ ਕਿ ਪੰਜਾਬ ਵਿਚ ਕਾਂਗਰਸ ਦਾ ਮੁੱਖ ਮੰਤਰੀ ਪਦ ਦਾ ਅਸਲੀ ਚਿਹਰਾ ਨਵਜੋਤ ਸਿੰਘ ਸਿੱਧੂ ਹੋਣਗੇ ਤੇ ਸਿੱਧੂ ਨੂੰ ਪਾਰਟੀ (ਕਾਂਗਰਸ) ਵਿਚ ਸ਼ਾਮਿਲ ਹੀ ਕੈਪਟਨ ਨੂੰ ਪਾਸੇ ਕਰਨ ਲਈ ਕੀਤਾ ਗਿਆ ਹੈ। 28 ਜਨਵਰੀ, 2017 ਨੂੰ ਰਾਹੁਲ ਗਾਂਧੀ ਨੇ ਮਾਮਲਾ ਨਿਬੇੜ ਦਿੱਤਾ ਅਤੇ ਕੈਪਟਨ ਨੂੰ ਪੰਜਾਬ ਵਿਚ ਮੁੱਖ ਮੰਤਰੀ ਵਜੋਂ ਚਿਹਰਾ ਐਲਾਨ ਕੇ ਕਾਂਗਰਸ ਦੀ ਜਿੱਤ ਦਾ ਰਾਹ ਪੱਧਰਾ ਕਰ ਲਿਆ। ਉਸ ਵੇਲੇ ਹਾਲਾਤ ਅਲੱਗ ਸਨ। ਪਰ ਹੁਣ ਕੈਪਟਨ ਕਮਜ਼ੋਰ ਨਜਰ ਆ ਰਹੇ ਹਨ, ਕਿਉਂਕਿ ਉਹਨਾਂ ਦਾ ਪੰਜਾਬੀਆਂ ਵਿਚ ਪ੍ਰਭਾਵ ਘਟਿਆ ਹੈ ਕਿਉਂਕਿ ਕੈਪਟਨ ਚੋਣ ਵਾਅਦੇ ਨਿਭਾਉਣ ਵਿਚ ਅਸਫਲ ਰਹੇ ਹਨ।

ਇਸ ਵੇਲੇ ਦੋ ਤਿਹਾਈ ਵਿਧਾਇਕ ਕਾਂਗਰਸ ਹਾਈਕਮਾਨ ਨਾਲ ਹਨ। ਬਲਕਿ 2016 ਵਿਚ ਕਾਂਗਰਸ ਹਾਈ ਕਮਾਨ ਨੂੰ ਇਹ ਕਹਿਣ ਵਾਲੇ ਨੇਤਾ ਕਿ ਕੈਪਟਨ ਦੀ ਅਗਵਾਈ ਬਿਨਾਂ ਪੰਜਾਬ ਵਿਚ ਕਾਂਗਰਸ ਸੱਤਾ ਵਿਚ ਨਹੀਂ ਆ ਸਕਦੀ, ਇਸ ਵਾਰ ਵੱਖਰੀ ਤਰਾਂ ਦਾ ਸਟੈਂਡ ਲੈਂਦੇ ਦਿਖਾਈ ਦੇ ਰਹੇ ਹਨ। ਪਰ ਇਥੇ ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਭਾਵੇਂ ਕੈਪਟਨ ਵਿਰੋਧੀ ਬਹੁਤ ਜ਼ਿਆਦਾ ਹਨ ਪਰ ਫਿਰ ਵੀ ਉਨਾਂ ਦੇ ਕਈ ਵੱਖ-ਵੱਖ ਧੜੇ ਹਨ ਅਤੇ ਉਨਾਂ ਦਾ ਕੋਈ ਇਕ ਲੀਡਰ ਨਹੀਂ ਹੈ। 'ਮਾਝਾ ਐਕਸਪ੍ਰੈੱਸ' ਦੇ ਨਾਂ ਨਾਲ ਜਾਣੇ ਜਾਂਦੇ ਗਰੁੱਪ ਸਿੱਧੂ ਨਾਲ ਸਹਿਮਤ ਨਹੀਂ ਹਨ। ਕੈਪਟਨ ਵਿਰੋਧੀ ਸਾਰੇ ਧੜੇ ਬੇਅਦਬੀ ਸਬੰਧੀ ਵਾਅਦੇ ਪੂਰੇ ਨਾ ਕਰਨ, ਮਾਫੀਆ ਰਾਜ ਖ਼ਤਮ ਨਾ ਹੋਣ ਆਦਿ ਦੇ ਮੁੱਦੇ ਹੀ ਉਠਾ ਰਹੇ ਹਨ। ਪਰ ਫਿਰ ਵੀ ਉਹ ਆਪਸ ਵਿਚ ਇਕੱਠੇ ਨਹੀਂ ਹਨ। ਪਰ ਇਸ ਦੇ ਬਾਵਜੂਦ ਇਹ ਸਪੱਸ਼ਟ ਦਿਖਾਈ ਦੇ ਰਿਹਾ ਹੈ ਕਿ ਇਸ ਵਾਰ ਕੈਪਟਨ 2015-2017 ਵਾਂਗ ਹਮਲਾਵਰ ਨਹੀਂ ਹਨ, ਸਗੋਂ ਉਹ ਬਚਾਅ ਦੀ ਮੁਦਰਾ ਵਿਚ ਹੀ ਦਿਖਾਈ ਦੇ ਰਹੇ ਹਨ। ਇਹ ਚਰਚਾ ਇਸ ਗੱਲ ਨੂੰ ਹੋਰ ਮਜ਼ਬੂਤ ਕਰਦੀ ਹੈ ਕਿ ਕੈਪਟਨ ਭਾਵੇਂ ਹਾਈਕਮਾਨ ਸੋਨੀਆ ਤੇ ਰਾਹੁਲ ਨੂੰ ਮਿਲੇ ਬਿਨਾਂ ਹੀ ਦਿੱਲੀ ਤੋਂ ਪਰਤੇ ਹਨ। ਫਿਰ ਉਨਾਂ ਦੇ ਹੀ ਇਕ ਓ.ਐਸ.ਡੀ. ਵਲੋਂ ਕੀਤਾ ਟਵੀਟ ਦਾ ਇਸ ਗੱਲ 'ਤੇ ਮੋਹਰ ਹੀ ਲਾ ਦਿੰਦਾ ਹੈ ਕਿ ਕੈਪਟਨ ਨੂੰ ਹਾਈਕਮਾਨ ਅਣਗੌਲਿਆਂ ਕਰ ਰਹੀ ਹੈ। ਜਿਸ ਤਰਾਂ ਦੇ ਸੰਕੇਤ ਦਿਖਾਈ ਦੇ ਰਹੇ ਹਨ, ਉਨਾਂ ਤੋਂ ਨਹੀਂ ਜਾਪਦਾ ਕਿ ਮਾਮਲਾ ਏਨੀ ਜਲਦੀ ਸੁਲਝ ਜਾਵੇਗਾ। ਜੇਕਰ ਕੈਪਟਨ ਨੂੰ ਲੱਗਾ ਕਿ ਉਨਾਂ ਦੇ ਸਿਆਸੀ ਪਰ ਕੱਟੇ ਜਾ ਰਹੇ ਹਨ ਤਾਂ ਉਹ ਹਮਲਾਵਰ ਰੁਖ਼ ਵੀ ਅਪਣਾ ਸਕਦੇ ਹਨ। ਕਾਂਗਰਸ ਹਾਈਕਮਾਨ ਵਲੋਂ ਸਪੱਸ਼ਟ ਕੀਤਾ ਹੈ ਕਿ 2022 ਦੀਆਂ ਚੋਣਾਂ ਸੋਨੀਆ ਤੇ ਰਾਹੁਲ ਗਾਂਧੀ ਦੀ ਅਗਵਾਈ ਵਿਚ ਹੀ ਲੜੀਆਂ ਜਾਣਗੀਆਂ, ਕੈਪਟਨ ਦੀ ਸਰਦਾਰੀ ਲਈ ਚੈਲਿੰਜ ਹੈ। ਜਿਸ ਤਰਾਂ ਦੇ ਸੰਕੇਤ ਮਿਲ ਰਹੇ ਹਨ ਕਿ ਜੇਕਰ ਕਾਂਗਰਸ ਹਾਈਕਮਾਨ ਨੇ ਕੈਪਟਨ ਦੇ ਵਿਰੋਧ ਦੇ ਬਾਵਜੂਦ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾ ਦਿੱਤਾ ਤਾਂ ਕਾਂਗਰਸ ਦੀ ਅੰਦਰੂਨੀ ਲੜਾਈ ਵਧ ਸਕਦੀ ਹੈ। ਓਧਰ ਹਮਲਾਵਰ ਰੁਖ਼ ਵਿਚ ਸੇਧ ਲਾਈ ਬੈਠਾ ਅਕਾਲੀ ਦਲ-ਬਸਪਾ ਗਠਜੋੜ ਅਤੇ ਆਮ ਆਦਮੀ ਪਾਰਟੀ ਵੀ ਕਾਂਗਰਸ ਦੀਆਂ ਉਮੀਦਾਂ ਉਪਰ ਪਾਣੀ ਫੇਰ ਸਕਦੇ ਹਨ।

ਨਵਜੋਤ ਸਿੱਧੂ ਦਾ ਸਿੱਧੇ ਤੌਰ 'ਤੇ ਕਹਿ ਦੇਣਾ ਕਿ ਉਨਾਂ ਦੀ ਲੜਾਈ ਕੁਰਸੀ ਲਈ ਨਹੀਂ ਸਗੋਂ ਮੁੱਦਿਆਂ 'ਤੇ ਆਧਾਰਿਤ ਹੈ, ਇਸ ਗੱਲ ਨੇ ਵੀ ਕਾਂਗਰਸ ਹਾਈ ਕਮਾਨ ਨੂੰ ਧੁਰ ਅੰਦਰ ਤੱਕ ਪ੍ਰਭਾਵਿਤ ਕੀਤਾ ਹੈ। ਇਹੀ ਕਾਰਨ ਹੈ ਕਿ ਕੈਪਟਨ ਸਿੰਘ ਨੂੰ ਸਖਤ ਹਦਾਇਤਾਂ ਨਾਲ ਉਨਾਂ ਸਾਰੇ ਮੁੱਦਿਆਂ ਉਪਰ ਗੰਭੀਰਤਾ ਨਾਲ ਕੰਮ ਕਰਨ ਲਈ ਕਿਹਾ ਗਿਆ ਹੈ, ਜਿਸ ਦੀ ਵਕਾਲਤ ਨਵਜੋਤ ਸਿੰਘ ਸਿੱਧੂ ਕਰ ਰਹੇ ਹਨ ਅਤੇ ਲੋਕਾਂ ਵਿਚ ਅਜਿਹੇ ਮੁੱਦਿਆਂ ਨੂੰ ਲੈ ਕੇ ਕਾਫ਼ੀ ਨਰਾਜ਼ਗੀ ਹੈ। ਇਕ ਦੋ ਹਫਤਿਆਂ ਅੰਦਰ ਜੇਕਰ ਅਜਿਹੇ ਮੁੱਦਿਆਂ ਉਪਰ ਮੁੱਖ ਮੰਤਰੀ ਪਹਿਲ ਦੇ ਆਧਾਰ ਉਪਰ ਕੰਮ ਨਹੀਂ ਕਰਦੇ ਤਾਂ ਫਿਰ ਸੂਬੇ ਦੀ ਸਿਆਸਤ ਵਿਚ ਵੱਡੀ ਫੇਰ ਬਦਲ ਨੂੰ ਟਾਲਿਆ ਨਹੀਂ ਜਾ ਸਕੇਗਾ।

# ਵਿਸ਼ਵ ਪੱਧਰ ’ਤੇ ਕੋਵਿਡ-19 ਦੇ ਵੈਕਸੀਨਾਂ ਤੱਕ ਪਹੁੰਚ ਵਿੱਚ ਨਾਬਰਾਬਰੀ

**ਸੁਖਵੰਤ ਹੁੰਦਲ**

ਪੱਛਮ ਦੇ ਅਮੀਰ ਦੇਸ਼ਾਂ ਦੇ ਮੁੱਖ ਧਾਰਾ ਮੀਡੀਏ ਵਿੱਚ ਇਨਾਂ ਦੇਸ਼ਾਂ ਵਿੱਚ ਲੋਕਾਂ ਦੇ ਵੈਕਸੀਨ ਲੱਗਣ ਦੀ ਵੱਧ ਰਹੀ ਗਿਣਤੀ ਅਤੇ ਆਰਥਿਕ ਅਤੇ ਸਮਾਜਿਕ ਸਰਗਰਮੀਆਂ ਨੂੰ ਦੁਬਾਰਾ ਸ਼ੁਰੂ ਕਰਨ ਦੀਆਂ ਯੋਜਨਾਵਾਂ ਬਾਰੇ ਖ਼ਬਰਾਂ ਬੜੇ ਉਤਸ਼ਾਹ ਨਾਲ ਦੱਸੀਆਂ ਜਾ ਰਹੀਆਂ ਹਨ। ਭਵਿੱਖਬਾਣੀਆਂ ਕੀਤੀਆਂ ਜਾ ਰਹੀਆਂ ਹਨ ਕਿ ਜੇ ਕੁਝ ਅਣਕਿਆਸਿਆ ਨਾ ਵਾਪਰਿਆ ਤਾਂ ਸਤੰਬਰ 2021 ਤੱਕ ਇਨਾਂ ਦੇਸ਼ਾਂ ਵਿੱਚ ਜ਼ਿੰਦਗੀ ਆਮ ਵਰਗੀ ਹੋ ਜਾਵੇਗੀ। ਪਿਛਲੇ ਸਾਲ ਡੇਢ ਸਾਲ ਤੋਂ ਕੋਵਿਡ ਕਾਰਨ ਲਾਈਆਂ ਗਈਆਂ ਵੱਖ ਵੱਖ ਬੰਦਿਸ਼ਾਂ ਦੇ ਝੰਬੇ ਲੋਕ ਇਨਾਂ ਖ਼ਬਰਾਂ ਦਾ ਖ਼ੁਸ਼ੀ ਨਾਲ ਸਵਾਗਤ ਕਰ ਰਹੇ ਹਨ। ਇਸ ਤਰਾਂ ਦਾ ਸਵਾਗਤ ਕਰਨਾ ਵੀ ਚਾਹੀਦਾ ਹੈ, ਕਿਉਂਕਿ ਇਨਾਂ ਖ਼ਬਰਾਂ ਕਾਰਨ ਲੋਕਾਂ ਨੂੰ ਹਨੇਰੀ ਸੁਰੰਗ ਦੇ ਅਖੀਰ ਤੇ ਰੌਸ਼ਨੀ ਦੀ ਇਕ ਕਿਰਨ ਦਿਖਾਈ ਦੇ ਰਹੀ ਹੈ। ਪਰ ਖ਼ੁਸ਼ੀ ਦੇ ਇਨਾਂ ਪਲਾਂ ਸਮੇਂ ਇਹ ਗੱਲ ਵੀ ਯਾਦ ਰੱਖਣੀ ਚਾਹੀਦੀ ਹੈ ਕਿ ਰੋਸ਼ਨੀ ਦੀ ਇਹ ਕਿਰਨ ਦੁਨੀਆ ਦੀ ਕੁੱਲ ਅਬਾਦੀ ਦੀ ਇਕ ਬਹੁਤ ਛੋਟੀ ਜਿਹੀ ਗਿਣਤੀ ਨੂੰ ਹੀ ਦਿਖਾਈ ਦੇ ਰਹੀ ਹੈ ਕਿਉਂਕਿ ਦੁਨੀਆ ਦੀ ਕੁੱਲ ਅਬਾਦੀ ਦਾ ਵੱਡਾ ਹਿੱਸਾ ਪੱਛਮ ਦੇ ਮੁੱਠੀ ਭਰ ਅਮੀਰ ਦੇਸ਼ਾਂ ਤੋਂ ਬਾਹਰ ਵਸਦਾ ਹੈ, ਜਿਨਾਂ ਤੱਕ ਵੈਕਸੀਨ ਪਹੁੰਚਣ ਲਈ ਅਜੇ ਵਕਤ ਲੱਗੇਗਾ। ਵਿਸ਼ਵ ਪੱਧਰ ਤੇ ਕੋਵਿਡ-19 ਦੇ ਵੈਕਸੀਨਾਂ ਦੀ ਵੰਡ ਬਾਰੇ ਮਿਲਦੀਆਂ ਰਿਪੋਰਟਾਂ ਇਹ ਦਰਸਾਉਂਦੀਆਂ ਹਨ ਕਿ ਇਨਾਂ ਵਿੱਚੋਂ ਬਹੁਗਿਣਤੀ ਲੋਕਾਂ ਨੂੰ ਵੈਕਸੀਨ ਲਵਾਉਣ ਲਈ 2023 ਤੱਕ ਉਡੀਕ ਕਰਨੀ ਪਵੇਗੀ ਅਤੇ ਹੋ ਸਕਦਾ ਹੈ ਕਿ ਕੁੱਝ ਲੋਕਾਂ ਨੂੰ ਵੈਕਸੀਨ ਲਵਾਉਣ ਲਈ ਸ਼ਾਇਦ 2024 ਤੱਕ ਉਡੀਕਣਾ ਪਵੇ। ਬੇਸ਼ੱਕ ਵੈਕਸੀਨ ਤੱਕ ਇਸ ਨਾਬਰਾਬਰ ਪਹੁੰਚ ਦੀਆਂ ਖ਼ਬਰਾਂ ਪੱਛਮ ਦੇ ਮੁੱਖ ਧਾਰਾ ਮੀਡੀਏ ਦੀਆਂ ਖ਼ਬਰਾਂ ਦਾ ਹਿੱਸਾ ਨਹੀਂ ਬਣ ਰਹੀਆਂ ਪਰ ਵਿਸ਼ਵ ਪੱਧਰ ਤੇ ਸਮਾਜਕ ਇਨਸਾਫ ਲਈ ਕੰਮ ਕਰ ਰਹੀਆਂ ਬਹੁਤ ਸਾਰੀਆਂ ਜਥੇਬੰਦੀਆਂ ਇਸ ਨਾਬਰਾਬਰੀ ਵੱਲ ਧਿਆਨ ਦਿਵਾ ਰਹੀਆਂ ਹਨ ਅਤੇ ਵੈਕਸੀਨਾਂ ਦੀ ਵੰਡ ਦੀ ਇਸ ਨਾਬਰਾਬਰੀ ਨੂੰ ‘ਵੈਕਸੀਨ ਜਮਾਖੋਰੀ’, ‘ਵੈਕਸੀਨ ਅਪਾਰਥਾਈਡ’ ਅਤੇ ‘ਵੈਕਸੀਨ ਸਾਮਰਾਜਵਾਦ’ ਦਾ ਨਾਂ ਦੇ ਰਹੀਆਂ ਹਨ।

ਵੈਕਸੀਨਾਂ ਤੱਕ ਪਹੁੰਚ ਦੀ ਇਸ ਨਾਬਰਾਬਰੀ ਦਾ ਪਹਿਲਾ ਕਾਰਨ ਇਹ ਹੈ ਕਿ ਪੱਛਮ ਦੇ ਅਮੀਰ ਦੇਸ਼ਾਂ ਨੇ ਸੰਸਾਰ ਵਿੱਚ ਆਪਣੀ ਸਿਆਸੀ ਅਤੇ ਆਰਥਿਕ ਸਰਦਾਰੀ ਦੇ ਜ਼ੋਰ ਨਾਲ ਵੈਕਸੀਨਾਂ ਦੇ ਉਤਪਾਦਨ ਦਾ ਵੱਡਾ ਹਿੱਸਾ ਆਪਣੇ ਲਈ ਪ੍ਰਾਪਤ ਕਰ ਲਿਆ ਹੈ ਜਾਂ ਅਜਿਹਾ ਕਰਨ ਦੇ ਇਕਰਾਰਨਾਮੇ ਕਰ ਲਏ ਹਨ। ਇਨਾਂ ਵਿੱਚੋਂ ਬਹੁਤੇ ਦੇਸ਼ਾਂ ਨੇ ਆਪਣੀਆਂ ਲੋੜਾਂ ਤੋਂ ਦੋ ਜਾਂ ਤਿੰਨ ਗੁਣਾਂ ਵੱਧ ਵੈਕਸੀਨ ਹਾਸਲ ਕਰਨ ਦੇ ਪ੍ਰਬੰਧ ਕੀਤੇ ਹੋਏ ਹਨ। ਇਸ ਸਬੰਧ ਵਿੱਚ ਕੁੱਝ ਅੰਕੜੇ ਪੇਸ਼ ਹਨ। ਇਨਾਂ ਅੱਕੜਿਆਂ ਨੂੰ ਪੜਦਿਆਂ ਪਾਠਕਾਂ ਨੂੰ ਇਕ ਗੱਲ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਇਹ ਅੰਕੜੇ ਪਿਛਲੇ ਦੋ ਤਿੰਨ ਮਹੀਨਿਆਂ ਦੌਰਾਨ ਵੱਖ ਵੱਖ ਸਮੇਂ ਛਪੀਆਂ ਰਿਪੋਰਟਾਂ ਵਿੱਚੋਂ ਲਏ ਗਏ ਹਨ। ਇਸ ਲਈ ਹੋ ਸਕਦਾ ਹੈ ਕਿ ਵੱਖ ਵੱਖ ਅੰਕੜਿਆਂ ਵਿੱਚ ਕੁੱਝ ਵਿਰੋਧ ਜਾਪੇ, ਪਰ ਜੇ ਤੁਸੀਂ ਇਨਾਂ ਅੰਕੜਿਆਂ ਨੂੰ ਸਮੁੱਚੇ ਰੂਪ ਵਿੱਚ ਦੇਖੋਗੇ ਤਾਂ ਵੈਕਸੀਨਾਂ ਤੱਕ ਪਹੁੰਚ ਦੀ ਨਾਬਰਾਬਰੀ ਸਪੱਸ਼ਟ ਰੂਪ ਵਿੱਚ ਦਿਖਾਈ ਦੇਵੇਗੀ।

‘ਨਿਊ ਇੰਟਰਨੈਸ਼ਨਲਿਸਟ ਮੈਗਜ਼ੀਨ ਦੇ ਮਈ/ਜੂਨ 2021 ਅੰਕ ਵਿੱਚ ਛਪੀ ਇਕ ਰਿਪੋਰਟ ਅਨੁਸਾਰ ਦੁਨੀਆ ਦੀ ਕੁੱਲ ਅਬਾਦੀ ਦੀ 16 ਫੀਸਦੀ ਵਸੋਂ ਵਾਲੇ ਅਮੀਰ ਦੇਸ਼ਾਂ ਨੇ ਮੁੱਖ (ਲੀਡਿੰਗ) ਵੈਕਸੀਨਾਂ ਦਾ 60 ਪ੍ਰਤੀਸ਼ਤ ਹਿੱਸਾ ਆਪਣੇ ਲਈ ਸੁਰੱਖਿਅਤ ਕਰ ਲਿਆ ਹੈ। ਇਹ ਉਨਾਂ ਦੀ ਸਾਰੀ ਵਸੋਂ ਨੂੰ ਤਿੰਨ ਵਾਰੀ ਵੈਕਸੀਨ ਲਾਉਣ ਲਈ ਕਾਫੀ ਹੈ। ਜਦੋਂ ਕਿ ਗਰੀਬ ਦੇਸ਼ਾਂ ਵਿੱਚੋਂ ਬਹੁਗਿਣਤੀ ਦੇਸ਼ ਸੰਨ 2021 ਵਿੱਚ ਆਪਣੀ ਵਸੋਂ ਦੇ ਸਿਰਫ ਦਸਵੇਂ ਹਿੱਸੇ ਨੂੰ ਹੀ ਵੈਕਸੀਨ ਲਾ ਸਕਣਗੇ ਅਤੇ ਘੱਟ ਅਤੇ ਦਰਮਿਆਨੀ ਆਮਦਨ ਵਾਲੇ ਬਹੁਤ ਸਾਰੇ ਦੇਸ਼ਾਂ ਨੂੰ ਆਪਣੀ ਵਸੋਂ ਦੇ ਵੱਡੀ ਪੱਧਰ ਤੇ ਵੈਕਸੀਨ ਲਾਉਣ ਲਈ 2024 ਤੱਕ ਉਡੀਕਣਾ ਪਵੇਗਾ।

‘ਫਰਵਰੀ 2021 ਦੇ ਅੱਧ ਵਿੱਚ ਉਸ ਸਮੇਂ ਉਪਲਬਧ ਵੈਕਸੀਨਾਂ ਵਿੱਚੋਂ 75 ਫੀਸਦੀ ਵੈਕਸੀਨ ਦੁਨੀਆ ਦੇ 10 ਅਮੀਰ ਦੇਸ਼ਾਂ ਨੇ ਹਾਸਲ ਕਰ ਲਏ ਸਨ ਜਦੋਂ ਕਿ ਉਸ ਸਮੇਂ ਤੱਕ 130 ਮੁਲਕਾਂ ਕੋਲ ਵੈਕਸੀਨਾਂ ਦੀ ਇਕ ਵੀ ਖ਼ੁਰਾਕ ਨਹੀਂ ਪਹੁੱਚੀ ਸੀ।

ਵੱਖ ਵੱਖ ਅਨੁਮਾਨਾਂ ਅਨੁਸਾਰ ਕੋਵਿਡ-19 ਵੈਕਸੀਨ ਬਣਾਉਣ ਵਾਲੇ 12 ਉਤਪਾਦਕ ਸੰਨ 2021 ਦੇ ਅਖੀਰ ਤੱਕ ਵੈਕਸੀਨਾਂ ਦੀਆਂ 10 ਅਰਬ (ਬਿਲੀਅਨ) ਖ਼ੁਰਾਕਾਂ ਤਿਆਰ ਕਰ ਲੈਣਗੇ। ਸੰਨ 2020 ਦੇ ਅਖੀਰ ਤੱਕ ਵੈਕਸੀਨ ਖ਼੍ਰੀਦਣ ਦੇ ਕੀਤੇ ਇਕਰਾਰਨਾਮਿਆਂ ਮੁਤਾਬਕ ਇਹਨਾਂ ਖ਼ੁਰਾਕਾਂ ਵਿੱਚ 50 ਫੀਸਦੀ ਤੋਂ ਵੱਧ ਖ਼ੁਰਾਕਾਂ ਦੁਨੀਆ ਦੀ ਕੁੱਲ ਅਬਾਦੀ ਦੀ 16 ਫੀਸਦੀ ਵਸੋਂ ਵਾਲੇ ਅਮੀਰ ਦੇਸ਼ਾਂ ਨੂੰ ਮਿਲਣਗੀਆਂ।

ਵੈਕਸੀਨਾਂ ਦੀ ਜਮਾਖੋਰੀ ਕਰਨ ਵਾਲਿਆਂ ਵਿੱਚੋਂ ਕੈਨੇਡਾ ਦਾ ਨਾਂ ਸਿਖਰ ਤੇ ਆਉਂਦਾ ਹੈ। ਕੈਨੇਡਾ ਨੇ ਜੀਅ ਪ੍ਰਤੀ 8.9 ਵੈਕਸੀਨ ਖ਼੍ਰੀਦਣ ਦੇ ਪ੍ਰਬੰਧ ਕੀਤੇ ਹੋਏ ਹਨ।

‘ਅੱਧ ਅਪ੍ਰੈਲ ਤੱਕ ਤੱਕ ਅਮਰੀਕਾ ਨੇ ਇੰਨੇ ਵੈਕਸੀਨ ਹਾਸਲ ਕਰ ਲਏ ਸਨ, ਜੋ ਇਸ ਦੀ ਸਾਰੀ ਵਸੋਂ ਤੋਂ ਤਿੰਨ ਗੁਣਾਂ ਜ਼ਿਆਦਾ ਵਸੋਂ ਲਈ ਕਾਫੀ ਸਨ।

‘ਫਰਵਰੀ 2021 ਤੱਕ ਤੱਕ ਯੂਰਪੀਨ ਯੂਨੀਅਨ ਨੇ ਆਪਣੀ 37.5 ਕਰੋੜ (375 ਮਿਲੀਅਨ) ਦੇ ਕਰੀਬ ਵਸੋਂ ਲਈ 16 ਅਰਬ (1.6 ਬਿਲੀਅਨ) ਵੈਕਸੀਨਾਂ ਦਾ ਆਰਡਰ ਕੀਤਾ ਸੀ। ਯੂ.ਕੇ. ਨੇ ਆਪਣੀ 5.4 ਕਰੋੜ (54 ਮਿਲੀਅਨ) ਦੀ ਬਾਲਗ ਵਸੋਂ ਲਈ ਵੈਕਸੀਨਾਂ ਦੀਆਂ 21.9 ਕਰੋੜ (219 ਮਿਲੀਅਨ) ਪੂਰੀਆਂ ਖ਼ੁਰਾਕਾਂ ਦਾ ਆਰਡਰ ਕੀਤਾ ਹੋਇਆ ਸੀ।

‘9 ਅਪ੍ਰੈਲ 2021 ਨੂੰ ਪ੍ਰੈੱਸ ਨੂੰ ਦਿੱਤੇ ਇਕ ਬਿਆਨ ਵਿੱਚ ਵਿਸ਼ਵ ਸਿਹਤ ਸੰਸਥਾ (ਵਰਲਡ ਹੈਲਥ ਆਰਗੇਨਾਈਜੇਸ਼ਨ) ਦੇ ਡਾਇਰੈਕਟਰ ਜਨਰਲ ਨੇ ਦੱਸਿਆ ਸੀ ‘ਹੁਣ ਤੱਕ ਦੁਨੀਆ ਭਰ ਵਿੱਚ 70 ਕਰੋੜ (700 ਮਿਲੀਅਨ) ਵੈਕਸੀਨ ਲਾਏ ਜਾ ਚੁੱਕੇ ਹਨ। ਪਰ ਇਨਾਂ ਵਿੱਚੋਂ 87 ਫੀਸਦੀ ਵੈਕਸੀਨ ਆਮਦਨ ਦੀ ਉੱਚੀ ਪੱਧਰ ਜਾਂ ਆਮਦਨ ਦੀ ਉੱਚੀ-ਦਰਮਿਆਨੀ ਪੱਧਰ ਵਾਲੇ ਦੇਸ਼ਾਂ ਵਿੱਚ ਲਾਏ ਗਏ ਹਨ, ਜਦੋਂਕਿ ਘੱਟ ਆਮਦਨ ਵਾਲੇ ਦੇਸ਼ਾਂ ਤੱਕ ਸਿਰਫ 0.2 ਫੀਸਦੀ ਵੈਕਸੀਨ ਹੀ ਪਹੁੰਚੇ ਹਨ। ਔਸਤ ਰੂਪ ਵਿੱਚ ਆਮਦਨ ਦੀ ਉੱਚੀ ਪੱਧਰ ਵਾਲੇ ਦੇਸ਼ਾਂ ਵਿੱਚ ਤਕਰੀਬਨ ਚਾਰ ਲੋਕਾਂ ਵਿੱਚੋਂ ਇਕ ਦੇ ਵੈਕਸੀਨ ਲੱਗ ਚੁੱਕਿਆ ਹੈ ਜਦੋਂ ਕਿ ਘੱਟ ਆਮਦਨ ਵਾਲੇ ਦੇਸ਼ਾਂ ਵਿੱਚ 500 ਤੋਂ ਜ਼ਿਆਦਾ ਲੋਕਾਂ ਵਿੱਚੋਂ 1 ਦੇ ਵੈਕਸੀਨ ਲੱਗਾ ਹੈ। ਮੈਨੂੰ ਇਹ ਤੱਥ ਇਕ ਵਾਰ ਫਿਰ ਦੁਹਰਾਉਣ ਦਿਉ: 4 ਵਿੱਚੋਂ 1 ਦੇ ਮੁਕਾਬਲੇ 500 ਵਿੱਚੋਂ ਇਕ।’

ਵੈਕਸੀਨਾਂ ਦੀ ਇਸ ਤਰਾਂ ਦੀ ਕਾਣੀ ਵੰਡ ਦੇ ਆਲੋਚਕਾਂ ਅਨੁਸਾਰ ਵੈਕਸੀਨਾਂ ਦੀ ਕਮੀ ਦਾ ਅਗਲਾ ਕਾਰਨ ਹੈ: ਵੈਕਸੀਨਾਂ ਦੇ ਉਤਪਾਦਨ ਉੱਤੇ ਕੁੱਝ ਕੁ ਕਾਰਪੋਰੇਸ਼ਨਾਂ ਦੀ ਅਜ਼ਾਰੇਦਾਰੀ। ਵੈਕਸੀਨਾਂ ਦੇ ਪੇਟੈਂਟ ਦੇ ਹੱਕਾਂ ਅਨੁਸਾਰ ਦੁਨੀਆ ਦੀਆਂ ਕੁਝ ਕੁ ਕਾਰਪੋਰੇਸ਼ਨਾਂ ਹੀ ਅਗਲੇ 20 ਸਾਲਾਂ ਦੌਰਾਨ ਵੈਕਸੀਨ ਬਣਾ ਅਤੇ ਵੇਚ ਸਕਦੀਆਂ ਹਨ ਅਤੇ ਉਹ ਵੈਕਸੀਨ ਬਣਾਉਣ ਦਾ ਗਿਆਨ ਅਤੇ ਤਰੀਕਾ ਆਪਣੇ ਤੱਕ ਸੀਮਤ ਰੱਖ ਸਕਦੀਆਂ ਹਨ। ਇਸ ਦੇ ਨਤੀਜੇ ਵੱਜੋਂ ਇਸ ਗੱਲ ਦਾ ਫੈਸਲਾ ਇਹ ਦਵਾਈਆਂ ਬਣਾਉਣ ਵਾਲੀਆਂ ਕਾਰਪੋਰੇਸ਼ਨਾਂ ਕਰਦੀਆਂ ਹਨ ਕਿ ਕਿੰਨੇ ਵੈਕਸੀਨ ਬਣਾਉਣੇ ਹਨ, ਇਹ ਵੈਕਸੀਨ ਕਿਹਨਾਂ ਨੂੰ ਵੇਚਣੇ ਹਨ ਅਤੇ ਕਿੰਨੇ ਦੇ ਵੇਚਣੇ ਹਨ।

ਵਿਸ਼ਵ ਪੱਧਰ ’ਤੇ ਵੈਕਸੀਨਾਂ ਦੀ ਇਸ ਨਾ-ਬਰਾਬਰ ਵੰਡ ਕਾਰਨ ਮਨੁੱਖਤਾ ਨੂੰ ਕਈ ਤਰਾਂ ਦੇ ਭਿਆਨਕ ਸਿੱਟਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜੇ ਵਿਸ਼ਵ ਪੱਧਰ ’ਤੇ ਵੈਕਸੀਨਾਂ ਦੀ ਨਿਆਂਈ ਵੰਡ ਹੋਵੇ ਤਾਂ ਦੁਨੀਆ ਵਿੱਚ ਕੋਵਿਡ-19 ਕਾਰਨ ਹੋਣ ਵਾਲੀਆਂ ਮੌਤਾਂ ਵਿੱਚੋਂ 61 ਫੀਸਦੀ ਮੌਤਾਂ ਨੂੰ ਰੋਕਿਆ ਜਾ ਸਕਦਾ ਹੈ। ਪਰ ਜੇ ਅਮੀਰ ਮੁਲਕ ਵੈਕਸੀਨਾਂ ਦੀ ਜਮਾਂਖੋਰੀ ਜਾਰੀ ਰੱਖਣ ਤਾਂ ਇਹਨਾਂ ਮੌਤਾਂ ਵਿੱਚ ਸਿਰਫ 33 ਪ੍ਰਤੀਸ਼ਤ ਨੂੰ ਹੀ ਰੋਕਿਆ ਜਾ ਸਕਦਾ ਹੈ। ਇਸ ਦੇ ਨਾਲ ਹੀ ਜੇ ਦੁਨੀਆ ਦੀ ਬਹੁਗਿਣਤੀ ਵਸੋਂ ਦੇ ਵੈਕਸੀਨ ਲਾਉਣ ਵਿੱਚ ਦੇਰੀ ਹੋ ਗਈ ਤਾਂ ਇਸ ਕਾਰਨ ਵਾਇਰਸ ਦਾ ਫੈਲਣਾ ਜਾਰੀ ਰਹੇਗਾ ਅਤੇ ਵਾਇਰਸ ਦੀਆਂ ਨਵੀਂਆਂ ਕਿਸਮਾਂ ਦੇ ਪੈਦਾ ਹੋਣ ਦਾ ਖਤਰਾ ਬਣਿਆ ਰਹੇਗਾ, ਜਿਸ ਨਾਲ ਮੌਜੂਦਾ ਵੈਕਸੀਨਾਂ ਦੀ ਕਾਰਗਰਤਾ ਖ਼ਤਮ ਹੋਣ ਦੀ ਸੰਭਾਵਨਾ ਬਣ ਜਾਵੇਗੀ। ਇਸ ਲਈ ‘ਨੋ ਵੰਨ ਇਜ਼ ਸੇਫ ਅਨਟਿਲ ਐਵਰੀਵਨ ਇਜ਼ ਸੇਫ’ ਭਾਵ ਜਿੰਨਾ ਚਿਰ ਤੱਕ ਸਾਰੇ ਲੋਕਾਂ ਦੇ ਵੈਕਸੀਨ ਨਹੀਂ ਲਗਦੇ, ਉੱਨੀ ਦੇਰ ਤੱਕ ਕੋਈ ਵੀ ਸੁਰੱਖਿਅਤ ਨਹੀਂ ਹੈ। ਇਸ ਦੇ ਨਾਲ ਹੀ ਜੇ ਵਿਕਾਸਸ਼ੀਲ ਦੇਸ਼ਾਂ ਦੇ ਲੋਕਾਂ ਦੇ ਵੈਕਸੀਨ ਨਾ ਲੱਗੇ ਤਾਂ ਇਸ ਸਾਲ ਵਿੱਚ ਅਮੀਰ ਦੇਸ਼ਾਂ ਨੂੰ ਆਰਥਿਕ ਤੌਰ ’ਤੇ 45 ਖਰਬ (4.5 ਟ੍ਰਿਲੀਅਨ) ਡਾਲਰ ਦਾ ਘਾਟਾ ਪਵੇਗਾ।

ਵੈਕਸੀਨਾਂ ਦੀ ਨਾ-ਬਰਾਬਰ ਵੰਡ ਦੀ ਇਸ ਸਮੱਸਿਆ ਨੂੰ ਸੁਲਝਾਉਣ ਲਈ ਤਿੰਨ ਪ੍ਰਸਤਾਵ ਪੇਸ਼ ਕੀਤੇ ਜਾ ਰਹੇ ਹਨ। ਸਭ ਤੋਂ ਪਹਿਲਾ ਪ੍ਰਸਤਾਵ ਵਿਸ਼ਵ ਸਿਹਤ ਸੰਸਥਾ (ਵਰਲਡ ਹੈਲਥ ਆਰਗੇਨਾਈਜੇਸ਼ਨ) ਵੱਲੋਂ ਸੁਝਾਇਆ ਗਿਆ ਕੋਵਿਡ-19 ਟੈਕਨਾਲੋਜੀ ਐਕਸੈੱਸ ਪੂਲ ਹੈ। ਇਸ ਪ੍ਰਸਤਾਵ ਵਿੱਚ ਕੋਵਿਡ-19 ਵੈਕਸੀਨ ਬਾਰੇ ਤਕਨਾਲੋਜੀ ਅਤੇ ਗਿਆਨ ਨੂੰ ਦੂਸਰੀਆਂ ਕੰਪਨੀਆਂ ਅਤੇ ਸਰਕਾਰਾਂ ਨਾਲ ਸਾਂਝਾ ਕਰਨ ਦਾ ਸੁਝਾਅ ਦਿੱਤਾ ਗਿਆ ਹੈ ਤਾਂ ਕਿ ਵਿਸ਼ਵ ਪੱਧਰ ’ਤੇ ਵੈਕਸੀਨਾਂ ਦੇ ਉਤਪਾਦਨ ਅਤੇ ਸਪਲਾਈ ਵਿੱਚ ਵਾਧਾ ਕੀਤਾ ਜਾ ਸਕੇ ਅਤੇ ਵੈਕਸੀਨਾਂ ਦੀ ਕੀਮਤ ਘਟਾਉਣ ਵਿੱਚ ਮਦਦ ਕੀਤੀ ਜਾ ਸਕੇ। ਦੂਸਰਾ ਪ੍ਰਸਤਾਵ ਗਰੀਬ ਦੇਸ਼ਾਂ ਵੱਲੋਂ ਪੇਸ਼ ਕੀਤਾ ਗਿਆ ਹੈ। ਇਸ ਪ੍ਰਸਤਾਵ ਵਿੱਚ ਕੋਵਿਡ-19 ਦੀ ਮਹਾਂਮਾਰੀ ਦੌਰਾਨ ਇਹਨਾਂ ਵੈਕਸੀਨਾਂ ਦੇ ਪੇਟੈਂਟਾਂ ਨੂੰ ਮੁਲਤਵੀ ਕਰਨ ਦੀ ਮੰਗ ਕੀਤੀ ਗਈ ਹੈ, ਤਾਂ ਕਿ ਦੁਨੀਆ ਵਿੱਚ ਦਵਾਈਆਂ ਬਣਾਉਣ ਵਾਲੀ ਕੋਈ ਵੀ ਕੰਪਨੀ, ਜਿਸ ਕੋਲ ਇਹ ਵੈਕਸੀਨ ਬਣਾਉਣ ਦੀ ਸਮਰੱਥਾ ਹੋਵੇ , ਵੈਕਸੀਨਾਂ ਦਾ ਉਤਪਾਦਨ ਕਰ ਸਕੇ। ਵੈਕਸੀਨ ਦੀ ਨਾ-ਬਰਾਬਰ ਵੰਡ ਦੀ ਆਲੋਚਨਾ ਕਰਨ ਵਾਲੇ ਲੋਕਾਂ ਦਾ ਦਾਅਵਾ ਹੈ ਕਿ ਇਹ ਪ੍ਰਸਤਾਵ ਕੋਵਿਡ-19 ਦੇ ਵੈਕਸੀਨ ਅਤੇ ਇਸ ਨਾਲ ਸਬੰਧਤ ਹੋਰ ਦਵਾਈਆਂ ਅਤੇ, ਤਕਨਾਲੋਜੀਆਂ ਅਤੇ ਸਮੱਗਰੀਆਂ ਉੱਤੇ ਕੁੱਝ ਕੁ ਕੰਪਨੀਆਂ ਦੀ ਅਜ਼ਾਰੇਦਾਰੀ ਨੂੰ ਖ਼ਤਮ ਕਰਕੇ ਸਮੱਸਿਆ ਨੂੰ ਜੜ ਤੋਂ ਖ਼ਤਮ ਕਰਨ ਦੀ ਸੰਭਾਵਨਾ ਰੱਖਦਾ ਹੈ। ਤੀਸਰਾ ਪ੍ਰਸਤਾਵ ਗਾਵੀ ਦੀ ਵੈਕਸੀਨ ਅਲਾਇੰਸ, ਕੋਆਲੀਸ਼ਨ ਫਾਰ ਐਪੀਡੈਮਿਕ ਪ੍ਰੀਪੇਅਰਡਨੈੱਸ ਅਤੇ ਵਿਸ਼ਵ ਸਿਹਤ ਸੰਸਥਾ (ਵਰਲਡ ਹੈਲਥ ਆਰਗੇਨਾਈਜੇਸ਼ਨ) ਦੀ ਅਗਵਾਈ ਵਿੱਚ ਚੱਲ ਰਿਹਾ ਕੋਵੇਕਸ ਪ੍ਰਬੰਧ ਹੈ। ਇਸ ਪ੍ਰਬੰਧ ਅਧੀਨ ਵੱਖ ਵੱਖ ਦੇਸ਼ ਮਿਲ ਕੇ ਵੈਕਸੀਨ ਦੀਆਂ ਖ਼ੁਰਾਕਾਂ ਖ਼੍ਰੀਦਦੇ ਹਨ ਅਤੇ ਫਿਰ ਇਹਨਾਂ ਖ਼ੁਰਾਕਾਂ ਨੂੰ ਇਕ ਨਿਆਂਈ/ਉਚਿਤ ਪ੍ਰਬੰਧ ਅਧੀਨ ਵੱਖ ਵੱਖ ਦੇਸ਼ਾਂ ਵਿਚਕਾਰ ਵੰਡਦੇ ਹਨ। ਦਵਾਈਆਂ ਬਣਾਉਣ ਵਾਲੀਆਂ ਕਾਰਪੋਰੇਸ਼ਨਾਂ ਅਤੇ ਉਨਾਂ ਦੇ ਹਮਾਇਤੀ ਕੁੱਝ ਅਮੀਰ ਮੁਲਕਾਂ ਦੀਆਂ ਸਰਕਾਰਾਂ ਇਨਾਂ ਪ੍ਰਸਤਾਵਾਂ ਵਿੱਚੋਂ ਪਹਿਲੇ ਦੋ ਪ੍ਰਸਤਾਵਾਂ ਦਾ ਵਿਰੋਧ ਕਰ ਰਹੀਆਂ ਹਨ। ਉਨਾਂ ਦਾ ਕਹਿਣਾ ਹੈ ਕਿ ਉਹ ਵਿਸ਼ਵ ਪੱਧਰ ’ਤੇ ਇੰਟਲੈਕਚੁਅਲ ਪ੍ਰਾਪਰਟੀ ਰਾਈਟਸ (ਬੌਧਿਕ ਜਾਇਦਾਦ ਦੇ ਹੱਕਾਂ) ਦੇ ਪ੍ਰਬੰਧ ਵਿੱਚ ਕੋਈ ਵਿਘਨ ਨਹੀਂ ਪਾਉਣਾ ਚਾਹੁੰਦੇ। ਇਸ ਦੇ ਨਾਲ ਹੀ ਉਹ ਕਹਿ ਰਹੇ ਹਨ ਕਿ ਪੇਟੈਂਟ ਦੇ ਹੱਕ ਕੰਪਨੀਆਂ ਵੱਲੋਂ ਵੈਕਸੀਨ ਵਿਕਸਤ ਕਰਨ ਲਈ ਲਾਈ ਗਈ ਪੂੰਜੀ ਦੀ ਸੁਰੱਖਿਆ ਕਰਨ ਲਈ ਜ਼ਰੂਰੀ ਹਨ। ਜੇ ਤੁਸੀਂ ਇਹ ਸੁਰੱਖਿਆ ਪ੍ਰਦਾਨ ਨਹੀਂ ਕਰੋਗੇ ਤਾਂ ਨਵੀਂਆਂ ਕਾਢਾਂ ਕੱਢਣ ਲਈ ਕੋਈ ਪ੍ਰੇਰਨਾ ਨਹੀਂ ਰਹੇਗੀ। ਪਰ ਵੈਕਸੀਨਾਂ ਦੀ ਖੋਜ ਅਤੇ ਇਨਾਂ ਨੂੰ ਵਿਕਸਿਤ ਕਰਨ ਤੇ ਲਾਈ ਗਈ ਪੂੰਜੀ ਬਾਰੇ ਛਪੀਆਂ ਕੁੱਝ ਰਿਪੋਰਟਾਂ ਦਸਦੀਆਂ ਹਨ ਕਿ ਇਹ ਪੂੰਜੀ ਦੁਨੀਆ ਦੀ ਸਰਕਾਰਾਂ ਵੱਲੋਂ ਲਾਈ ਗਈ ਹੈ। ਉਦਾਹਰਨ ਲਈ ਜਨਵਰੀ 2021 ਵਿੱਚ ਛਪੀ ਇਕ ਰਿਪੋਰਟ ਅਨੁਸਾਰ ਕੋਵਿਡ-19 ਦੇ ਵੈਕਸੀਨਾਂ ਬਾਰੇ ਖੋਜ ਕਰਨ ਅਤੇ ਇਹ ਵੈਕਸੀਨ ਤਿਆਰ ਕਰਨ ਵਿੱਚ ਦੁਨੀਆ ਦੀਆਂ ਵੱਖ ਵੱਖ ਸਰਕਾਰਾਂ ਨੇ ਕੁੱਲ ਮਿਲਾ ਕੇ 1 ਖਰਬ (100 ਬਿਲੀਅਨ) ਡਾਲਰ ਲਾਏ ਹਨ। ਇਸ ਦੇ ਨਾਲ ਹੀ ਅੰਤਰਰਾਸ਼ਟਰੀ ਪੱਧਰ ’ਤੇ ਕੰਮ ਕਰਦੇ ਕੁੱਝ ਸਾਇੰਸਦਾਨਾਂ ਨੇ ਬਿਨਾਂ ਕਿਸੇ ਮਾਇਕ ਲਾਭ ਦੇ ਇਸ ਸਬੰਧ ਵਿੱਚ ਆਪਣੀ ਖੋਜ ਵਿਗਿਆਨਕ ਭਾਈਚਾਰੇ ਨਾਲ ਸਾਂਝੀ ਕੀਤੀ ਹੈ। ਉਦਾਹਰਨ ਲਈ 11 ਜਨਵਰੀ 2020 ਨੂੰ ਸੰਘਾਈ ਸਥਿਤ ਵਾਇਰੋਲੋਜਿਸਟ (ਵਾਇਰਸਾਂ ਬਾਰੇ ਖੋਜ ਕਰਨ ਵਾਲੇ ਵਿਗਿਆਨੀ) ਜ਼ੈਂਗ ਯੌਂਗਜ਼ੈਨ ਨੇ ਸਾਰਜ਼-ਕੋਵ-2 ਬਾਰੇ ਮੁਕੰਮਲ ਜੀਨੋਮ ਸੀਕੁਐਂਸ ਜਾਰੀ ਕੀਤੀ ਸੀ। ਉਸ ਵੱਲੋਂ ਜਾਰੀ ਕੀਤੀ ਇਹ ਸੀਕੁਐਂਸ ਯੌਂਗਜਲ਼ੈਨ ਦੇ ਦੋਸਤ ਸਿਡਨੀ ਦੀ ਯੂਨੀਵਰਸਿਟੀ ਦੇ ਪ੍ਰੋਫੈਸਰ ਐਡਵਰਡ ਹੋਲਮਜ਼ ਨੇ ਵਾਈਰੋਲੋਜੀਕਲ ਡਾਟ ਆਰਗ ਨਾਮੀ ਵੈੱਬਸਾਈਟ ਤੇ ਪਾ ਦਿੱਤੀ ਸੀ। ਇਸ ਜੀਨੋਮ ਸੀਕੁਐਂਸ ਨੇ ਕੋਵਿਡ 19 ਦੇ ਵੈਕਸੀਨ ਨੂੰ ਵਿਕਸਤ ਕਰਨ ਲਈ ਮਹੱਤਪੂਰਨ ਭੂਮਿਕਾ ਨਿਭਾਈ ਹੈ। ਇਸ ਤਰਾਂ ਇਕ ਚੀਨੀ ਖੋਜੀ ਨਿਆਂਸ਼ਆਂਗ ਵਾਂਗ ਅਤੇ ਯੂਨੀਵਰਸਿਟੀ ਆਫ ਟੈਕਸਜ਼ ਵਿਚਲੇ ਮੌਲੀਕੂਲਰ ਬਾਇਓਲੋਜਿਸਟ ਜੇਸਨ ਮਕਲੈਲਨ ਵਲੋਂ ਰਲ ਕੇ ਕੀਤੀ ਖੋਜ ਨੇ ਫਾਈਜ਼ਰ ਅਤੇ ਮੌਡਰਨਾ ਵੈਕਸੀਨ ਦੀ ਕਾਮਯਾਬੀ ਵਿੱਚ ਮਦਦਗਾਰ ਭੂਮਿਕਾ ਨਿਭਾਈ ਸੀ। ਜੌਹਨਸਨ ਐਂਡ ਜੌਹਨਸਨ, ਨੋਵਾਵੈਕਸ, ਕਿਊਰਵੈਕ ਅਤੇ ਟ੍ਰਾਂਸਲੇਟ ਬਾਇਓ ਵਰਗੀਆਂ ਕੰਪਨੀਆਂ ਨੇ ਵੀ ਇਨਾਂ ਦੀ ਖੋਜ ਕਾਰਨ ਤਿਆਰ ਹੋਈ ਤਕਨਾਲੋਜੀ ਦੀ ਵਰਤੋਂ ਕੀਤੀ ਸੀ। ਇਨਾਂ ਤੱਥਾਂ ਨੂੰ ਧਿਆਨ ਵਿੱਚ ਰੱਖਦਿਆਂ ਵੈਕਸੀਨਾਂ ਤੱਕ ਸਾਰੇ ਲੋਕਾਂ ਦੀ ਬਰਾਬਰ ਦੀ ਪਹੁੰਚ ਦੀ ਵਕਾਲਤ ਕਰਨ ਵਾਲੇ ਲੋਕ ਵੈਕਸੀਨਾਂ ਉੱਤੇ ਦਵਾਈਆਂ ਬਣਾਉਣ ਵਾਲੀਆਂ ਕੁੱਝ ਕੰਪਨੀਆਂ ਦੇ ਪੇਟੈਂਟ ਹੱਕਾਂ ਨੂੰ ਖ਼ਤਮ ਕਰਨ ਦੀ ਮੰਗ ਕਰ ਰਹੇ ਹਨ। ਉਨਾਂ ਦਾ ਕਹਿਣਾ ਹੈ ਕਿ ਸਰਕਾਰੀ ਪੈਸੇ ਦੇ ਨਿਵੇਸ਼ ਨਾਲ ਤਿਆਰ ਕੀਤੇ ਵੈਕਸੀਨਾਂ ਉੱਤੇ ਕੁੱਝ ਕੁ ਕੰਪਨੀਆਂ ਦੀ ਅਜ਼ਾਰੇਦਾਰੀ ਨਹੀਂ ਹੋਣੀ ਚਾਹੀਦੀ ਅਤੇ ਨਾ ਹੀ ਉਨਾਂ ਨੂੰ ਇਨਾਂ ਵੈਕਸੀਨਾਂ ਤੋਂ ਮੁਨਾਫਾ ਕਮਾਉਣ ਦੀ ਖੁੱਲ ਹੋਣੀ ਚਾਹੀਦੀ ਹੈ।

ਪਰ, ਜਿਵੇਂ ਪਹਿਲਾਂ ਕਿਹਾ ਗਿਆ ਹੈ ਕਿ ਦਵਾਈਆਂ ਬਣਾਉਣ ਵਾਲੀਆਂ ਕਾਰਪੋਰੇਸ਼ਨਾਂ ਇਨਾਂ ਮੰਗਾਂ ਦਾ ਵਿਰੋਧ ਕਰ ਰਹੀਆਂ ਹਨ। ਅਮੀਰ ਮੁਲਕਾਂ ਦੀਆਂ ਸਰਕਾਰਾਂ ਦੇ ਨਾਲ ਨਾਲ ਬਿੱਲ ਐਂਡ ਮਿਲਿੰਡਾ ਗੇਟਸ ਫਾਊਂਡੇਸ਼ਨ ਵਰਗੇ ਅਦਾਰੇ ਵੀ ਇਨਾਂ ਕਾਰਪੋਰੇਸ਼ਨਾਂ ਦੀ ਮਦਦ ਕਰ ਰਹੇ ਹਨ। ਉਦਾਹਰਨ ਲਈ ਅਪ੍ਰੈਲ 2020 ਵਿੱਚ ਆਕਸਫੋਰਡ ਯੂਨੀਵਰਸਿਟੀ ਨੇ ਇਹ ਵਾਅਦਾ ਕੀਤਾ ਸੀ ਕਿ ਉਹ ਆਪਣੇ ਵਲੋਂ ਤਿਆਰ ਕੀਤੇ ਜਾ ਰਹੇ ਵੈਕਸੀਨ ਦੇ ਬੌਧਿਕ (ਇੰਟਲੈਕਚੁਅਲ) ਹੱਕ ਦਾਨ ਕਰ ਦੇਵੇਗੀ ਤਾਂ ਕਿ ਦੁਨੀਆ ਵਿੱਚ ਇਹ ਵੈਕਸੀਨ ਤਿਆਰ ਕਰਨ ਦੀ ਸਮਰੱਥਾ ਰੱਖਣ ਵਾਲੀ ਕੋਈ ਵੀ ਕੰਪਨੀ ਇਸ ਵੈਕਸੀਨ ਨੂੰ ਤਿਆਰ ਕਰ ਸਕੇ। ਯੂਨੀਵਰਸਿਟੀ ਦੇ ਇਸ ਵਾਅਦੇ ਪਿੱਛੇ ਜੋ ਭਾਵਨਾ ਕੰਮ ਕਰਦੀ ਸੀ, ਉਹ ਇਹ ਸੀ ਕੋਵਿਡ-19 ਦਾ ਵੈਕਸੀਨ ਦੁਨੀਆ ਭਰ ਦੇ ਲੋਕਾਂ ਨੂੰ ਮੁਫਤ ਵਿੱਚ ਜਾਂ ਸਸਤੀ ਕੀਮਤ ’ਤੇ ਮਿਲ ਸਕੇ। ਪਰ ਬਾਅਦ ਵਿੱਚ ਮਿਲਿੰਡਾ ਅਤੇ ਬਿੱਲ ਗੇਟਸ ਫਾਊਂਡੇਸ਼ਨ ਅਤੇ ਹੋਰ ਲੋਕਾਂ ਦੀ ਸਲਾਹ ਤੇ ਆਕਸਫੋਰਡ ਯੂਨੀਵਰਸਿਟੀ ਨੇ ਬਰਤਾਨੀਆ ਅਤੇ ਸਵੀਡਨ ਦੀ ਕੰਪਨੀ ਐਸਟਰਾਜ਼ੈਨਕਾ ਨਾਲ ਇਕਰਾਰਨਾਮਾ ਕਰਕੇ ਇਸ ਵੈਕਸੀਨ ਦੇ ਸਾਰੇ ਹੱਕ ਇਸ ਕੰਪਨੀ ਨੂੰ ਦੇ ਦਿੱਤੇ।

ਅਮੀਰ ਦੇਸ਼ਾਂ ਦੀਆਂ ਸਰਕਾਰਾਂ ਅਤੇ ਵੈਕਸੀਨਾਂ ਤੇ ਅਜ਼ਾਰੇਦਾਰੀ ਰੱਖਣ ਵਾਲੀਆਂ ਕਾਰਪੋਰੇਸ਼ਨਾਂ ਵੱਲੋਂ ਤੀਜੇ ਪ੍ਰਸਤਾਵ ਕੋਵੇਕਸ ਪ੍ਰਬੰਧ ਅਧੀਨ ਵੈਕਸੀਨਾਂ ਦੀ ਵੰਡ ਕਰਨ ਦਾ ਸਮਰਥਨ ਕੀਤਾ ਜਾ ਰਿਹਾ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਪ੍ਰਬੰਧ ਕਾਰਨ ਵੈਕਸੀਨ ਬਣਾਉਣ ਵਾਲੀਆਂ ਕੰਪਨੀਆਂ ਨੂੰ ਅਰਬਾਂ ਡਾਲਰ ਦੀ ਕਮਾਈ ਹੋਵੇਗੀ, ਪਰ ਇਸ ਕਾਰਨ ਇਹਨਾਂ ਕੰਪਨੀਆਂ ਨੂੰ ਆਪਣੇ ਬੌਧਿਕ ਹੱਕ (ਇੰਟਲੈਕਚੁਅਲ ਰਾਈਟਸ) ਕਿਸੇ ਹੋਰ ਨਾਲ ਸਾਂਝੇ ਕਰਨ ਦੀ ਲੋੜ ਨਹੀਂ ਹੋਵੇਗੀ। ਪਰ ਇਸ ਪ੍ਰਬੰਧ ਦੇ ਆਲੋਚਕਾਂ ਦਾ ਕਹਿਣਾ ਹੈ ਕਿ ਕੋਵੇਕਸ ਕੋਲ ਬਹੁਤ ਘੱਟ ਫੰਡ ਹਨ ਅਤੇ ਇਹ 2021 ਦੇ ਅਖੀਰ ਤੱਕ ਵੈਕਸੀਨਾਂ ਦੀਆਂ ਸਿਰਫ 2 ਅਰਬ (ਬਿਲੀਅਨ) ਖ਼ੁਰਾਕਾਂ ਹੀ ਵੰਡ ਸਕੇਗਾ, ਜੋ ਇਸ ਦੇ ਮੈਂਬਰ ਹਰ ਦੇਸ਼ ਵਿੱਚ ਸਿਰਫ 20 ਫੀਸਦੀ ਵਸੋਂ ਦੇ ਵੈਕਸੀਨ ਲਾਉਣ ਲਈ ਹੀ ਕਾਫੀ ਹੋਣਗੀਆਂ ਅਤੇ ਇਨਾਂ ਦੇਸ਼ਾਂ ਦੀ ਇੰਨੀ ਘੱਟ ਵਸੋਂ ਦੇ ਲੱਗੇ ਵੈਕਸੀਨ ਉਨਾਂ ਦੇਸ਼ਾਂ ਵਿੱਚ ‘ਹਰਡ ਈਮਿਊਨਿਟੀ’ ਪੈਦਾ ਕਰ ਸਕਣ ਦੇ ਯੋਗ ਨਹੀਂ ਹੋਣਗੇ। ਇੱਥੇ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ‘ਹਰਡ ਇਮਿਊਨਿਟੀ’ ਉਦੋਂ ਪੈਦਾ ਹੁੰਦੀ ਹੈ ਜਦੋਂ ਕਿਸੇ ਦੇਸ਼ ਦੀ ਵਸੋਂ ਦਾ ਵੱਡਾ ਹਿੱਸਾ ਕਿਸੇ ਬੀਮਾਰੀ ਤੋਂ ਸੁਰੱਖਿਅਤ ਹੋ ਜਾਂਦਾ ਹੈ, ਜਿਸ ਕਾਰਨ ਇਕ ਵਿਅਕਤੀ ਤੋਂ ਦੂਸਰੇ ਵਿਅਕਤੀ ਤੱਕ ਬੀਮਾਰੀ ਫੈਲਣ ਦਾ ਖਤਰਾ ਖ਼ਤਮ ਹੋ ਜਾਂਦਾ ਹੈ। ਇਸ ਆਲੋਚਨਾ ਦੇ ਬਾਵਜੂਦ ਪੱਛਮੀ ਦੇਸ਼ਾਂ ਦੀਆਂ ਸਰਕਾਰਾਂ ਇਸ ਪ੍ਰੋਗਰਾਮ ਦਾ ਸਮਰਥਨ ਕਰ ਰਹੀਆਂ ਹਨ ਅਤੇ ਇਸ ਪ੍ਰੋਗਰਾਮ ਲਈ ਵੈਕਸੀਨ ਦਾਨ ਕਰਨ ਦਾ ਐਲਾਨ ਕਰ ਰਹੀਆਂ ਹਨ। ਉਦਾਹਰਨ ਲਈ, 11-13 ਜੂਨ ਵਿਚਕਾਰ ਯੂ. ਕੇ. ਦੇ ਸ਼ਹਿਰ ਕੋਰਨਵਾਲ ਵਿੱਚ ਜੀ-7 ਦੇਸ਼ਾਂ ਦੇ ਹੋਏ ਸਿਖਰ ਸੰਮੇਲਨ ਵਿੱਚ ਕਈ ਦੇਸ਼ਾਂ ਨੇ ਕੋਵੇਕਸ ਲਈ ਵੈਕਸੀਨਾਂ ਦੀਆਂ ਖ਼ੁਰਾਕਾਂ ਦਾਨ ਕਰਨ ਦਾ ਐਲਾਨ ਕੀਤਾ ਹੈ। ਯੂ. ਕੇ. ਨੇ 10 ਕ੍ਰੋੜ (100 ਮਿਲੀਅਨ), ਅਮਰੀਕਾ ਨੇ 50 ਕ੍ਰੋੜ (500 ਮਿਲੀਅਨ), ਕੈਨੇਡਾ ਨੇ 10 ਕ੍ਰੋੜ (100 ਮਿਲੀਅਨ) ਅਤੇ ਹੋਰ ਕਈ ਦੇਸ਼ਾਂ ਨੇ ਵੱਖ ਵੱਖ ਗਿਣਤੀ ਵਿੱਚ ਵੈਕਸੀਨ ਦਾਨ ਕਰਨ ਦਾ ਵਾਅਦਾ ਕੀਤਾ ਹੈ। ਕੁੱਲ ਮਿਲਾ ਕੇ ਇਸ ਸਿਖਰ ਸੰਮੇਲਨ ਸਮੇਂ ਜੀ-7 ਦੇਸ਼ਾਂ ਨੇ ਵੈਕਸੀਨਾਂ ਦੀਆਂ 1 ਅਰਬ (1 ਬਿਲੀਅਨ) ਦੇ ਕਰੀਬ ਖ਼ੁਰਾਕਾਂ ਦੇਣ ਦਾ ਵਚਨ ਦਿੱਤਾ ਹੈ। ਇਨਾਂ ਵੈਕਸੀਨਾਂ ਵਿੱਚੋਂ ਅੱਧੇ ਵੈਕਸੀਨ ਹੀ 2021 ਦੇ ਅਖੀਰ ਤੱਕ ਦਿੱਤੇ ਜਾਣਗੇ ਅਤੇ ਬਾਕੀ ਦੇ ਬਾਅਦ ਵਿੱਚ।

ਜੀ 7 ਦੇਸ਼ਾਂ ਵੱਲੋਂ ਕੀਤੇ ਇਸ ਐਲਾਨ ਬਾਰੇ ਵੱਖ ਵੱਖ ਪ੍ਰਤੀਕਰਮ ਆਏ ਹਨ। ਗਾਵੀ ਦੀ ਵੈਕਸੀਨ ਅਲਾਇੰਸ, ਕੋਆਲੀਸ਼ਨ ਫਾਰ ਐਪੀਡੈਮਿਕ ਪ੍ਰੀਪੇਅਰਡਨੈੱਸ, ਯੂਨੀਸੈਫ ਵਰਗੀਆਂ ਸੰਸਥਾਵਾਂ ਨੇ ਜੀ 7 ਦੇਸ਼ਾਂ ਦੇ ਇਸ ਕਦਮ ਦਾ ਸਵਾਗਤ ਕੀਤਾ ਹੈ ਅਤੇ ਇਸ ਨੂੰ ਸਹੀ ਦਿਸ਼ਾ ਵਿੱਚ ਪੁੱਟਿਆ ਕਦਮ ਕਿਹਾ ਹੈ। ਵਿਸ਼ਵ ਸਿਹਤ ਸੰਸਥਾ ਦੇ ਡਾਇਰੈਕਟਰ ਜਨਰਲ ਨੇ ਇਸ ਕਦਮ ਦਾ ਸਵਾਗਤ ਕਰਨ ਦੇ ਨਾਲ ਨਾਲ ਇਸ ਗੱਲ ਵੱਲ ਧਿਆਨ ਦਿਵਾਇਆ ਹੈ ਕਿ ਇਹ ਕਾਫੀ ਨਹੀਂ ਹੈ। ਉਸ ਅਨੁਸਾਰ ‘ਹੋਰ ਬਹੁਤ ਸਾਰੇ ਦੇਸ਼ਾਂ ਵਿੱਚ ਕੇਸਾਂ ਦੀ ਗਿਣਤੀ ਵੱਧ ਰਹੀ ਹੈ ਅਤੇ ਉਹ ਵੈਕਸੀਨਾਂ ਤੋਂ ਬਿਨਾਂ ਇਸ ਦਾ ਸਾਹਮਣਾ ਕਰ ਰਹੇ ਹਨ।

**ਬਾਕੀ ਸਫ਼ਾ 27 ’ਤੇ**

# ਕਿਸਾਨ ਅੰਦੋਲਨ ਬਾਰੇ ਮੋਦੀ ਸਰਕਾਰ ਦਾ ਅੜੀਅਲ ਵਰਤਾਰਾ

**ਰਜਿੰਦਰ ਸਿੰਘ ਪੁਰੇਵਾਲ**

ਹੁਣ ਜਿਹੇ ਭਾਰਤ ਦੀਆਂ ਖ਼ੁਫ਼ੀਆ ਏਜੰਸੀਆਂ ਨੇ ਦਿੱਲੀ ਪੁਲਿਸ ਅਤੇ ਕਈ ਹੋਰ ਜਾਂਚ ਏਜੰਸੀਆਂ ਨੂੰ ਕਿਸਾਨ ਅੰਦੋਲਨ ਸਬੰਧੀ ਅਲਰਟ ਜਾਰੀ ਕੀਤਾ ਹੈ।ਏਜੰਸੀਆਂ ਮੁਤਾਬਕ ਪਾਕਿਸਤਾਨ ਆਧਾਰਤ ਆਈ ਐਸ ਆਈ ਨਾਲ ਜੁੜੇ ਲੋਕ ਕਿਸਾਨਾਂ ਦੇ ਹੋਣ ਵਾਲੇ ਪ੍ਰਦਰਸ਼ਨਾਂ ਨੂੰ ਖ਼ਰਾਬ ਕਰ ਸਕਦੇ ਹਨ। ਇਹੋ ਜਿਹੀਆਂ ਛੁਰਲੀਆਂ ਮੋਦੀ ਸਰਕਾਰ ਵਲੋਂ ਛੱਡੀਆਂ ਜਾ ਰਹੀਆਂ ਹਨ ਤਾਂ ਜੋ ਕਿਸਾਨ ਅੰਦੋਲਨ ਬਦਨਾਮ ਕੀਤਾ ਜਾਵੇ।

ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਅਤੇ ਖੇਤੀ ਜਿਣਸਾਂ ਦੇ ਘੱਟੋ-ਘੱਟ ਸਮਰਥਨ ਮੁੱਲ ਨੂੰ ਯਕੀਨੀ ਬਣਾਉਣ ਲਈ ਕਾਨੂੰਨੀ ਵਿਵਸਥਾ ਕਰਨ ਦੀ ਮੰਗ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿਚ ਦੇਸ਼ ਦੇ ਕਿਸਾਨਾਂ ਵਲੋਂ ਆਰੰਭ ਕੀਤੇ ਗਏ ਅੰਦੋਲਨ ਨੇ 26 ਜੂਨ ਨੂੰ 7 ਮਹੀਨੇ ਪੂਰੇ ਕਰ ਲਏ ਹਨ। ਸੰਯੁਕਤ ਕਿਸਾਨ ਮੋਰਚੇ ਨੇ ਅੰਦੋਲਨ ਦੇ 7 ਮਹੀਨੇ ਪੂਰੇ ਹੋਣ 'ਤੇ ਕਿਸਾਨਾਂ ਨੂੰ ਦੇਸ਼ ਭਰ ਵਿਚ ਰਾਜ ਭਵਨਾਂ ਦੇ ਸਾਹਮਣੇ ਵਿਖਾਵੇ ਕਰਨ ਅਤੇ ਰਾਜਪਾਲਾਂ ਨੂੰ ਰਾਸ਼ਟਰਪਤੀ ਦੇ ਨਾਂ, ਖੇਤੀ ਬਚਾਉਣ ਅਤੇ ਲੋਕਤੰਤਰ ਬਚਾਉਣ ਲਈ ਮੰਗ ਪੱਤਰ ਦੇਣ ਦਾ ਸੱਦਾ ਦਿੱਤਾ ਗਿਆ ਸੀ। ਇਸ ਸੰਘਰਸ਼ ਨੂੰ ਸ਼ਾਂਤਮਈ ਢੰਗ ਨਾਲ ਸਿਰੇ ਚਾੜਿਆ ਗਿਆ। ਅੰਦੋਲਨ ਦੀ ਵੱਡੀ ਅਹਿਮੀਅਤ ਇਹ ਹੈ ਕਿ ਕੇਂਦਰ ਸਰਕਾਰ ਦੇ ਹਰ ਤਰਾਂ ਦੇ ਦਮਨਕਾਰੀ ਅਤੇ ਫੁੱਟ ਪਾਊ ਨੀਤੀਆਂ ਦੇ ਬਾਵਜੂਦ ਇਸ ਅੰਦੋਲਨ ਵਿਚ ਸ਼ਾਮਿਲ ਵੱਖ-ਵੱਖ ਕਿਸਾਨ ਅਤੇ ਮਜ਼ਦੂਰ ਜਥੇਬੰਦੀਆਂ ਇਕਮੁੱਠ ਰਹੀਆਂ ਹਨ ਅਤੇ ਉਨਾਂ ਨੇ ਪਹਿਲਾਂ ਪੰਜਾਬ ਵਿਚ ਅਤੇ ਫਿਰ ਦਿੱਲੀ ਦੀਆਂ ਬਰੂਹਾਂ 'ਤੇ ਲਗਾਤਾਰ ਅੰਦੋਲਨ ਨੂੰ ਮਘਾਈ ਰੱਖਿਆ ਹੈ। ਇਸ ਦਾ ਘੇਰਾ ਬੰਗਾਲ, ਯੂ.ਪੀ., ਮਹਾਰਾਸ਼ਟਰ, ਤੇਲੰਗਾਨਾ, ਰਾਜਸਥਾਨ ਤੱਕ ਪਹੁੰਚ ਚੁੱਕਿਆ ਹੈ।

ਇਸ ਸੰਘਰਸ਼ ਵਿਚ ਹਰਿਆਣਾ ਦੇ ਕਿਸਾਨਾਂ ਦੀ ਵੀ ਵੱਡੀ ਸ਼ਮੂਲੀਅਤ ਰਹੀ ਹੈ। ਕੇਂਦਰ ਸਰਕਾਰ ਅਤੇ ਸੰਯੁਕਤ ਕਿਸਾਨ ਮੋਰਚੇ ਦੇ ਪ੍ਰਤੀਨਿਧੀਆਂ ਦਰਮਿਆਨ ਗੱਲਬਾਤ ਦੇ 11 ਦੌਰ ਹੋਏ ਪਰ ਮਸਲੇ ਦਾ ਕੋਈ ਹੱਲ ਨਾ ਕੱਢਿਆ ਗਿਆ। ਦੋਵਾਂ ਧਿਰਾਂ ਦੀ ਆਖ਼ਰੀ ਗੱਲਬਾਤ ਇਸ ਸਾਲ 22 ਜਨਵਰੀ ਨੂੰ ਹੋਈ ਸੀ। ਉਸ ਤੋਂ ਬਾਅਦ ਕੇਂਦਰ ਸਰਕਾਰ ਅਤੇ ਕਿਸਾਨ ਪ੍ਰਤੀਨਿਧੀਆਂ ਦਰਮਿਆਨ ਕੋਈ ਗੱਲਬਾਤ ਨਹੀਂ ਹੋਈ। ਅੰਦੋਲਨ ਦੀ ਮੌਜੂਦਾ ਸਥਿਤੀ ਇਹ ਹੈ ਕਿ ਕਿਸਾਨ ਆਪਣੀ ਇਸ ਮੰਗ 'ਤੇ ਅੜੇ ਹੋਏ ਹਨ ਕਿ ਕੇਂਦਰ ਸਰਕਾਰ ਤਿੰਨੇ ਖੇਤੀ ਕਾਨੂੰਨਾਂ ਨੂੰ ਵਾਪਸ ਲਵੇ ਅਤੇ ਫ਼ਸਲਾਂ ਦੇ ਘੱਟੋ-ਘੱਟ ਭਾਅ ਨੂੰ ਯਕੀਨੀ ਬਣਾਉਣ ਲਈ ਕਾਨੂੰਨੀ ਵਿਵਸਥਾ ਕਰੇ। ਪਰ ਕੇਂਦਰ ਸਰਕਾਰ ਵਲੋਂ ਕੇਂਦਰੀ ਖੇਤੀਬਾੜੀ ਮੰਤਰੀ ਨਰਿੰਦਰ ਤੋਮਰ ਵਾਰ-ਵਾਰ ਇਹੀ ਅੜੀਅਲ ਵਰਤਾਰਾ ਦੂਹਰਾ ਰਹੇ ਹਨ ਕਿ ਸਰਕਾਰ ਕਿਸੇ ਵੀ ਸੂਰਤ ਵਿਚ ਖੇਤੀ ਕਾਨੂੰਨ ਰੱਦ ਨਹੀਂ ਕਰੇਗੀ, ਪਰ ਕਿਸਾਨਾਂ ਨਾਲ ਖੇਤੀ ਕਾਨੂੰਨਾਂ ਦੀਆਂ ਉਨਾਂ ਮੱਦਾਂ ਬਾਰੇ ਗੱਲਬਾਤ ਕਰਨ ਲਈ ਤਿਆਰ ਹੈ, ਜਿਨਾਂ ਬਾਰੇ ਕਿਸਾਨ ਇਹ ਸਮਝਦੇ ਹਨ ਕਿ ਉਹ ਮੱਦਾਂ ਕਿਸਾਨਾਂ ਦੇ ਹਿਤਾਂ ਦੇ ਖਿਲਾਫ਼ ਹਨ। ਇਹ ਕਾਨੂੰਨ ਸਾਰਾ ਖੇਤੀਬਾੜੀ ਵਪਾਰ ਅਤੇ ਖੇਤੀਬਾੜੀ ਦਾ ਕਾਰੋਬਾਰ ਕਿਸਾਨਾਂ ਤੋਂ ਖੋਹ ਕੇ ਇਕ ਤਰਾਂ ਕਾਰਪੋਰੇਟਰਾਂ ਦੇ ਹਵਾਲੇ ਕਰਨ ਦਾ ਰਸਤਾ ਖੋਲਦੇ ਹਨ। ਇਨਾਂ ਨਾਲ ਦੇਸ਼ ਦੇ ਛੋਟੇ ਅਤੇ ਦਰਮਿਆਨੇ ਕਿਸਾਨਾਂ, ਛੋਟੇ ਵਪਾਰੀਆਂ ਅਤੇ ਦੁਕਾਨਦਾਰਾਂ ਦੇ ਕਾਰੋਬਾਰ 'ਤੇ ਵੀ ਵੱਡਾ ਨਾਂਹ-ਪੱਖੀ ਅਸਰ ਪਵੇਗਾ। ਪਰ ਸਰਕਾਰ ਕਿਸਾਨਾਂ ਦੀਆਂ ਇਨਾਂ ਦਲੀਲਾਂ ਨੂੰ ਮੰਨਣ ਲਈ ਤਿਆਰ ਨਹੀਂ ਹੈ।

ਪਿਛਲੇ 7 ਮਹੀਨਿਆਂ ਵਿਚ ਇਸ ਅੰਦੋਲਨ ਕਾਰਨ ਭਾਜਪਾ ਦੀਆਂ ਪੰਜਾਬ ਅਤੇ ਹਰਿਆਣਾ ਵਿਚ ਸਰਗਰਮੀਆਂ ਇਕ ਤਰਾਂ ਠੱਪ ਹੋ ਕੇ ਰਹਿ ਗਈਆਂ ਹਨ। ਕਿਸਾਨਾਂ ਨੇ ਉਨਾਂ ਨੂੰ ਕਿਸੇ ਵੀ ਤਰਾਂ ਦੇ ਇਕੱਠ ਕਰਨ ਜਾਂ ਆਪਣੀਆਂ ਮੀਟਿੰਗਾਂ ਕਰਨ ਦੀ ਇਜਾਜ਼ਤ ਨਹੀਂ ਦਿੱਤੀ। ਇਸ ਕਾਰਨ ਕਿਸਾਨਾਂ ਅਤੇ ਭਾਜਪਾ ਦੇ ਆਗੂਆਂ ਅਤੇ ਸਮਰਥਕਾਂ ਦਰਮਿਆਨ ਅਨੇਕਾਂ ਵਾਰ ਤਿੱਖੇ ਟਕਰਾਅ ਹੋਏ ਹਨ। ਇਹੋ ਜਿਹੀ ਸਥਿਤੀ ਹੀ ਹਰਿਆਣਾ ਵਿਚ ਵੀ ਬਣੀ ਹੋਈ ਹੈ। ਇਸ ਤੋਂ ਇਲਾਵਾ 500 ਦੇ ਲਗਭਗ ਕਿਸਾਨਾਂ ਦੀਆਂ ਇਸ ਅੰਦੋਲਨ ਦੌਰਾਨ ਜਾਨਾਂ ਵੀ ਜਾ ਚੁੱਕੀਆਂ ਹਨ।

ਕੁਝ ਸਿਆਸੀ ਮਾਹਰਾਂ ਦੀ ਇਹ ਰਾਏ ਹੈ ਕਿ ਕੇਂਦਰ ਸਰਕਾਰ ਵਲੋਂ ਕਿਸਾਨ ਅੰਦੋਲਨ ਦੀਆਂ ਮੰਗਾਂ ਪ੍ਰਤੀ ਕੋਈ ਹਾਂ-ਪੱਖੀ ਰੁਖ਼ ਅਖ਼ਤਿਆਰ ਨਾ ਕਰਨ ਕਰਕੇ ਹੁਣ ਕਿਸਾਨ ਆਗੂ ਭਾਜਪਾ ਨੂੰ ਰਾਜਾਂ ਅਤੇ ਕੇਂਦਰ ਦੀ ਸੱਤਾ ਤੋਂ ਬਾਹਰ ਕਰਨ ਲਈ ਸਿਆਸੀ ਭੂਮਿਕਾ ਅਦਾ ਕਰਨ ਲਈ ਆਪਣੇ-ਆਪ ਨੂੰ ਤਿਆਰ ਕਰ ਰਹੇ ਹਨ। ਜੇਕਰ ਅਜਿਹਾ ਹੁੰਦਾ ਹੈ ਤਾਂ ਮੋਦੀ ਸਰਕਾਰ ਨੂੰ ਵਡਾ ਸਿਆਸੀ ਝਟਕਾ ਲਗ ਸਕਦਾ ਹੈ। ਅਗਲੇ ਸਾਲ ਦੇ ਆਰੰਭ ਵਿਚ 5 ਰਾਜਾਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਹੋਣ ਜਾ ਰਹੀਆਂ ਹਨ। ਇਨਾਂ 5 ਰਾਜਾਂ ਵਿਚ ਪੰਜਾਬ, ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਅਜਿਹੇ ਰਾਜ ਹਨ, ਜਿਥੇ ਜੇਕਰ ਕਿਸਾਨ ਆਗੂ ਲਾਮਬੰਦ ਹੋ ਕੇ ਪੂਰੀ ਸ਼ਿੱਦਤ ਨਾਲ ਭਾਜਪਾ ਦੇ ਵਿਰੋਧ ਵਿਚ ਉੱਤਰਦੇ ਹਨ ਤਾਂ ਇਨਾਂ ਰਾਜਾਂ ਵਿਚ ਸਿਆਸੀ ਤੌਰ 'ਤੇ ਭਾਜਪਾ ਨੂੰ ਚੋਖਾ ਨੁਕਸਾਨ ਹੋ ਸਕਦਾ ਹੈ। ਖ਼ਾਸ ਕਰਕੇ ਉੱਤਰ ਪ੍ਰਦੇਸ਼ ਵਿਚ ਕਿਸਾਨਾਂ ਦੀ ਨਾਰਾਜ਼ਗੀ ਬਰਕਰਾਰ ਰੱਖ ਕੇ ਜੇਕਰ ਭਾਜਪਾ ਚੋਣਾਂ ਵਿਚ ਉਤਰਦੀ ਹੈ ਤਾਂ ਉਥੇ ਉਸ ਨੂੰ ਸੱਤਾ ਵਿਚ ਵਾਪਸੀ ਕਰਨੀ ਬੇਹੱਦ ਔਖੀ ਹੋ ਜਾਏਗੀ।

## ਚੜੂਨੀ ਨੇ ਕਿਸਾਨਾਂ ਤੋਂ ਸੰਸਦ ਵੱਲ ਮਾਰਚ ਬਾਰੇ ਮੰਗੀ ਰਾਏ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਭਾਰਤੀ ਕਿਸਾਨ ਯੂਨੀਅਨ (ਹਰਿਆਣਾ) ਦੇ ਆਗੂ ਅਤੇ ਸੰਯੁਕਤ ਕਿਸਾਨ ਮੋਰਚੇ ਦੇ ਮੈਂਬਰ ਗੁਰਨਾਮ ਸਿੰਘ ਚੜੂਨੀ ਨੇ ਸੰਸਦ ਵੱਲ ਮਾਰਚ ਬਾਰੇ ਕਿਸਾਨਾਂ ਤੋਂ ਰਾਏ ਮੰਗੀ ਹੈ। ਉਨਾਂ ਕਿਹਾ ਕਿ ਇਹ ਪੈਦਲ ਮਾਰਚ ਸੰਸਦ ਦੇ ਸੂਰੂ ਹੋਣ ਵਾਲੇ ਮੌਨਸੂਨ ਇਜਲਾਸ ਦੌਰਾਨ ਕੱਢਣ ਦੀ ਯੋਜਨਾ ਹੈ। ਉਨਾਂ ਕਿਹਾ ਕਿ ਮੋਰਚੇ ਦੇ ਆਗੂਆਂ ਨੂੰ ਖਦਸ਼ਾ ਹੈ ਕਿ ਸੰਸਦ ਵੱਲ ਮਾਰਚ ਕੱਢਣ



'ਤੇ ਇਹ ਹਿੰਸਕ ਹੋ ਸਕਦਾ ਹੈ। ਚੜੂਨੀ ਨੇ ਸੁਝਾਅ ਦਿੱਤਾ ਕਿ ਸੰਸਦ ਵੱਲ ਮਾਰਚ ਕੱਢਣ ਦੌਰਾਨ ਕਿਸਾਨਾਂ ਦੇ ਹੱਥ ਬੰਨੇ ਜਾ ਸਕਦੇ ਹਨ ਤਾਂ ਜੋ ਇਹ ਪਛਾਣ ਹੋ ਸਕੇ ਕਿ ਉਹ ਮੋਰਚੇ ਨਾਲ ਸਬੰਧਤ ਹਨ। ਉਨਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਦੇ ਹੱਥ ਨਹੀਂ ਬੰਨੇ ਹੋਣਗੇ ਤਾਂ ਉਹ ਮੋਰਚੇ ਦੇ ਨਹੀਂ ਹੋਣਗੇ। ਉਨਾਂ ਕਿਹਾ ਕਿ ਪੁਲੀਸ ਕਿਸਾਨਾਂ ਨਾਲ ਜੋ ਮਰਜੀ ਵਿਵਹਾਰ ਕਰੇ, ਪਰ ਕਿਸਾਨ ਅੱਗੋਂ ਕੋਈ ਕਾਰਵਾਈ ਨਹੀਂ ਕਰਨਗੇ।


ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਰਾਜਸੀ ਵਿਚਾਰਧਾਰਾ ਤੇ ਬੌਧਿਕ ਪ੍ਰਤਿਭਾ ਬਾਰੇ ਅਣਗੌਲੇ ਸੱਚ ਨੂੰ ਉਜਾਗਰ ਕਰਦੀ ਪੁਸਤਕ

ਜਿਸ ਵਿਚ ਖਾੜਕੂ ਲਹਿਰ, ਖਾਲਿਸਤਾਨ ਤੇ 1992 ਦੀਆਂ ਚੋਣਾਂ ਬਾਰੇ ਸ਼ਹੀਦ ਖਾਲੜਾ ਦੇ ਸਿਧਾਂਤਕ ਨਜ਼ਰੀਏ ਸਮੇਤ ਉਸ ਦੇ ਸ਼ਹਾਦਤ ਦੇ ਸਫਰ ਤੇ ਦ੍ਰਿੜ ਸੰਕਲਪ ਦੀ ਸਿਧਾਂਤਕ ਵਿਆਖਿਆ ਕੀਤੀ ਗਈ ਹੈ





ਅਜਮੇਰ ਸਿੰਘ


## ਗਾਜ਼ੀਪੁਰ ਬਾਰਡਰ 'ਤੇ ਭਾਜਪਾ ਵਰਕਰਾਂ ਤੇ ਕਿਸਾਨਾਂ ਵਿਚਾਲੇ ਟਕਰਾਅ



**ਗਾਜ਼ੀਆਬਾਦ/ਏ.ਟੀ.ਨਿਊਜ਼ :** ਦਿੱਲੀ-ਉੱਤਰ ਪ੍ਰਦੇਸ਼ ਦੀ ਸਰਹੱਦ 'ਤੇ ਗਾਜ਼ੀਪੁਰ ਵਿਖੇ ਕਈ ਭਾਜਪਾ ਵਰਕਰਾਂ ਅਤੇ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨਾਂ ਦਰਮਿਆਨ ਝੜਪ ਹੋ ਗਈ। ਜਾਣਕਾਰੀ ਮੁਤਾਬਕ ਤਣਾਅ ਉਦੋਂ ਹੋਇਆ ਜਦੋਂ ਭਾਜਪਾ ਵਰਕਰ ਫਲਾਈਵੇਅ 'ਤੇ ਜਲੂਸ ਕੱਢ ਰਹੇ ਸਨ, ਜਿੱਥੇ ਕਿਸਾਨ ਨਵੰਬਰ 2020 ਤੋਂ ਡੇਰਾ ਲਗਾਈ ਬੈਠੇ ਹਨ। ਜਾਣਕਾਰੀ ਮੁਤਾਬਕ ਭਾਜਪਾ ਦੇ ਕਈ ਵਰਕਰ ਗਾਜ਼ੀਪੁਰ ਬਾਰਡਰ 'ਤੇ ਆਪਣੇ ਕਿਸੇ ਨੇਤਾ ਦਾ ਸਵਾਗਤ ਕਰਨ ਲਈ ਪੁੱਜੇ। ਉਥੇ ਅਚਾਨਕ ਰੌਲਾ ਰੱਪਾ ਸ਼ੁਰੂ ਹੋ ਗਿਆ ਤੇ ਕਿਸਾਨਾਂ ਤੇ ਭਾਜਪਾ ਵਰਕਰਾਂ ਵਿਚਾਲੇ ਝੜਪ ਹੋ ਗਈ। ਭਾਜਪਾ ਸਮਰਥਕਾਂ ਦਾ ਦੋਸ਼ ਹੈ ਕਿ ਕਿਸਾਨਾਂ ਨੇ ਉਨਾਂ 'ਤੇ ਪਥਰਾਅ ਕੀਤਾ। ਹਾਲਾਤ ਇੰਨੇ ਖਰਾਬ ਹੋ ਗਏ ਕਿ ਭਾਜਪਾ ਨੇਤਾ ਨੂੰ ਉਥੋਂ ਆਪਣੀ ਗੱਡੀ ਕੱਢਣ ਲਈ ਪੁਲਿਸ ਦੀ ਮਦਦ ਲੈਣੀ ਪਈ। ਇਸ ਪੂਰੇ ਹੰਗਾਮੇ ਬਾਰੇ ਕਿਸਾਨ ਨੇਤਾ ਰਾਕੇਸ਼ ਟਿਕੈਤ ਨੇ ਭਾਜਪਾ 'ਤੇ ਕਈ ਗੰਭੀਰ ਦੋਸ਼ ਲਗਾਏ। ਉਨਾਂ ਕਿਹਾ ਕਿ ਭਾਜਪਾਈ ਉਨਾਂ ਦੇ ਮੰਚ 'ਤੇ ਆ ਗਏ ਤੇ ਆਪਣੇ ਨੇਤਾ ਦਾ ਸਵਾਗਤ ਕਰਨ ਲੱਗੇ।

## ਭਾਜਪਾ ਆਗੂ ਸ਼ਵੇਤ ਮਲਿਕ ਦਾ ਬਠਿੰਡਾ 'ਚ ਕਿਸਾਨਾਂ ਵਲੋਂ ਵਿਰੋਧ



**ਬਠਿੰਡਾ/ਏ.ਟੀ.ਨਿਊਜ਼ :** ਰਾਜ ਸਭਾ ਮੈਂਬਰ ਤੇ ਸਾਬਕਾ ਭਾਜਪਾ ਸੂਬਾ ਪ੍ਰਧਾਨ ਸ਼ਵੇਤ ਮਲਿਕ ਦਾ ਆਲ ਇੰਡੀਆ ਇੰਸਟੀਚਿਊਸ਼ਨਜ਼ ਆਫ਼ ਮੈਡੀਕਲ ਸਾਇੰਸਿਜ਼ ਵਿਚ ਗੱਡੀਆਂ ਦੇ ਕਾਫ਼ਲੇ ਵਿਚ ਪਹੁੰਚਣ ਸਮੇਂ ਕਿਸਾਨਾਂ ਨੇ ਘਿਰਾਓ ਕੀਤਾ ਤੇ ਭਾਜਪਾ ਵਿਰੁੱਧ ਤਿੱਖੀ ਨਾਅਰੇਬਾਜ਼ੀ ਕੀਤੀ। ਹਾਲਾਂਕਿ ਪੁਲਿਸ ਨੂੰ ਕਿਸਾਨਾਂ ਅੱਗੇ ਬੈਰੀਕੇਡ ਲਗਾ ਕੇ ਰੋਕਣ ਲਈ ਜੱਦੋਜਹਿਦ ਕਰਨੀ ਪਈ ਤੇ ਇਸ ਦੌਰਾਨ ਧੱਕਾਮੁੱਕੀ ਹੋਈ। ਦਰਅਸਲ, ਬੀਕੇਯੂ ਸਿੱਧੂਪੁਰ, ਬੀਕੇਯੂ ਉਗਰਾਹਾਂ ਤੇ ਬੀਕੇਯੂ ਡਕੌਂਦਾ ਨੂੰ ਭਾਜਪਾ ਆਗੂ ਸ਼ਵੇਤ ਦੇ ਏਮਜ਼ 'ਚ ਆਉਣ ਦੀ ਪਹਿਲਾਂ ਹੀ ਮਿਲੀ ਜਾਣਕਾਰੀ ਕਾਰਨ ਕਿਸਾਨ ਇਕੱਤਰ ਹੋਣੇ ਸ਼ੁਰੂ ਹੋ ਗਏ ਸਨ ਜਦ ਭਾਜਪਾ ਆਗੂ ਆਪਣੀ ਗੱਡੀਆਂ ਦੇ ਕਾਫ਼ਲੇ ਨਾਲ ਏਮਜ਼ ਦੇ ਮੁੱਖ ਗੇਟ ਤੋਂ ਲੰਘਣ ਲੱਗਿਆ ਤਾਂ ਕਿਸਾਨਾਂ ਨੇ ਨਾਅਰੇਬਾਜ਼ੀ ਹੋਰ ਤਿੱਖੀ ਕਰ ਦਿੱਤੀ। ਕਿਸਾਨ ਕਾਰਕੁਨਾਂ ਨੇ ਘਿਰਾਓ ਕਰਦਿਆਂ ਕਿਹਾ ਕਿ ਖੇਤੀ ਕਾਲੇ ਕਾਨੂੰਨਾਂ ਕਰਕੇ ਕੇਂਦਰੀ ਹਾਕਮਾਂ ਨੇ ਕਿਸਾਨਾਂ ਨੂੰ ਦੁਖੀ ਕਰ ਦਿੱਤਾ ਹੈ ਤੇ ਇਸ ਨੂੰ ਰੱਦ ਕਰਵਾਉਣ ਲਈ ਲਗਾਤਾਰ ਕਿਸਾਨ ਸੰਘਰਸ਼ ਕਰ ਰਹੇ ਹਨ ਪਰ ਕੋਈ ਵੀ ਉਨਾਂ ਦੀ ਗੱਲ ਨਹੀਂ ਸੁਣਦਾ। ਉਨਾਂ ਕਿਹਾ ਕਿ ਮੋਦੀ ਸਰਕਾਰ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਕਿਸਾਨਾਂ ਵਿਚ ਬਹੁਤ ਗੁੱਸਾ ਹੈ, ਨਹੀਂ ਤਾਂ ਆਉਣ ਵਾਲੇ ਸਮੇਂ ਵਿਚ ਇਸ ਦਾ ਖ਼ਾਮਿਆਜ਼ਾ ਭੁਗਤਣਾ ਪਵੇਗਾ।

ਇੱਥੇ ਜ਼ਿਕਰਯੋਗ ਹੈ ਕਿ ਸਾਬਕਾ ਭਾਜਪਾ ਸੂਬਾ ਪ੍ਰਧਾਨ ਕੇਂਦਰ ਦੀ ਮੋਦੀ ਸਰਕਾਰ ਦੁਆਰਾ ਏਮਜ਼ ਬਠਿੰਡਾ ਦਾ ਗਵਰਨਿੰਗ ਕੌਂਸਲ ਦਾ ਮੈਂਬਰ ਤੇ ਸਟੈਂਡਿੰਗ ਅਸਟੇਟ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤੇ ਜਾਣ 'ਤੇ ਕਮੇਟੀ ਦੀ ਉੱਚ ਪੱਧਰੀ ਬੈਠਕ ਸਬੰਧੀ ਪੁੱਜੇ ਸਨ।ਖੇਤੀ ਕਾਨੂੰਨਾਂ ਬਾਰੇ ਗੱਲ ਕਰਦਿਆਂ ਸ਼ਵੇਤ ਨੇ ਕਿਹਾ ਕਿ ਇਹ ਕਾਨੂੰਨ ਨੂੰ ਲਾਗੂ ਕਰਵਾਉਣ ਲਈ ਕਪਿਲ ਸਿੱਬਲ, ਰਾਹੁਲ ਗਾਂਧੀ ਤੇ ਮਨਮੋਹਨ ਸਿੰਘ ਤੱਕ ਗੱਲਾਂ ਕਰਦੇ ਰਹੇ ਪਰ ਹੁਣ ਉਹ ਇਸ ਦੇ ਉਲਟ ਹੋ ਗਏ ਹਨ।ਉਨਾਂ ਕਿਹਾ ਕਿ ਇਹ ਖੇਤੀ ਕਾਨੂੰਨ ਸਹੀ ਹਨ, ਇਸ ਨਾਲ ਪੁਰਾਣੀ ਪ੍ਰਣਾਲੀ ਰੋਕੀ ਨਹੀਂ ਜਾਵੇਗੀ। ਕਿਸਾਨਾਂ ਨੂੰ ਕੇਂਦਰ ਸਰਕਾਰ ਨੇ ਪਹਿਲਾਂ ਵੀ ਬੈਠ ਕੇ ਗੱਲ ਕਰਨ ਦਾ ਸੱਦਾ ਦਿੱਤਾ ਹੈ ਅਤੇ ਹੁਣ ਉਹ ਬੈਠ ਕੇ ਗੱਲ ਕਰ ਸਕਦੇ ਹਨ।




# ਗੁਰੂ ਨਾਨਕ ਫਲਸਫੇ ਦੇ ਪ੍ਰਸੰਗ 'ਚ ਵਾਤਾਵਰਨ ਚੇਤਨਾ

ਪ੍ਰੋ. ਚਰਨਜੀਤ ਕੌਰ

ਮਨੁੱਖ ਦੇ ਹੁਣ ਤਕ ਹਾਸਲ ਕੀਤੇ ਦੁਨਿਆਵੀ ਅਤੇ ਅਨੁਭਵੀ ਗਿਆਨ ਅਨੁਸਾਰ ਇਸ ਬ੍ਰਹਿਮੰਡ ਵਿਚ ਸਿਰਫ ਸੂਰਜ ਮੰਡਲ ਦੇ ਇਕੋ ਇਕ ਗ੍ਰਹਿ ਧਰਤੀ ਉਪਰ ਹੀ ਜੀਵਨ ਹੈ। ਵਿਗਿਆਨੀਆਂ ਨੇ ਸਿਧਾਂਤਕ ਪੱਧਰ 'ਤੇ ਇਹ ਲੱਖਣ ਤਾਂ ਲਾਇਆ ਹੈ ਕਿ ਸਮੁੱਚੇ ਬ੍ਰਹਿਮੰਡ ਵਿਚ ਸਾਡੀ ਆਕਾਸ਼ ਗੰਗਾ ਜਾਂ ਹੋਰ ਆਕਾਸ਼ ਗੰਗਾਵਾਂ ਵਿਚ ਕੁਝ ਹੋਰ ਸੂਰਜ ਅਤੇ ਗ੍ਰਹਿ ਹੋ ਸਕਦੇ ਹਨ ਕਿ ਉੱਥੇ ਵੀ ਜੀਵਨ ਮੌਜੂਦ ਹੋਵੇ ਪਰ ਇਸ ਦਾ ਕੋਈ ਠੋਸ ਪ੍ਰਮਾਣ ਨਹੀਂ ਹੈ। ਇਹ ਵਿਗਿਆਨੀਆਂ ਦੇ ਅਨੁਮਾਨਾਂ ਆਧਾਰਿਤ, ਵਿਗਿਆਨਕ ਗਲਪ ਲਿਖਣ ਅਤੇ ਫਿਲਮਾਂ ਬਣਾਉਣ ਵਾਲਿਆਂ ਦੀਆਂ ਕਲਪਨਾਵਾਂ ਹੀ ਹਨ ਕਿ ਕਿਸੇ ਹੋਰ ਗ੍ਰਹਿ ਤੇ ਵੀ ਜੀਵਨ ਮੌਜੂਦ ਹੈ। ਅਸਲ ਵਿਚ ਸਾਡੀ ਇਸ ਧਰਤੀ ਉਪਰ ਹੀ ਜੀਵਨ ਹੈ ਪਰ ਚਿੰਤਾ ਅਤੇ ਦੁੱਖ ਵਾਲੀ ਗੱਲ ਇਹ ਹੈ ਕਿ ਵਾਤਾਵਰਨ ਵਿਗਾੜਾਂ ਕਾਰਨ ਇੱਥੇ ਵੀ ਜੀਵਨ ਰਹਿਣ ਦੀਆਂ ਸੰਭਾਵਨਾਵਾਂ ਖ਼ਤਮ ਹੋ ਰਹੀਆਂ ਹਨ।

ਆਧੁਨਿਕ ਯੁੱਗ ਵਿਚ ਰੁੱਖ ਕੱਟਣ, ਕਾਰਖ਼ਾਨਿਆਂ ਤੇ ਆਵਾਜਾਈ ਦੇ ਸਾਧਨਾਂ ਵਿਚ ਵਾਧੇ ਨਾਲ ਕਾਰਬਨ ਡਾਇਆਕਸਾਈਡ ਦੀ ਮਾਤਰਾ ਵਧ ਰਹੀ ਹੈ ਅਤੇ ਜੀਵਨ ਦਾਤੀ ਆਕਸੀਜਨ ਦੀ ਮਾਤਰਾ ਘਟ ਰਹੀ ਹੈ। ਇਸ ਪ੍ਰਕਾਰ ਪੈਦਾ ਹੋਏ ਗਰੀਨ ਹਾਊਸ ਇਫੈਕਟ ਕਾਰਨ ਆਲਮੀ ਤਪਸ਼ ਵਧ ਰਹੀ ਹੈ। ਪਹਾੜਾਂ ਦੀਆਂ ਚੋਟੀਆਂ ਅਤੇ ਧਰੁਵਾਂ ਦੇ ਗਲੇਸ਼ੀਅਰ ਪਿਘਲ ਰਹੇ ਹਨ। ਸਮੁੰਦਰੀ ਤਲ ਉਪਰ ਉੱਠ ਰਿਹਾ ਹੈ ਜੋ ਸਮੁੰਦਰ ਕੰਢੇ ਨੇੜਲੇ ਨੀਵੇਂ ਸ਼ਹਿਰਾਂ ਨੂੰ ਡੁਬੋਣ ਵੱਲ ਵਧੇਗਾ। ਖੇਤੀ ਵਿਚ ਰਸਾਇਣਕ ਖਾਦਾਂ, ਕੀਟਨਾਸ਼ਕਾਂ, ਨਦੀਨ ਨਾਸ਼ਕਾਂ, ਉੱਲੀ ਨਾਸ਼ਕਾਂ ਦੀ ਵਰਤੋਂ ਅਤੇ ਉਦਯੋਗਿਕ ਕਚਰੇ ਨੇ ਧਰਤੀ, ਪਾਣੀ ਅਤੇ ਹਵਾ ਪ੍ਰਦੂਸ਼ਿਤ ਕਰ ਦਿੱਤੀ ਹੈ। ਆਕਾਸ਼ ਖਲਾਅ ਹੈ, ਖਾਲੀ ਹੈ ਪਰ ਜਿੱਥੋਂ ਤਕ ਮਨੁੱਖ ਦੀ ਮਾਰ ਗਈ ਹੈ, ਉਥੋਂ ਤਕ ਉਹ ਵੀ ਪ੍ਰਦੂਸ਼ਤ ਕਰ ਦਿੱਤਾ ਹੈ। ਉਪ ਗ੍ਰਹਿਆਂ ਦਾ ਕਚਰਾ ਅਸਮਾਨ ਵਿਚ ਘੁੰਮ ਰਿਹਾ ਹੈ। ਜੈਵਿਕ ਵੰਨ-ਸਵੰਨਤਾ, ਭਾਵ ਨਾਨਾ ਪ੍ਰਕਾਰ ਦੀ ਬਨਸਪਤੀ ਅਤੇ ਜੀਵ ਜੰਤੂ ਦੀ ਵੰਨ-ਸਵੰਨਤਾ ਖ਼ਤਮ ਹੋ ਰਹੀ ਹੈ। ਇਹ ਹਾਲਤ ਕਿਸੇ ਵੀ ਤਰਾਂ ਨਾਲ ਮਾਨਵ ਜਾਤ ਦੀ ਉੱਤਮਤਾ ਦੀ ਮਿਸਾਲ ਨਹੀਂ ਸਗੋਂ ਉਸ ਦੇ ਖ਼ੁਦ ਦੇ ਖ਼ਤਮ ਹੋਣ ਦੇ ਮੁਢਲੇ ਸੰਕੇਤ ਹਨ। ਮਨੁੱਖੀ ਭਵਿੱਖ ਦੀ ਚਿੰਤਾ ਰੱਖਣ ਵਾਲੇ ਵਿਗਿਆਨੀ ਅਤੇ ਸਮਾਜ ਸ਼ਾਸਤਰੀ ਲਗਾਤਾਰ ਚਿਤਾਵਨੀਆਂ ਦੇ ਰਹੇ ਹਨ ਕਿ ਜੇ ਵਾਤਾਵਰਨਕ ਵਿਗਾੜ ਨੂੰ ਠੱਲ ਨਾ ਪਾਈ ਤਾਂ ਹੜ, ਸੋਕਾ, ਤੂਫ਼ਾਨ ਨਾਲ ਪੈਦਾ ਹੋਏ ਅਕਾਲ ਅਤੇ ਹੋਰ ਮਹਾਮਾਰੀਆਂ ਧਰਤੀ ਉਪਰ ਮਨੁੱਖੀ ਜੀਵਨ ਨੂੰ ਖ਼ਤਮ ਕਰ ਦੇਣਗੀਆਂ। ਇਸ ਹਾਲਤ ਵਿਚ ਪ੍ਰਸ਼ਨ ਉੱਠਦਾ ਹੈ ਕਿ ਆਖ਼ਿਰ ਇਸ ਮਾਨਵ ਸਿਰਜਤ ਮਹਾਕਾਲਕ ਤਬਾਹੀ ਤੋਂ ਮਨੁੱਖ ਕਿਵੇਂ ਬਚ ਸਕਦਾ ਹੈ?

ਇਸ ਹਾਲਤ ਵਿਚੋਂ ਨਿਕਲਣ ਲਈ ਸਭ ਵਿਗਿਆਨੀ ਇਕ ਮੱਤ ਹਨ ਕਿ ਵਾਤਾਵਰਨ ਦਾ ਵਿਗਾੜ ਮਨੁੱਖ ਦੀ ਲਾਲਚੀ ਪ੍ਰਵਿਰਤੀ, ਖ਼ਾਸ ਕਰ ਕੇ ਮਾਇਆ ਆਧਾਰਿਤ ਕਾਰਪੋਰੇਟੀ ਜੀਵਨ ਜਾਚ ਨੇ ਪੈਦਾ ਕੀਤਾ ਹੈ। ਇਸ ਤੋਂ ਛੁਟਕਾਰਾ ਵੀ ਜੀਵਨ ਜਾਚ ਬਦਲ ਕੇ ਹੀ ਮਿਲ ਸਕੇਗਾ। ਇਸ ਪ੍ਰਸੰਗ ਵਿਚ ਜਦੋਂ ਅਸੀਂ ਆਪਣੀ ਪ੍ਰੰਪਰਾ ਵੱਲ ਪਰਤਦੇ ਹਾਂ ਤਾਂ ਸਭ ਤੋਂ ਪਹਿਲਾਂ ਸਾਡਾ ਧਿਆਨ ਗੁਰੂ ਨਾਨਕ ਬਾਣੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵੱਲ ਜਾਂਦਾ ਹੈ ਜਿਸ ਨੇ ਨਾ ਕੇਵਲ ਮਨੁੱਖ ਅਤੇ ਕੁਦਰਤ ਦੇ ਰਿਸ਼ਤੇ ਨੂੰ ਹੀ ਬੜੇ ਖ਼ੂਬਸੂਰਤ ਢੰਗ ਨਾਲ ਪ੍ਰਗਟਾਇਆ ਹੈ ਸਗੋਂ ਸਹਿਜ ਅਨੰਦ ਦਾ ਜੀਵਨ ਮਾਰਗ ਵੀ ਦ੍ਰਿੜਾਇਆ ਹੈ। ਗੁਰੂ ਨਾਨਕ ਜੀ ਦੇ ਜਪੁਜੀ ਸਾਹਿਬ ਵਿਚ ਗੁਰੂ ਵਾਕ ਹਨ:

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥**
**ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥**



**ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥**
**ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥**
**ਜਿਨਿ ਨਾਮੁ ਧਿਆਇਆ ਗਏ ਮਸਕਤਿ ਘਾਲਿ॥**
**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥**

ਗੁਰੂ ਨਾਨਕ ਜੀਨੇ ਪੌਣ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਂ ਆਖਿਆ ਹੈ। ਇਹ ਤਿੰਨੇ ਮੂਲ ਤੱਤ ਮਨੁੱਖ ਦੇ ਹੋਂਦ ਵਿਚ ਆਉਣ ਦੇ ਆਧਾਰ ਹਨ। ਪੌਣ ਬਿਨਾਂ ਸਾਹ ਲੈਣਾ ਹੀ ਸੰਭਵ ਨਹੀਂ ਅਤੇ ਪਾਣੀ ਬਗ਼ੈਰ ਸਾਡੀ ਹੋਂਦ ਹੀ ਸੰਭਵ ਨਹੀਂ ਪਰ ਜੀਵਨ ਧਰਤੀ ਉੱਤੇ ਧਰਤੀ ਵਿਚੋਂ ਉਪਜੀਆਂ ਨਿਆਮਤਾਂ ਖਾ ਕੇ ਹੀ ਜਿਊਂਦਾ ਰਹਿੰਦਾ ਹੈ। ਇਹ ਸਾਰੀ ਪ੍ਰਕਿਰਿਆ ਦਿਨ ਰਾਤ ਚੱਲਦੀ ਹੈ ਜੋ ਕੁਦਰਤ ਦੇ ਅਟੱਲ ਹੁਕਮ ਵਿਚ ਬੱਝੀ ਹੋਈ ਹੈ। ਗੁਰੂ ਜੀ ਨੇ ਦਿਨ ਰਾਤ ਨੂੰ ਦਾਈ ਜਾਂ ਖਿਡਾਵੀ ਦੇ ਰੂਪ ਵਿਚ ਦਰਸਾਇਆ ਹੈ ਜੋ ਜੀਵਨ ਨੂੰ ਪਾਲਦੀ ਹੈ।

ਅਸਲ ਵਿਚ ਅੱਜ ਜਦੋਂ ਅਸੀਂ ਵਾਤਾਵਰਨ ਦੇ ਵਿਗਾੜ ਦੀ ਗੱਲ ਕਰਦੇ ਹਾਂ ਤਾਂ ਪਹਿਲੀ ਪੰਕਤੀ ਨੂੰ ਤਾਂ ਬਹੁਤ ਦੁਹਰਾ ਦਿੰਦੇ ਹਾਂ ਪਰ ਅਸਲ ਗੱਲ ਤਾਂ ਉਸ ਤੋਂ ਅੱਗੇ ਸ਼ੁਰੂ ਹੁੰਦੀ ਹੈ। ਜੇ ਇਨਾਂ ਤਿੰਨਾਂ ਮੂਲ, ਭਾਵ ਮਾਂ ਪਿਓ ਤੇ ਗੁਰੂ ਵਰਗੇ ਤੱਤਾਂ, ਧਰਤੀ ਪਾਣੀ ਤੇ ਪੌਣ ਵਿਚ ਵਿਗਾੜ ਪੈ ਰਿਹਾ ਹੈ ਤਾਂ ਉਸ ਦਾ ਹੱਲ ਕੀ ਹੋਵੇ?

ਜੇ ਇਸ ਤੋਂ ਅਗਲੀਆਂ ਪੰਕਤੀਆਂ ਪੜੀਏ ਤਾਂ ਦੋ ਸ਼ਬਦ ਆਉਂਦੇ ਹਨ, ਚੰਗਿਆਈਆਂ ਤੇ ਬੁਰਿਆਈਆਂ ਜਿਹੜੀਆਂ ਆਖ਼ਰੀ ਕਚਹਿਰੀ ਵਿਚ ਵਿਚਾਰੀਆਂ ਜਾਣੀਆਂ ਹਨ। ਆਖਿਰ ਇਹ ਸਾਡੇ ਸੋਚਣ ਦਾ ਮਸਲਾ ਹੈ ਕਿ ਚੰਗਾ ਕੀ ਹੈ ਤੇ ਬੁਰਾ ਕੀ ਹੈ? ਤੇ ਫੈਸਲਾ ਵੀ ਚੰਗੇ ਬੁਰੇ ਦੇ ਨਿਖੇੜੇ ਅਤੇ ਕੀਤੇ ਕਰਮਾਂ ਦੇ ਆਧਾਰ ਤੇ ਹੋਣਾ ਹੈ। ਲੋੜ ਇਸ ਗੱਲ ਦੀ ਹੈ ਕਿ ਅੱਜ ਵਿਚਾਰਿਆ ਜਾਵੇ ਕਿ ਜੇ ਅੱਜ ਅਸੀਂ ਅਧਿਆਤਮਿਕ ਪੰਕਤੀਆਂ ਦੇ ਦੁਨਿਆਵੀ ਪ੍ਰਸੰਗ ਵਿਚਾਰੀਏ ਤਾਂ ਸਪੱਸ਼ਟ ਦਿਸਦਾ ਹੈ ਕਿ ਉਹ ਕੌਣ ਹਨ ਜਿਹੜੇ ਮੁਨਾਫੇ ਦੀ ਅੰਨੀ ਹਿਰਸ ਵਿਚ ਸਾਡੀ ਮਿੱਟੀ ਪਲੀਤ ਕਰ/ਕਰਵਾ ਰਹੇ ਹਨ? ਪਾਣੀ ਨੂੰ ਗੰਧਲਾ ਕਰ ਰਹੇ ਹਨ ਅਤੇ ਪੌਣਾਂ ਨੂੰ ਦਮ ਘੋਟੂ ਬਣਾ ਰਹੇ ਹਨ। ਜੇ ਸੱਚੇ ਦਰਬਾਰ ਵਿਚ ਉਜਲਾ ਮੁੱਖ ਚਾਹੁੰਦੇ ਹਾਂ ਤਾਂ ਉਸ ਲਈ ਚੰਗੇ ਕਰਮ ਕਰਨ ਦੀ ਮਿਹਨਤ ਵੀ ਕਰਨੀ ਪੈਣੀ ਹੈ।

**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥**
**ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥੧॥**
**ਕੈਸੀ ਆਰਤੀ ਹੋਇ॥ ਭਵ ਖੰਡਨਾ ਤੇਰੀ ਆਰਤੀ॥**
**ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ॥**
**ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ॥**
**ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥੨॥**
**ਸਭ ਮਹਿ ਜੋਤਿ ਜੋਤਿ ਹੈ ਸੋਇ॥**
**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥**
**ਗੁਰ ਸਾਖੀ ਜੋਤਿ ਪਰਗਟੁ ਹੋਇ॥**
**ਜੋ ਤਿਸੁ ਭਾਵੈ ਸੁ ਆਰਤੀ ਹੋਇ॥੩॥**
**ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ॥**
**ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ॥**

ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਪ੍ਰਚੱਲਤ ਧਾਰਮਿਕ ਪੂਜਾ ਅਰਚਨਾ ਦੀਆਂ ਵਿਧੀਆਂ ਦਾ ਨਿਖੇਧ ਵੀ ਕੀਤਾ ਅਤੇ ਉਨਾਂ ਦੇ ਅਸਲ ਅਰਥ ਵੀ ਸਮਝਾਏ। ਇਸ ਦੇ ਨਾਲ ਹੀ ਉਨਾਂ ਨੇ ਕਾਦਰ ਦੀ ਵਿਰਾਟ ਰਚਨਾ ਕੁਦਰਤ ਦਾ ਮਹਿਮਾ ਗਾਣ ਕੀਤਾ ਅਤੇ ਉਸ ਦੇ ਵਿਸਮਾਦੀ ਰੂਪ ਨੂੰ ਖ਼ੂਬਸੂਰਤ ਰੂਪ ਵਿਚ ਚਿਤਰਿਆ। ਉਨਾਂ ਆਕਾਸ਼ ਨੂੰ ਥਾਲ, ਸੂਰਜ ਚੰਦ ਨੂੰ ਦੀਵੇ, ਤਾਰਿਆਂ ਨੂੰ ਮੋਤੀ, ਪਹਾੜ ਤੋਂ ਆਉਣ ਵਾਲੀ ਹਵਾ ਨੂੰ ਸਾਰੀ ਬਨਸਪਤੀ ਨੂੰ ਧੂਫ ਵਰਗੀ ਸੁਗੰਧ ਦੇਣ ਵਾਲੀ ਆਖਿਆ।

ਬਾਕੀ ਸਫ਼ਾ 27 'ਤੇ

# ਵਾਤਾਵਰਣ ਦੀ ਸੰਭਾਲ ਸਾਡੀ ਸਭਨਾਂ ਦੀ ਜ਼ਿੰਮੇਵਾਰੀ

ਡਾ. ਰਣਜੀਤ ਸਿੰਘ

ਅਜੋਕੇ ਗਿਆਨ ਵਿਗਿਆਨ ਦੇ ਯੁੱਗ ਵਿੱਚ ਅਸੀਂ ਪਵਨ, ਪਾਣੀ ਅਤੇ ਧਰਤੀ ਦੀ ਸੰਭਾਲ ਕਰਨੀ ਭੁੱਲ ਗਏ ਹਾਂ। ਇਨਾਂ ਦੀ ਪਵਿੱਤਰਤਾ ਕਾਇਮ ਰੱਖਣ ਲਈ ਯਤਨ ਕਰਨ ਦੀ ਥਾਂ ਇਨਾਂ ਨੂੰ ਮਲੀਨ ਕਰਨ ਲਈ ਯਤਨ ਕੀਤੇ ਜਾ ਰਹੇ ਹਨ। ਪੰਜਾਬ ਦੀ ਹਵਾ ਅਪਵਿੱਤਰ ਹੋ ਚੁੱਕੀ ਹੈ। ਸ਼ਾਮ ਪੈਂਦਿਆਂ ਸਾਰੇ ਪੰਜਾਬ, ਵਿਸ਼ੇਸ਼ ਕਰਕੇ ਵੱਡੇ ਸ਼ਹਿਰਾਂ ਅੰਦਰ ਧੂੰਏਂ ਦੀ ਪਰਤ ਫ਼ੈਲ ਜਾਂਦੀ ਹੈ। ਰਾਤ ਪੈਣ ਤੋਂ ਪਹਿਲਾਂ ਹੀ ਸਾਰੇ ਪਾਸੇ ਹਨੇਰਾ ਪਸਰ ਜਾਂਦਾ ਹੈ। ਇਸ ਦਾ ਮੁੱਖ ਕਾਰਨ ਵਾਤਾਵਰਣ ਵਿੱਚ ਵਧ ਰਿਹਾ ਪ੍ਰਦੂਸ਼ਣ ਹੈ। ਪਹਿਲਾਂ ਪਿੰਡਾਂ ਨੂੰ ਇਸ ਤੋਂ ਮੁਕਤ ਸਮਝਿਆ ਜਾਂਦਾ ਸੀ ਪਰ ਹੁਣ ਪਿੰਡ ਵੀ ਇਸ ਦੀ ਲਪੇਟ ਵਿੱਚ ਆ ਗਏ ਹਨ। ਮਸ਼ੀਨਾਂ ਨਾਲ ਕਣਕ ਅਤੇ ਝੋਨੇ ਦੀ ਕੱਟੀ ਫ਼ਸਲ ਦੇ ਖੇਤਾਂ ਵਿਚ ਖੜੇ ਨਾੜ ਨੂੰ ਕਿਸਾਨ ਅੱਗ ਲਾਉਂਦੇ ਹਨ, ਜਿਸ ਨਾਲ ਹਰ ਪਾਸੇ ਧੂੰਆਂ ਹੀ ਧੂੰਆਂ ਫ਼ੈਲ ਜਾਂਦਾ ਹੈ। ਫ਼ਸਲਾਂ ਉਤੇ ਹੋ ਰਹੀ ਅੰਨੇਵਾਹ ਰਸਾਇਣਾਂ ਦੀ ਵਰਤੋਂ ਨੇ ਪਾਣੀ ਹੀ ਨਹੀਂ ਸਗੋਂ ਖੇਤੀ ਉਪਜ ਨੂੰ ਵੀ ਜ਼ਹਿਰੀਲਾ ਬਣਾ ਦਿੱਤਾ ਹੈ। ਸਾਰੀ ਧਰਤੀ ਵਾਹੀ ਹੇਠ ਆਉਣ ਨਾਲ ਰੁੱਖਾਂ ਦਾ ਘਾਤ ਹੋਇਆ ਹੈ। ਰੁੱਖ ਵਾਤਾਵਰਣ ਨੂੰ ਸਾਫ਼ ਰੱਖਣ ਵਿਚ ਸਭ ਤੋਂ ਵਧ ਸਹਾਇਤਾ ਕਰਦੇ ਹਨ। ਇਸ ਦਾ ਅਸਰ ਮੌਸਮ ਉਤੇ ਵੀ ਪਿਆ ਹੈ। ਸਰਦੀ ਅਤੇ ਗਰਮੀ ਦਾ ਮੌਸਮ ਬਦਲਿਆ ਹੈ। ਸਾਉਣ ਦੇ ਮਹੀਨੇ ਹੁਣ ਮੀਂਹ ਦੀ ਝੜੀ ਨਹੀਂ ਲਗਦੀ, ਨਾ ਹੀ ਜੇਠ ਹਾੜ ਵਿੱਚ ਤੱਤੀਆਂ ਲੂਆਂ ਚਲਦੀਆਂ ਹਨ ।ਧਰਤੀ ਹੇਠਲਾ ਪਾਣੀ ਦੂਰ ਹੁੰਦਾ ਜਾ ਰਿਹਾ ਹੈ ।ਕੁਦਰਤ ਨਾਲ ਖਿਲਵਾੜ ਕਰਕੇ ਮਨੁੱਖ ਆਪਣੇ ਹੱਥੀਂ ਆਪਣੇ ਪੈਰੀਂ ਕੁਹਾੜਾ ਮਾਰ ਰਿਹਾ ਹੈ।ਦੋਸਤ ਕੀੜੇ ਮਕੌੜੇ ਅਤੇ ਪੰਛੀਆਂ ਨੂੰ ਅਸੀਂ ਖ਼ਤਮ ਕਰ ਰਹੇ ਹਾਂ।

ਪਿਛਲੇ ਕੁਝ ਸਾਲਾਂ ਤੋਂ ਵਾਤਾਵਰਣ ਦੇ ਪ੍ਰਦੂਸ਼ਣ ਵਿੱਚ ਬੜੀ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ ਜਿਸ ਲਈ ਅਸੀਂ ਸਾਰੇ ਜ਼ਿੰਮੇਵਾਰ ਹਾਂ ਪਰ ਸਾਡੇ ਵਿਚੋਂ ਬਹੁਤਿਆਂ ਨੂੰ ਇਸ ਦਾ ਅਹਿਸਾਸ ਨਹੀਂ ਸਗੋਂ ਸਰਕਾਰ ਨੂੰ ਇਸ ਲਈ ਜ਼ਿੰਮੇਵਾਰ ਮੰਨਦੇ ਹਾਂ। ਇਥੇ ਰਿਸ਼ਵਤ ਦੇ ਕੇ ਕਿਸੇ ਕਾਇਦੇ ਕਾਨੂੰਨ ਨੂੰ ਤੋੜਨਾ ਔਖਾ ਨਹੀਂ ਹੈ ਦੇਸ਼ ਜਾਂ ਸੂਬੇ ਦੇ ਭਲੇ ਬਾਰੇ ਸੋਚਣਾ ਤਾਂ ਦੂਰ ਦੀ ਗਲ ਰਹੀ ਅਸੀਂ ਤਾਂ ਕਦੇ ਆਪਣੇ ਗੁਆਂਢੀ ਜਾਂ ਮੁਹੱਲੇ ਬਾਰੇ ਵੀ ਨਹੀਂ ਸੋਚਦੇ। ਘਰ ਦੀ ਸਫਾਈ ਕਰਕੇ ਕੂੜਾ ਗਲੀ ਵਿਚ ਸੁੱਟਣ ਦਾ ਆਮ ਰਿਵਾਜ ਹੈ। ਕਾਰਖਾਨਿਆਂ ਦੇ ਮਾਲਕ ਪੜੇ-ਲਿਖੇ ਅਤੇ ਅਮੀਰ ਵਿਅਕਤੀ ਹੀ ਹੁੰਦੇ ਹਨ ।ਉਹ ਆਪਣੇ ਆਪ ਨੂੰ ਦੇਸ਼ ਦੇ ਜ਼ਿੰਮੇਵਾਰ ਸ਼ਹਿਰੀ ਸਮਝਦੇ ਹਨ ਪਰ ਪ੍ਰਦੂਸ਼ਣ ਨੂੰ ਰੋਕਣ ਲਈ ਯਤਨ ਨਹੀਂ ਕਰਦੇ। ਉਨਾਂ ਦੇ ਕਾਰਖਾਨੇ ਸਭ ਤੋਂ ਵਧ ਹਵਾ ਅਤੇ ਪਾਣੀ ਨੂੰ ਗੰਧਲਾ ਕਰਦੇ ਹਨ। ਬੱਸਾਂ ਤੇ ਟਰੱਕਾਂ ਦੇ ਮਾਲਿਕ ਵੀ ਸੁਲਝੇ ਹੋਏ ਲੋਕ ਹੁੰਦੇ ਪਰ ਉਹ ਵੀ ਇਸ ਪਾਸੇ ਧਿਆਨ ਨਹੀਂ ਦਿੰਦੇ। ਹਵਾ, ਪਾਣੀ ਅਤੇ ਧਰਤੀ ਦਾ ਪ੍ਰਦੂਸ਼ਣ ਜਿਸ ਤਰਾਂ ਵੱਧ ਰਿਹਾ ਹੈ ਉਸ ਨੂੰ ਵੇਖਦਿਆਂ ਇਹ ਆਖਿਆ ਜਾ ਸਕਦਾ ਹੈ ਕਿ ਅਗਲੇ ਦਹਾਕੇ ਪਿਛੋਂ ਪੀਣ ਲਈ ਸਾਫ ਪਾਣੀ ਅਤੇ ਸਾਹ ਲੈਣ ਲਈ ਸਾਫ਼ ਹਵਾ ਦਾ ਮਿਲਣਾ ਮੁਸ਼ਕਿਲ ਹੋ ਜਾਵੇਗਾ। ਧਰਤੀ ਵਿਚੋਂ ਅੰਨ ਉਪਜਦਾ ਹੈ। ਸਾਰੇ ਜੀਵਾਂ ਨੂੰ ਖੁਰਾਕ ਮਿਲਦੀ ਹੈ। ਇੰਜ ਸਾਡਾ ਭੋਜਨ ਵੀ ਪ੍ਰਦੂਸ਼ਿਤ ਹੋ ਰਿਹਾ ਹੈ।ਭੋ ਜਨ, ਹਵਾ ਅਤੇ ਪਾਣੀ ਵਿਚ ਜ਼ਹਿਰ ਹੋਣ ਨਾਲ ਬਹੁਗਿਣਤੀ ਲੋਕਾਂ ਨੂੰ ਅਨੇਕਾਂ ਬਿਮਾਰੀਆਂ ਲਗ ਜਾਣਗੀਆਂ ਜਿਹੜੀਆਂ ਮਹਾਂਮਾਰੀ ਦਾ ਰੂਪ ਧਾਰਨ ਕਰ ਸਕਦੀਆਂ ਹਨ। ਪ੍ਰਦੂਸ਼ਣ ਦੀ ਸਮੱਸਿਆ ਦੀ ਗੰਭੀਰਤਾ ਨੂੰ ਵੇਖਦਿਆਂ ਹੋਇਆਂ ਇਸ ਦੀ ਰੋਕਥਾਮ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਰੋਕਥਾਮ ਦੇ ਦੋ ਪੱਖ ਹਨ: ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਅਤੇ ਲੋਕਾਂ ਨੂੰ ਆਪਣੀ ਜ਼ਿੰਮੇਵਾਰੀ ਪ੍ਰਤੀ ਜਾਗਰੂਕ ਕਰਨਾ। ਪ੍ਰਦੂਸ਼ਣ ਸਬੰਧੀ ਕਾਨੂੰਨ ਬਣਾਏ ਗਏ ਹਨ ਜਿਨਾਂ ਉਤੇ ਅਮਲ ਕਰਵਾਉਣ ਲਈ ਪ੍ਰਦੂਸ਼ਣ ਕੰਟਰੋਲ ਬੋਰਡ ਜ਼ਿੰਮੇਵਾਰ ਹੈ। ਬੋਰਡ ਦੇ ਅਧਿਕਾਰੀਆਂ ਨੂੰ ਕਾਨੂੰਨ ਦੀ ਸਖ਼ਤੀ ਨਾਲ ਪਾਲਣਾ ਕਰਵਾਉਣੀ ਚਾਹੀਦੀ ਹੈ।ਸਾਡੇ ਆਗੂਆਂ ਨੂੰ ਇਸ ਮਾਮਲੇ ਵਿਚ ਦਖਲ ਅੰਦਾਜ਼ੀ ਨਹੀਂ ਕਰਨੀ ਚਾਹੀਦੀ।ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਸਨਅਤਕਾਰਾਂ ਤੋਂ ਚੋਣਾਂ ਲਈ ਫ਼ੰਡ ਲੈਂਦੇ ਹਨ, ਪਰ ਉਹ ਲੋਕਾਈ ਦੀਆਂ ਜਾਨਾਂ ਨਾਲ ਵੀ ਨਹੀਂ ਖੇਡ ਸਕਦੇ।ਆਖਿਰ ਉਨਾਂ ਵੀ ਸਾਹ ਇਸੇ ਹਵਾ ਵਿੱਚ ਲੈਣਾ ਅਤੇ ਪਾਣੀ ਵੀ ਇਥੋਂ ਹੀ ਪੀਣਾ ਹੈ।ਰੁੱਖ ਮਨੁੱਖ ਦੇ ਸਭ ਤੋਂ ਚੰਗੇ ਮਿੱਤਰ ਹਨ। ਉਹ ਪ੍ਰਦੂਸ਼ਣ ਨੂੰ ਰੋਕਣ ਵਿਚ ਚੋਖੀ ਸਹਾਇਤਾ ਕਰਦੇ ਹਨ। ਅਜੇ ਵੀ ਬਹੁਤ ਸਾਰੀਆਂ ਪੰਚਾਇਤਾਂ ਕੋਲ ਧਰਤੀ ਹੈ। ਇਸ ਧਰਤੀ ਉਤੇ ਪੌਦੇ ਲਾਉਣਾ ਪੰਚਾਇਤ ਲਈ ਲਾਜ਼ਮੀ ਕਰ ਦੇਣਾ ਚਾਹੀਦਾ ਹੈ। ਸਕੂਲਾਂ, ਕਾਲਿਜਾਂ ਦੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਕਿ ਹਰ ਵਿਦਿਆਰਥੀ ਘੱਟੋ-ਘੱਟ ਇਕ ਪੌਦਾ ਲਾਵੇ ਅਤੇ ਉਸ ਦੀ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਵੀ ਉਸੇ ਦੀ ਹੋਵੇ। ਸਵੈ ਸੇਵੀ ਸੰਸਥਾਵਾਂ ਨੂੰ ਵੀ ਰੁੱਖ ਲਗਾਉ ਮੁਹਿੰਮਾਂ ਚਲਾਉਣੀਆਂ ਚਾਹੀਦੀਆਂ ਹਨ। ਪ੍ਰਚਾਰ ਦੇ ਹਰ ਢੰਗ ਤਰੀਕੇ ਦੀ ਵਰਤੋਂ ਲੋਕਾਂ ਨੂੰ ਪ੍ਰਦੂਸ਼ਣ ਦੇ ਖ਼ਤਰੇ ਸਬੰਧੀ ਜਾਗਰੂਕ ਕਰਨ ਲਈ ਕਰਨੀ ਚਾਹੀਦੀ ਹੈ। ਰੇਡੀਓ, ਟੈਲੀਵਿਜਨ ਅਤੇ ਅਖ਼ਬਾਰਾਂ ਨੂੰ ਇਸ ਸੰਬੰਧੀ ਲਗਾਤਾਰਤਾ ਨਾਲ ਜਾਣਕਾਰੀ ਦਿੰਦੇ ਰਹਿਣਾ ਚਾਹੀਦਾ ਹੈ। ਸਰਕਾਰ ਨੂੰ ਵਧੀਆ ਸਾਹਿਤ, ਫ਼ਿਲਮਾਂ, ਪੋਸਟਰ ਆਦਿ ਬਣਾ ਕੇ ਇਸ ਪ੍ਰਚਾਰ ਨੂੰ ਤੇਜ਼ ਕਰਨਾ ਚਾਹੀਦਾ ਹੈ। ਆਪਣੇ ਚੌਗਿਰਦੇ ਦੀ ਸਫ਼ਾਈ ਲਈ ਕੇਵਲ ਕਮੇਟੀ ਉਤੇ ਨਿਰਭਰ ਨਹੀਂ ਹੋਣਾ ਚਾਹੀਦਾ ਸਗੋਂ ਮੁਹੱਲੇ ਵਾਲਿਆਂ ਨੂੰ ਆਪ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਅਸਲ ਵਿੱਚ ਪਾਣੀ ਅਤੇ ਚੌਗਿਰਦੇ ਦੀ ਸਫ਼ਾਈ ਲਈ ਕਾਰ ਸੇਵਾ ਦੀ ਲੋੜ ਹੈ।

## ਵਾਤਾਵਰਨ

ਗਗਨਦੀਪ ਕੌਰ

ਚੰਗੇ ਲੈ ਕੇ ਆਈਏ ਮਨ ਵਿੱਚ ਖਿਆਲ,
ਆਓ ਵਾਤਾਵਰਨ ਦੀ ਕਰੀਏ ਸੰਭਾਲ ।
ਚਾਰੇ ਪਾਸੇ ਹਰਿਆਵਲ ਲਿਆਈਏ,
ਆਓ ਸਾਰੇ ਰਲ ਵਾਤਾਵਰਨ ਬਚਾਈਏ ।

ਪੰਛੀ ਜਨੌਰ ਉਡਾਰੀ ਲਾਉਣ,
ਸਭ ਦੇ ਮਨ ਨੂੰ ਭਾਉਣ ।
ਜ਼ਿੰਦਗੀ 'ਚ ਇੱਕ-ਦੋ ਰੁੱਖ ਲਗਾਈਏ,
ਆਓ ਸਾਰੇ ਰਲ ਵਾਤਾਵਰਨ ਬਚਾਈਏ ।

ਰੱਬ ਨੇ ਦਿੱਤੇ ਤੋਹਫ਼ੇ ਮਿੱਟੀ, ਹਵਾ ਤੇ ਪਾਣੀ,
ਫਿਰ ਬਰਬਾਦ ਕਿਉਂ ਕਰੇ ਪ੍ਰਾਣੀ ।
ਪ੍ਰਦੂਸ਼ਣ ਆਪਾਂ ਦੂਰ ਭਜਾਈਏ,
ਆਓ ਸਾਰੇ ਰਲ ਵਾਤਾਵਰਨ ਬਚਾਈਏ ।

ਰੁੱਖ ਸਾਨੂੰ ਠੰਡੀਆਂ ਛਾਵਾਂ ਦਿੰਦੇ ,
ਜਿੰਨਾਂ ਉੱਤੇ ਘਰ ਬਣਾਉਣ ਪਰਿੰਦੇ ।
ਪੰਛੀਆਂ ਤੇ ਰੁੱਖਾਂ ਦੀ ਹੋਂਦ ਬਚਾਈਏ,
ਆਓ ਸਾਰੇ ਰਲ ਵਾਤਾਵਰਨ ਬਚਾਈਏ ।

ਸ਼ੁੱਧ ਹਵਾ ਵਿੱਚ ਫੁੱਲ ਮੁਸਕਰਾਉਣ,
ਹਰ ਇੱਕ ਦੇ ਦਿਲ ਨੂੰ ਭਾਉਣ ।
ਫ਼ਲ ਤੇ ਫ਼ੁੱਲ ਦਾ ਜੀਵਨ ਬਚਾਈਏ,
ਗਗਨ ਆਓ ਸਾਰੇ ਰਲ ਵਾਤਾਵਰਨ ਬਚਾਈਏ ।

# ਵਾਤਾਵਰਨ ਦਾ ਘਾਣ ਤੇ ਕੁਦਰਤੀ ਆਫਤਾਂ

### ਡਾਕਟਰ ਮੋਹਨ ਸਿੰਘ

ਧਰਤੀ ਦੀ ਅਤੇ ਆਸ-ਪਾਸ ਵਾਤਾਵਰਨ ਦੀ ਮੌਜੂਦਾ ਸਥਿਤੀ ਸਾਨੂੰ ਸੋਚਣ ਨੂੰ ਮਜਬੂਰ ਕਰਦੀ ਹੈ ਕਿ ਕੁਝ ਨਾ ਕੁਝ ਤਾਂ ਅਸੀਂ ਗ਼ਲਤ ਜ਼ਰੂਰ ਕੀਤਾ ਹੈ ਅਤੇ ਗ਼ਲਤ ਕਰੀ ਵੀ ਜਾ ਰਹੇ ਹਾਂ। ਕਿਸੇ ਕੁਦਰਤੀ ਆਫ਼ਤ ਦੇ ਦੌਰਾਨ ਅਸੀਂ ਬੜੇ ਚੌਕਸ ਤੇ ਫ਼ਿਕਰਮੰਦ ਹੁੰਦੇ ਹਾਂ, ਤੇ ਅਸੀਂ ਸਾਰੇ ਇਹੀ ਆਸ ਕਰ ਲੈਂਦੇ ਹਾਂ ਕਿ ਹੁਣ ਤੋਂ ਬਾਅਦ ਮਨੁੱਖ ਜ਼ਰੂਰ ਬਦਲੇਗਾ, ਸਭ ਕੁਝ ਜ਼ਰੂਰ ਬਦਲੇਗਾ,ਪਰ ਮੁੜ ਫਿਰ ਅਸੀਂ ਅਵੇਸਲੇ, ਸੁਸਤ ਤੇ ਘੋਗਲਕੰਨੇ ਹੋ ਜਾਂਦੇ ਹਾਂ। ਉਂਜ ਕੁਦਰਤੀ ਆਫ਼ਤ ਨਹੀ ਕਹਿਣਾ ਚਾਹੀਦਾ ਕਿਉਂਕਿ ਕੁਦਰਤ ਮਨੁੱਖ ਲਈ ਆਫ਼ਤਾਂ ਨਹੀਂ ਘੜਦੀ, ਕਿਤੇ ਨਾ ਕਿਤੇ ਮਨੁੱਖ ਦਾ ਹੀ ਕਸੂਰ ਹੁੰਦਾ ਹੈ। ਚਲੋ ਮੰਨ ਲੈਂਦੇ ਹਾਂ ਕਿ ਮਨੁੱਖ ਨੇ ਅੰਤਾਂ ਦੀ ਖੋਜ ਕਰ ਲਈ, ਬਹੁਤ ਤਰੱਕੀ ਕਰ ਲਈ ਅਤੇ ਕਰੀ ਵੀ ਜਾ ਰਿਹਾ ਹੈ, ਪਰ ਜ਼ਰਾ ਸੋਚੋ ਕਿ ਸਾਡੇ ਪਾਣੀ ਦੇ ਸੋਮਿਆਂ ਦਾ ਕੀ ਹਾਲ ਹੈ, ਸਾਡੇ ਕੋਲ ਪੀਣਯੋਗ ਪਾਣੀ ਦੇ ਸੋਮੇ ਕਿੰਨੇ ਕੁ ਬਚੇ ਨੇ, ਕੀ ਪੀਣ ਵਾਲਾ ਪਾਣੀ ਪੀਣਯੋਗ ਹੈ, ਕੀ ਸਾਡੇ ਦਰਿਆ ਸਾਫ਼-ਸੁਥਰੇ ਨੇ, ਕੀ ਹਵਾ ਸਾਹ ਲੈਣ ਲਈ ਸਾਫ਼-ਸੁਥਰੀ ਹੈ, ਕੀ ਮਨੁੱਖ ਨੂੰ ਕਦਰਾਂ-ਕੀਮਤਾਂ ਯਾਦ ਨੇ, ਕੀ ਸੱਚਮੁੱਚ ਅਸੀਂ ਵਿਨਾਸ਼ ਦੇ ਰਾਹ ਤੇ ਤਾਂ ਨਹੀਂ ਤੁਰ ਪਏ, ਘਰਾਂ ਵਿਚ ਕੁੱਤ-ਕਲੇਸ਼ ਕਿਉਂ ਰਹਿੰਦੇ ਨੇ, ਇਨਾਂ ਗੱਲਾਂ ਦਾ ਜਵਾਬ ਮਨੁੱਖ ਨੂੰ ਆਪਣੇ ਆਪ ਕੋਲੋਂ ਪੁੱਛਣਾ ਪਵੇਗਾ। ਸਾਨੂੰ ਇਸ ਕੌੜੇ ਸੱਚ ਨੂੰ ਕਬੂਲ ਕਰ ਲੈਣਾ ਚਾਹੀਦਾ ਹੈ, ਕਿ ਜਿਸ ਨੂੰ ਅਸੀਂ ਤਰੱਕੀਆਂ ਸਮਝੀ ਬੈਠੇ ਹਾਂ ਅਸਲ ਵਿਚ ਉਹ ਸਭ ਉਜਾੜਾ ਹੀ ਹੈ। ਆਪਣੇ ਭਵਿੱਖ ਵੱਲ ਵੇਖੀਏ ਤਾਂ ਤਬਾਹੀ ਲੁਕ-ਲੁਕ ਕੇ ਝਾਤੀਆਂ ਮਾਰ ਰਹੀ ਹੈ, ਉਂਝ ਉਹ ਐਨੀ ਦੂਰ ਵੀ ਨਹੀਂ। ਜਦੋਂ ਸਾਡੀ ਧਰਤੀ ਉੱਜੜ ਗਈ, ਜਦੋਂ ਸਾਡਾ ਪਾਣੀ ਮੁੱਕ ਗਿਆ, ਜਦੋਂ ਹਰ ਸ਼ੈਅ ਜ਼ਹਿਰੀ ਹੋ ਗਈ, ਜਦੋਂ ਬੰਦੇ ਦਾ ਬੰਦੇ ਤੋਂ ਪੂਰੀ ਤਰਾਂ ਵਿਸ਼ਵਾਸ ਉੱਠ ਗਿਆ ਤਾਂ ਉਸ ਵਕਤ ਅਸੀਂ ਆਪਣੇ ਹੱਥਾਂ ਨੂੰ ਦੰਦੀਆਂ ਵੱਢਾਂਗੇ। ਜੇ ਅੱਜ ਸੰਭਲ ਗਏ ਤਾਂ ਸ਼ਾਇਦ ਕੁਝ ਬਚ ਜਾਵੇ ਨਹੀਂ ਤਾਂ ਕੇਵਲ ਪਛਤਾਵਾਂਗੇ ਹੀ, ਇੱਦਾਂ ਦੇ ਕੰਮ ਨਾ ਹੀ ਕਰੀਏ ਜਿਨਾਂ ਨਾਲ ਸਾਨੂੰ ਅੰਤ ਨੂੰ ਪਛਤਾਉਣਾ ਪਵੇ। ਅਜੇ ਆਪਾਂ ਬਸ ਗੁਨਾਹ ਕਰਨ ਵਿਚ ਮਸਤ ਹਾਂ, ਪਛਤਾਵਾ ਅਜੇ ਥੋੜਾ ਦੂਰ ਹੈ।

ਸਾਨੂੰ ਖੇਤੀਬਾੜੀ ਨੂੰ ਪੈਰਾਂ ਸਿਰ ਕਰਨਾ ਪਵੇਗਾ, ਇਹ ਸਾਡਾ ਮੁੱਖ ਕਿੱਤਾ ਹੈ। ਪਹਿਲੀ ਗੱਲ ਅੱਜ ਬਹੁਤੇ ਕਿਸਾਨ ਕਰਜ਼ਈ ਹਨ, ਪਰ ਅਸੀਂ ਹੱਲ ਲੱਭਣ ਦੀ ਬਜਾਏ ਖ਼ੁਦਕੁਸ਼ੀਆਂ ਕਰ ਰਹੇ ਹਾਂ, ਹੱਲ ਤੋਂ ਪਹਿਲਾਂ ਕਾਰਨ ਵੀ ਸਵੀਕਾਰ ਕਰਨੇ ਪੈਣਗੇ। ਜ਼ਮੀਨਾਂ ਵੇਹਲਿਆਂ ਬੈਠਿਆਂ ਕੁਝ ਨਹੀਂ ਦਿੰਦੀਆਂ, ਮਿੱਟੀ ਨਾਲ ਮਿੱਟੀ ਹੋਣਾ ਪੈਂਦਾ ਹੈ। ਜੇ ਮਿੱਟੀ ਵਿਚ ਪਸੀਨਾ ਡੋਲਾਂਗੇ ਤਾਂ ਉਹ ਤੁਹਾਡੇ ਤਨ ਵਿਚੋਂ ਰੱਤ ਮੁੱਕਣ ਨਹੀਂ ਦਿੰਦੀ, ਤੁਹਾਡੀ ਪਿੱਠ ਨਹੀਂ ਲੱਗਣ ਦਿੰਦੀ। ਮਿੱਟੀ ਪਾਣੀ ਦੀ ਸੇਵਾ/ਕਦਰ ਕਰਾਂਗੇ ਤਾਂ ਫਲ ਵੀ ਮਿਲੇਗਾ। ਅਸੀਂ ਪਾਣੀ (ਪਿਤਾ), ਧਰਤੀ (ਮਾਤਾ), ਹਵਾ (ਗੁਰੂ) ਦੀ ਕਦਰ ਕਰਨੀ ਛੱਡ ਦਿੱਤੀ, ਬੇਕਦਰੀ ਕੀਤੀ, ਤਾਂ ਹੀ ਅਸੀਸਾਂ ਤੋਂ ਹੀਣੇ ਹਾਂ, ਤਾਂ ਹੀ ਸਾਡੀ ਦੁਰਦਸ਼ਾ ਹੋ ਰਹੀ ਹੈ, ਅਤੇ ਹੋਰ ਹੋਵੇਗੀ। ਜੇ ਪਾਣੀ ਹੀ ਨਾ ਰਿਹਾ, ਰਹਿੰਦਾ ਦੂਸ਼ਿਤ ਹੋ ਗਿਆ, ਹਵਾ ਸਾਹ ਲੈਣ ਲਾਇਕ ਨਹੀਂ ਰਹੀ, ਧਰਤੀ ਬੰਜਰ ਹੋ ਗਈ, ਤਾਂ ਸਾਡਾ ਜਨਮ ਲਿਆ ਵਿਅਰਥ ਹੋਵੇਗਾ। ਸਾਨੂੰ ਉਹ ਫ਼ਸਲਾਂ ਬੀਜਣੀਆਂ ਪੈਣਗੀਆਂ ਜਿਹੜੀਆਂ ਪਾਣੀ ਦੀਆਂ ਦੁਸ਼ਮਣਾਂ ਨਹੀਂ, ਸਾਨੂੰ ਉਹ ਹਰ ਕਦਮ ਚੁੱਕਣਾ ਪਵੇਗਾ ਜਿਸ ਨਾਲ ਸਾਡਾ ਪਾਣੀ ਬਚ ਜਾਵੇ। ਸਾਨੂੰ ਨਹਿਰੀ ਪਾਣੀ, ਬਰਸਾਤੀ ਪਾਣੀ ਦੀ ਸਹੀ ਵਰਤੋਂ ਕਰਨੀ ਚਾਹੀਦੀ ਹੈ। ਸਾਨੂੰ ਘਰੇਲੂ ਕੰਮਾਂ ਵਿਚ ਵੀ ਪਾਣੀ ਬਚਾਉਣ ਲਈ ਕਈ ਉਪਰਾਲੇ ਕਰਨੇ ਪੈਣਗੇ, ਜੋ ਅਸੀਂ ਬਿਲਕੁਲ ਹੀ ਨਹੀਂ ਕਰ ਰਹੇ। ਹਰੇਕ ਉਦਯੋਗ ਵਿਚ, ਸੀਵਰੇਜ ਦੀ ਨਿਕਾਸੀ ਵੇਲੇ ਪਾਣੀ ਸਾਫ਼ ਕਰਨ ਲਈ ਯੂਨਿਟ ਲੱਗੇ ਹੋਣੇ ਚਾਹੀਦੇ ਹਨ। ਪਿੰਡਾਂ ਵਿਚ ਛੱਪੜਾਂ ਵੱਲ ਧਿਆਨ ਦੇਣ ਦੀ ਲੋੜ ਹੈ, ਉਨਾਂ ਨੂੰ ਸਾਫ਼ ਕਰਨ ਦੇ ਅਤੇ ਸਾਫ਼-ਸੁਥਰੇ ਰੱਖਣ ਦੇ ਉਪਰਾਲੇ ਕਰਨੇ ਚਾਹੀਦੇ ਹਨ। ਹਰ ਘਰ, ਦਫ਼ਤਰ, ਬਿਲਡਿੰਗ 'ਚ ਰੇਨ ਹਾਰਵੇਸਟਿੰਗ ਸਿਸਟਮ ਲਾਜ਼ਮੀ ਹੋਣਾ ਚਾਹੀਦਾ ਹੈ। ਕੁਦਰਤੀ ਖੇਤੀ ਵੱਲ ਕਦਮ ਵਧਾਉਣੇ ਚਾਹੀਦੇ ਹਨ, ਜਿਸ ਨਾਲ ਅਸੀਂ ਆਪਣੇ ਪਰਿਵਾਰ, ਅਤੇ ਹੋਰਨਾਂ ਦਾ ਭਲਾ ਕਰ ਸਕਦੇ ਹਾਂ। ਮਨੁੱਖ ਨੂੰ ਬੇਈਮਾਨੀ ਵਾਲੇ ਰਾਹ ਛੱਡਣੇ ਪੈਣਗੇ, ਤਾਂ ਹੀ ਉਹ ਉੱਤਮ ਅਖਵਾਉਣ ਦਾ ਹੱਕਦਾਰ ਹੋਵੇਗਾ।

ਅੱਜ ਦੀ ਦੁਨੀਆ ਵਿਚ ਬਹੁਤੇ ਲੋਕ ਪੜੇ-ਲਿਖੇ ਨੇ, ਪਰ ਫਿਰ ਵੀ ਅਸੀਂ ਸਭ ਭਿਆਨਕ ਭਵਿੱਖ ਵੱਲ ਹੀ ਜਾ ਰਹੇ ਹਾਂ। ਅੱਜ ਆਪਾਂ ਕੋਈ ਬਹੁਤੀ ਚੰਗੀ ਸਥਿਤੀ 'ਚ ਨਹੀਂ ਹਾਂ, ਸਾਡੇ ਨਾਲੋਂ ਤਾਂ ਜਾਨਵਰਾਂ ਨੇ ਬਿਹਤਰ ਰੋਲ ਨਿਭਾਇਆ ਹੈ। ਸਾਨੂੰ ਆਪਣੇ ਸਿੱਖਣ ਸਿਖਾਉਣ, ਪੜਨ ਪੜਾਉਣ ਦੇ ਸਥਾਪਤ ਤਰੀਕਿਆਂ ਦੀ ਮੁੜ ਪੜਤਾਲ ਕਰਨੀ ਹੋਵੇਗੀ, ਚਾਹੇ ਉਹ ਸਿੱਖਿਆ ਦਾ ਜ਼ਰੀਆ ਸਮਾਜ ਹੋਵੇ, ਸੰਸਥਾਵਾਂ ਹੋਣ, ਧਾਰਮਿਕ ਸਥਾਨ ਹੋਣ, ਘਰ ਹੋਣ। ਪੜਤਾਲ ਕਰਾਂਗੇ ਤਾਂ ਅਸੀਂ ਦੇਖਾਂਗੇ ਕਿ ਕੁਝ ਨਾ ਕੁਝ, ਕਿਤੇ ਨਾ ਕਿਤੇ ਨੁਕਸ ਜ਼ਰੂਰ ਹੈ। ਹਰ ਮਨੁੱਖ ਨੂੰ ਆਪਣਾ ਫ਼ਰਜ਼ ਸਮਝਣਾ ਪਵੇਗਾ, ਤਬਾਹੀ ਦੇ ਰਸਤੇ ਤਿਆਗਣੇ ਪੈਣਗੇ, ਤਾਂ ਹੀ ਸਭ ਦਾ ਭਵਿੱਖ ਸੁਰੱਖਿਅਤ ਤੇ ਖ਼ੁਸ਼ਹਾਲ ਹੋਵੇਗਾ। ਕੁਦਰਤ ਬੇਅੰਤ ਹੈ, ਕੁਦਰਤ ਵਿਚਲੀ ਹਰ ਸ਼ੈਅ ਇਕ ਦੂਜੀ ਨਾਲ ਬੱਝੀ ਹੋਈ ਹੈ, ਹਰ ਇਕ ਸ਼ੈਅ ਦਾ ਹਰ ਦੂਜੀ ਸ਼ੈਅ ਨਾਲ ਕੋਈ ਨਾ ਕੋਈ ਰਿਸ਼ਤਾ ਜ਼ਰੂਰ ਹੈ, ਸਾਨੂੰ ਕੁਦਰਤ ਵਿਚਲੀ ਹਰ ਹਰਕਤ ਨੂੰ ਕਿਸੇ ਸਮੁੱਚੇ ਢਾਂਚੇ 'ਚ ਹੀ ਵੇਖਣਾ ਹੋਵੇਗਾ। ਅਸੀਂ ਅਕਾਲ-ਪੁਰਖ ਨੂੰ, ਸ੍ਰਿਸ਼ਟੀ ਦੇ ਮਾਲਕ ਨੂੰ ਕੁਦਰਤ ਰਾਹੀਂ ਦੇਖ ਸਕਦੇ ਹਾਂ, ਬਸ ਸਾਨੂੰ ਆਪਣੀ ਅੱਖ ਵੇਖਣ ਵਾਲੀ ਕਰਨੀ ਪਵੇਗੀ। ਸਾਨੂੰ ਆਪਣੀ ਅੰਤਰਦ੍ਰਿਸ਼ਟੀ ਘੜਨੀ ਪਵੇਗੀ, ਸਾਨੂੰ ਵੱਖ-ਵੱਖ ਸਮਿਆਂ ਵਿਚੋਂ, ਵਿਸ਼ਿਆਂ ਵਿਚੋਂ, ਖੇਤਰਾਂ ਵਿਚੋਂ ਗਿਆਨ ਦੇ ਸਾਂਝੇ ਸੋਮੇ ਲੱਭਣੇ ਪੈਣਗੇ, ਕਿਉਂਕਿ ਅਸਲੀ ਗਿਆਨ ਸਾਂਝੇ ਤੇ ਡੂੰਘੇ ਸੱਚ ਵਿਚੋਂ ਹੀ ਉਪਜਦੇ ਹਨ, ਅਤੇ ਇਹ ਗਿਆਨ ਹੀ ਸਦੀਵੀ ਹੈ, ਜੋ ਸਰਬਤ ਦੇ ਭਲੇ ਲਈ ਹੀ ਉਪਜਦਾ ਤੇ ਪਲਦਾ ਹੈ। ਸਮਾਜ, ਸਿੱਖਿਆ, ਧਰਮ, ਸਾਇੰਸ ਅਤੇ ਵੱਖ-ਵੱਖ ਹੋਰ ਕਈ ਦਾਰਸ਼ਨਿਕ ਸਿਧਾਂਤ, ਇਹ ਸਭ ਇਕ ਸਾਂਝੇ ਤੇ ਵਿਸ਼ਾਲ ਬਿਰਖ ਦੀਆਂ ਸ਼ਾਖਾਵਾਂ ਹੀ ਹਨ, ਜੋ ਇਕ ਹੈ, ਜੋ ਅਸਲ ਹੈ, ਤੇ ਸਦੀਵੀ ਸੱਚ ਹੈ। ਅਸੀਂ ਗਿਆਨ ਦੇ ਸਾਰੇ ਵਸੀਲਿਆਂ ਦਰਮਿਆਨ ਕੰਧਾਂ ਉਸਾਰ ਲਈਆਂ ਹਨ, ਤਾਂ ਹੀ ਅਸੀਂ ਉੱਚੇ ਤੇ ਸੱਚੇ-ਸੁੱਚੇ ਗਿਆਨ ਤੋਂ ਵਾਂਝੇ ਹਾਂ। ਹਰ ਮਨੁੱਖ ਨੂੰ ਵਿਗਿਆਨ ਦੀ, ਸਮਾਜ ਸ਼ਾਸਤਰ ਦੀ, ਸਾਹਿਤ ਦੀ, ਸੰਗੀਤ ਦੀ ਅਤੇ ਕੁਦਰਤ ਦੀ ਸਹੀ ਸੋਝੀ ਹੋਣੀ ਜ਼ਰੂਰੀ ਹੈ। ਵਿਗਿਆਨ ਅਤੇ ਧਰਮ 'ਚ, ਵਿਗਿਆਨ ਅਤੇ ਹੋਰਨਾਂ ਵਿਸ਼ਿਆਂ ਵਿਚ, ਧਰਮਾਂ ਵਿਚ ਕੋਈ ਮਤਭੇਦ ਨਹੀਂ ਹੋਣਾ ਚਾਹੀਦਾ, ਕਿਉਂਕਿ ਹਰ ਇਕ ਦਾ ਟੀਚਾ ਸਿਰਫ ਉਸ ਅਗੰਮੀ ਸੱਚ ਨੂੰ ਪਾਉਣਾ ਹੀ ਹੈ, ਇਸ ਗਿਆਨ ਨਾਲ ਹੀ ਸ੍ਰਿਸ਼ਟੀ ਦਾ ਭਲਾ ਹੈ, ਮਤਭੇਦ ਸਹੀ ਗਿਆਨ ਦੀ ਘਾਟ ਕਾਰਨ ਹੀ ਉਪਜਦੇ ਹਨ। ਧਰਮ ਅਤੇ ਕੁਦਰਤ ਦੇ ਤਜਰਬੇ, ਮਨੁੱਖ ਨੂੰ, ਵਿਗਿਆਨ ਨੂੰ ਅਤੇ ਹੋਰ ਵਿਸ਼ਿਆਂ ਨੂੰ ਨਵੀਆਂ ਦਿਸ਼ਾਵਾਂ ਦਿਖਾ ਸਕਦੇ ਹਨ। ਆਧੁਨਿਕ ਸਾਇੰਸ ਵਿਚ ਨਵੀਆਂ ਅਤੇ ਡੂੰਘੀਆਂ ਕਾਢਾਂ ਸਾਨੂੰ ਉਸ ਅਗੰਮੀ ਇਕ ਦੇ ਹੋਰ ਕੋਲ ਹੋਣ ਦਾ ਅਹਿਸਾਸ ਕਰਾਉਂਦੀਆਂ ਹਨ। ਅਧੁਨਿਕ ਸਾਇੰਸ ਅਤੇ ਪੂਰਬੀ ਫਲਸਫ਼ੇ ਵਿਚ ਬਹੁਤ ਸਮਾਨਤਾਵਾਂ ਹਨ, ਸਾਨੂੰ ਸਾਇੰਸ ਤਕਨਾਲੋਜੀ ਤੋਂ ਅੱਗੇ ਲੰਘ ਕੇ ਵਿਚਾਰਾਂ, ਫਲਸਫ਼ਿਆਂ, ਧਰਮਾਂ, ਸੱਭਿਆਚਾਰਾਂ ਅਤੇ ਕੁਦਰਤ ਦੀ ਦੁਨੀਆ ਵਿਚ ਉਤਰ ਕੇ ਸਮਝਣੀ ਚਾਹੀਦੀ ਹੈ। ਸਾਡੇ ਲਈ ਜਿੰਨੀ ਅਬਜੈਕਟਿਵ ਸਾਇੰਸ ਜ਼ਰੂਰੀ ਹੈ ਓਨੀ ਹੀ ਸਬਜੈਕਟਿਵ ਸਾਇੰਸ ਜ਼ਰੂਰੀ ਹੈ। ਆਉ ਆਪਣੇ ਗੁਨਾਹ ਕਬੂਲ ਕਰਦੇ ਹੋਏ, ਕੁਦਰਤ ਨੂੰ ਬਚਾਈਏ, ਧਰਤੀ ਨੂੰ ਬਚਾਈਏ, ਸਿੱਖਣ ਸਿਖਾਉਣ ਦੇ ਤਰੀਕਿਆਂ ਨੂੰ ਬਦਲੀਏ।

# ਤਬਾਹ ਕੀਤੇ ਜਾ ਰਹੇ ਜੰਗਲਾਂ ਨਾਲ ਵਿਗੜ ਰਿਹਾ ਪੰਜਾਬ ਦਾ ਵਾਤਾਵਰਣ ਸੰਤੁਲਨ

### ਵਿਜੈ ਬੰਬੇਲੀ

ਫਰੀਦਕੋਟ ਖੰਡ ਮਿੱਲ ਦੇ ਬਹਾਨੇ ਹੀ ਸਹੀ, ਜੰਗਲ ਦੀ ਗੱਲ ਤਾਂ ਤੁਰੀ। ਜੰਗਲ ਸਾਡੀ ਵਿਰਾਸਤ ਹਨ। ਇਹ ਸਾਡੀ ਸਾਹਰਗ ਹੀ ਨਹੀਂ, ਇਹ ਮਿੱਟੀ, ਮੀਂਹ ਅਤੇ ਸਾਵੇਂ ਵਾਤਾਵਰਨ ਦੇ ਵੀ ਪੂਰਕ ਹਨ। ਪੌਦ ਅਤੇ ਜੀਵ ਵੰਨ-ਸਵੰਨਤਾ ਜਿਹੜੀ ਸਾਵੀਂ ਜ਼ਿੰਦਗੀ ਮਾਣਨ ਲਈ ਬੇਹੱਦ ਜ਼ਰੂਰੀ ਹੈ, ਜੰਗਲਾਂ ਬਿਨਾਂ ਜ਼ਿੰਦਗੀ ਚਿਤਵੀ ਨਹੀਂ ਜਾ ਸਕਦੀ। ਭਾਰਤ ਦੇ ਆਲਾ ਜੰਗਲਾਤ ਅਫਸਰ ਜਨਰਲ ਨਰੈਣ ਬਚਖੇਤੀ ਨੇ ਅੱਧੀ ਸਦੀ ਪਹਿਲਾਂ ਹੀ ਚਿਤਾਵਨੀ ਦੇ ਦਿੱਤੀ ਸੀ, 'ਮਨੁੱਖੀ ਵਿਕਾਸ ਵਿਚ ਸਿਆਣਿਆਂ ਨੇ ਤਿੰਨ ਪੜਾਅ ਮੰਨੇ ਹਨ। ਜੰਗਲ ਪ੍ਰਧਾਨ ਸੱਭਿਅਤਾਵਾਂ ਦਾ ਦੌਰ, ਜੰਗਲ ਉੱਪਰ ਕਾਬੂ ਪਾ ਰਹੀਆਂ ਸੱਭਿਆਤਾਵਾਂ ਦਾ ਦੌਰ ਅਤੇ ਉਹ ਸੱਭਿਆਤਾਵਾਂ ਜਿਹੜੀਆਂ ਜੰਗਲਾਂ ਉੱਤੇ ਪੂਰੀ ਤਰਾਂ ਹਾਵੀ ਹੋ ਚੁੱਕੀਆਂ ਹਨ। ਮੈਨੂੰ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਸਾਡਾ ਦੇਸ਼ ਤੀਜੇ ਪੜਾਅ ਵਿਚੋਂ ਲੰਘ ਰਿਹਾ ਹੈ। ਮਾਰੇ ਜਾਵਾਂਗੇ ਅਸੀਂ।'

ਮੌਜੂਦਾ ਸਰਾਪੇ ਸਮਿਆਂ ਵਿਚ ਕੋਰੋਨਾ ਸਮੇਤ ਜਿਨਾਂ ਹੋਰ ਕਈ ਤ੍ਰਾਸਦੀਆਂ ਦੀ ਗੱਲ ਤੁਰਦੀ ਹੈ, ਆਕਸੀਜਨ ਉਨਾਂ ਵਿਚੋਂ ਇੱਕ ਹੈ। ਸ਼ੁਧ ਹਵਾ/ਆਕਸੀਜਨ ਦਾ ਇੱਕੋ-ਇੱਕ ਭਰੋਸੇਮੰਦ ਸ੍ਰੋਤ ਰੁੱਖ ਹਨ। ਬਨਸਪਤੀ ਵਿਗਿਆਨੀਆਂ ਅਨੁਸਾਰ ਰਵਾਇਤੀ ਦਰੱਖਤ ਦੀ ਉਮਰ 65 ਵਰੇ ਹੈ, ਕਰੀਬ ਬੰਦੇ ਦੀ ਔਸਤ ਉਮਰ ਜਿੰਨੀ। ਜੇ ਮਨੁੱਖ ਦੇ ਵਿਚਰਨ ਸਥਾਨ ਦੁਆਲੇ 10 ਦਰੱਖਤ ਲੱਗੇ ਹੋਣ, ਤਦ ਉਸ ਦੀ ਉਮਰ 7 ਵਰੇ ਹੋਰ ਵੱਧ ਜਾਂਦੀ ਹੈ। ਇਹੀ ਨਹੀਂ, ਇੱਕ ਦਰੱਖਤ ਸਾਲਾਨਾ 20 ਟਨ ਜ਼ਹਿਰੀਲੀਆਂ ਗੈਸਾਂ ਹਜ਼ਮ ਕਰ ਲੈਂਦਾ ਹੈ, ਹੋਰ ਲਾਭ ਵੱਖਰੇ। ਸਾਡੇ ਵਿਚੋਂ ਬਹੁਤਿਆਂ ਨੂੰ ਨਹੀਂ ਪਤਾ ਕਿ ਇੱਕ ਰੁੱਖ ਸਾਲਾਨਾ 700 ਕਿਲੋ ਆਕਸੀਜਨ (ਇੱਕ ਸਿਲੰਡਰ ਵਿਚ 9 ਕਿਲੋ/50.7 ਪੌਂਡ ਗੈਸ ਹੁੰਦੀ ਹੈ) ਦਿੰਦਾ ਹੈ, ਉਹ ਵੀ ਮੁਫਤੋ-ਮੁਫਤ। ਕਿਸੇ ਵਿਰਲੇ ਨੂੰ ਹੀ ਪਤਾ ਹੋਵੇਗਾ ਕਿ ਮਨੁੱਖ ਨੂੰ ਤਾਉਮਰ 16 ਭਰਪੂਰ ਰੁੱਖਾਂ ਵੱਲੋਂ ਛੱਡੀ ਆਕਸੀਜਨ ਜਿੰਨੀ ਲੋੜ ਪੈਂਦੀ ਹੈ ਭਾਵ ਤਿੰਨ ਸਿਲੰਡਰ ਰੋਜ਼ਾਨਾ। ਮੌਜੂਦਾ ਸਮੇਂ ਸਿਲੰਡਰ ਗੈਸ ਦੀ ਔਸਤਨ ਕੀਮਤ 650 ਰੁਪਏ ਹੈ, ਲਾਓ ਹਿਸਾਬ!

135 ਏਕੜ ਰਕਬੇ ਵਾਲੀ ਬੰਦ ਪਈ ਫਰੀਦਕੋਟ ਖੰਡ ਮਿੱਲ ਜਿਸ ਦੀ ਮਸ਼ੀਨਰੀ ਅਤੇ ਹੋਰ ਅਸਾਸੇ ਨਕਾਰਾ ਹੋਣ ਤੋਂ ਕਿਤੇ ਪਹਿਲਾਂ ਹੀ ਸੰਨ 2006 ਵਿਚ ਸ਼ਿਫਟ ਜਾਂ ਵੇਚ-ਵੱਟ ਲਏ ਸਨ, ਵਿਚ ਕੁਦਰਤੀ ਪ੍ਰਫੁਲਤ ਹੋਏ ਕਰੀਬ ਦਹਿ-ਹਜ਼ਾਰ ਰੁੱਖਾਂ ਦਾ ਮਹਿਜ਼ 67 ਲੱਖ ਮੁੱਲ ਵੱਟ ਕੇ 'ਖਜ਼ਾਨਾ ਭਰਪੂਰ ਕਰਨ ਦਾ ਕ੍ਰਿਸ਼ਮਾ' ਕਰ ਦਿੱਤਾ ਗਿਆ। ਜਾਣਕਾਰੀ ਅਨੁਸਾਰ ਉਥੇ ਛੋਟੇ-ਵੱਡੇ 40 ਹਜ਼ਾਰ ਦੇ ਕਰੀਬ ਦਰੱਖਤ ਹਨ; ਇਸ ਹਿਸਾਬ ਨਾਲ ਇਕ ਰੁੱਖ ਦੀ ਕੀਮਤ 167 ਰੁਪਏ ਰੁਪਏ ਬਣਦੀ ਹੈ। ਇਹੀ ਨਹੀਂ, ਜੇ ਉਥੇ ਵਿਚਰਦੇ ਬਹੁ-ਭਾਂਤੀ ਅਤੇ ਦੁਰਲੱਭ ਮਿੱਤਰ ਪੰਛੀ-ਜਨੌਰਾਂ ਦੇ ਬੇਅੰਤ ਲਾਭਾਂ ਦੀ ਗੱਲ ਨਾ ਵੀ ਛੇੜੀਏ, ਤਦ ਵੀ ਇੱਕ ਰਵਾਇਤੀ ਰੁੱਖ 50 ਸਾਲਾਂ ਵਿਚ 25 ਲੱਖ ਦੀ ਆਕਸੀਜਨ ਦੇ ਦਿੰਦਾ ਹੈ। ਭਲਾ ਕਿੰਨੇ ਕੁ ਵੱਟੇ ਅਸੀਂ ਦਰੱਖਤਾਂ ਦੇ? ਜੰਗਲਾਂ ਵੱਲੋਂ ਤਾਂ ਸਾਡਾ ਹੱਥ ਪਹਿਲਾਂ ਹੀ ਬੜਾ ਤੰਗ ਹੈ, ਕਿਵੇਂ, ਲਓ ਸੁਣੋ : ਵਾਤਾਵਰਨ ਮਾਹਿਰਾਂ ਅਨੁਸਾਰ ਸਾਵੀਂ ਪੱਧਰੀ ਜ਼ਿੰਦਗੀ ਲਈ ਕਰੀਬ 33% ਭੂਮੀ ਜੰਗਲਾਂ ਹੇਠ ਹੋਣੀ ਚਾਹੀਦੀ ਹੈ। ਕੇਂਦਰੀ ਵਣ ਲਗਾਊ ਕਮਿਸ਼ਨ, ਨੈਸ਼ਨਲ ਰੀਮੋਟ ਸੈਂਸਿੰਗ ਏਜੰਸੀ ਅਤੇ ਭਾਰਤ ਸਰਕਾਰ ਦੇ ਇੱਕ ਵਣ-ਸਰਵੇਖਣ ਮੁਤਾਬਿਕ ਇਹ ਅੱਧਾ (16.7%) ਹੈ ਪਰ ਕੁਝ ਗੈਰ-ਸਰਕਾਰੀ ਸੰਸਥਾਵਾਂ ਇਸ ਅੰਕੜੇ ਨੂੰ ਵੀ ਚੁਣੌਤੀ ਦਿੰਦੀਆਂ ਹਨ। ਇਸ ਪ੍ਰਸੰਗ ਵਿਚ ਪੰਜਾਬ ਦੀ ਹਾਲਤ ਬੇਹੱਦ ਤਰਸਯੋਗ ਹੈ। ਜਿੱਥੇ 'ਜੰਗਲ' ਦੀ ਪਰਿਭਾਸ਼ਾ ਅਨੁਸਾਰ ਤਾਂ ਕਰੀਬ ਕਰੀਬ ਜੰਗਲ ਰਹੇ ਹੀ ਨਹੀਂ ; ਭਾਵੇਂ ਜੰਗਲਾਂ ਦੇ ਪ੍ਰਸੰਗ ਵਿਚ ਸਮੁੱਚੇ ਭਾਰਤ ਦੀ ਹਾਲਤ ਵੀ ਤਸੱਲੀ ਬਖ਼ਸ਼ ਨਹੀਂ ਕਹੀ ਜਾ ਸਕਦੀ ਪਰ ਪੰਜਾਬ ਦੀ ਹਾਲਤ ਮਾੜਾ ਹੀ ਹੈ। ਬਹੁਤੇ ਸੰਘਣੇ ਜੰਗਲਾਂ ਵਿਚ ਅਜਿਹੇ ਵਣ ਆਉਂਦੇ ਹਨ ਜਿੱਥੇ ਬਿਰਖਾਂ ਦਾ ਸੰਘਣਾਪਨ 70% ਤੋਂ ਵੱਧ ਹੈ। ਇਸ ਤੋਂ ਬਾਅਦ ਦਰਮਿਆਨੇ ਸੰਘਣੇ ਜੰਗਲ ਆਉਂਦੇ ਹਨ ਜਿਨਾਂ ਵਿਚ ਬਿਰਖਾਂ ਦਾ ਸੰਘਣਾਪਨ 40 ਤੋਂ 70% ਹੁੰਦਾ ਹੈ। ਖੁੱਲੇ ਜੰਗਲਾਂ ਦਾ ਸੰਘਣਾਪਨ 10-40% ਹੁੰਦਾ ਹੈ। ਝਾੜੀਆਂ ਵਿਚ ਅਜਿਹੇ ਵਣ ਖੇਤਰ ਆਉਂਦੇ ਹਨ ਜਿੱਥੇ ਵਣਭੂਮੀ ਵਿਚ ਰੁੱਖਾਂ ਦੀ ਪੈਦਾਵਾਰ ਬਹੁਤ ਕਮਜ਼ੋਰ ਹੁੰਦੀ ਹੈ ਅਤੇ ਸੰਘਣਾਪਨ ਸਿਰਫ 10 ਫ਼ੀਸਦੀ ਤੱਕ ਹੀ ਹੁੰਦਾ ਹੈ। ਜੰਗਲ ਦਾ ਅਰਥ ਘਾਹ ਤੋਂ ਲੈ ਕੇ ਵਿਸ਼ਾਲ ਬ੍ਰਿਛ ਸਮੇਤ ਵੰਨ-ਸਵੰਨੇ ਜੀਵ-ਜੰਤੂ ਹੁੰਦਾ ਹੈ। ਪੰਜਾਬ ਦੇ ਕੁੱਲ 50362 ਵਰਗ ਕਿਲੋਮੀਟਰ ਖੇਤਰਫਲ ਵਿਚੋਂ ਸਿਰਫ਼ 2868 ਵਰਗ ਕਿਲੋਮੀਟਰ ਰਕਬਾ ਹੀ 'ਜੰਗਲਾਂ' ਹੇਠ ਹੈ। ਇਹ ਜੰਗਲੀ ਖੇਤਰ ਵੀ ਕਰੀਬ ਝਾੜੀ-ਨੁਮਾ ਹੈ।

ਪੰਜਾਬ ਅਜਿਹੇ ਝਾੜੀ-ਬਿਰਖਾਂ ਵਾਲੇ ਸੋਮਿਆਂ (10% ਸੰਘਣਤਾ) ਨੂੰ ਹੀ ਜੰਗਲ ਮੰਨੀ ਬੈਠਾ ਹੈ। ਉਂਜ, ਪੰਜਾਬ ਵਣ ਕੈਟਾਗਰੀ ਅਨੁਸਾਰ 4336 ਹੈਕਟੇਅਰ ਰਿਜ਼ਰਵ ਫੌਰੈਸਟ ਅਧੀਨ, 41680 ਹੈਕਟੇਅਰ ਪਰੋਟੈਕਟਿਡ, 73612 ਹੈਕਟੇਅਰ ਸਟਰਿਪ ਅਤੇ 18222 ਹੈਕਟੇਅਰ ਅਨਕਲਾਸ ਫੌਰੈਸਟ ਰਕਬਾ 'ਦਰਸਾਇਆ' ਗਿਆ ਹੈ। ਪੰਜਾਬ ਲੈਂਡ ਪਰੀਜਰਵੇਸ਼ਨ ਐਕਟ 1900, ਸੈਕਸ਼ਨ 38 ਇੰਡੀਅਨ ਫੌਰੈਸਟ ਐਕਟ 1927 ਆਦਿ ਵਿਚ 1,67,320 ਹੈਕਟੇਅਰ ਰਕਬਾ ਸਰਕਾਰੀ ਕਾਗਜ਼ਾਂ ਵਿਚ 'ਘਿਰਿਆ' ਹੋਇਆ ਹੈ। ਅਜਿਹਾ ਕਿਉਂ? ਉੱਤਰ ਭਾਵੇਂ ਜੰਗਲਾਤ ਵਿਭਾਗ/ ਸਰਕਾਰ ਕੋਲ ਹੈ ਪਰ ਜਵਾਬ ਦੇਣ ਤੋਂ ਪਹਿਲਾਂ ਤਿੱਖੇ ਮੁਲੰਕਣ ਦੀ ਲੋੜ ਹੈ। ਪੰਜਾਬ ਵਿਚ ਸਿਰਫ 5.7% ਹਿੱਸਾ ਹੀ ਜੰਗਲਾਂ ਹੇਠ ਹੈ ਜਿਹੜਾ ਜ਼ਰੂਰੀ 33% ਦਾ ਛੇਵਾਂ ਹਿੱਸਾ ਬਣਦਾ ਹੈ। ਭਾਰਤ ਦੀ ਵਣ ਹਾਲਤ ਰਿਪੋਰਟ ਅਨੁਸਾਰ ਦੇਸ਼ ਵਿਚ 67.71% ਕਰੋੜ ਹੈਕਟੇਅਰ ਵਣ ਖੇਤਰ ਹੈ ਜਿਹੜਾ ਦੇਸ਼ ਦੇ ਕੁੱਲ ਭੂਗੋਲਿਕ ਖੇਤਰ ਦਾ 20.60% ਹੈ। ਇਸ ਵਿਚ 5.46 ਕਰੋੜ ਹੈਕਟੇਅਰ (1.66%) ਖੇਤਰ ਵਿਚ ਸੰਘਣੇ ਜੰਗਲ, 33.26 ਕਰੋੜ ਹੈਕਟੇਅਰ ਖੇਤਰ (10.12%) ਵਿਚ ਦਰਮਿਆਨੇ ਸੰਘਣੇ ਜੰਗਲ ਅਤੇ ਬਾਕੀ 28.99 ਕਰੋੜ ਹੈਕਟੇਅਰ (8.82%) ਵਿਚ ਹੋਰ ਵਣ ਸ਼ਾਮਿਲ ਹਨ। ਇਨਾਂ ਵਿਚ 0.44 ਕਰੋੜ ਹੈਕਟੇਅਰ ਮਨੁੱਖ ਦੁਆਰਾ ਉਗਾਏ ਜੰਗਲ ਵੀ ਸ਼ਾਮਿਲ ਹਨ ਪਰ ਪੰਜਾਬ ਕਿਧਰੇ ਨਹੀਂ ਰੜਕਦਾ।

1966 ਵਿਚ ਰਾਜਾਂ ਦੇ ਪੁਨਰਗਠਨ ਸਦਕਾ ਪੰਜਾਬ ਕੋਲੋਂ ਬਹੁਤ ਸਾਰੇ ਜੰਗਲ ਖੁੱਸ ਗਏ। ਆਲਮੀ ਵਣ ਨੀਤੀ ਅਨੁਸਾਰ ਕੁੱਲ ਰਕਬੇ ਦਾ ਤੀਜਾ ਹਿੱਸਾ ਜੰਗਲਾਂ ਹੇਠਾਂ ਹੋਣਾ ਚਾਹੀਦਾ ਹੈ। ਪੰਜਾਬ ਵਿਚ ਇਹ ਸਿਰਫ 20ਵਾਂ ਹੈ। ਜੀਅ ਪ੍ਰਤੀ ਆਧਾਰ ਤੇ ਭਾਰਤ ਵਿਚ 0.15 ਹੈਕਟੇਅਰ ਜੰਗਲ ਹਨ, ਪੰਜਾਬ ਵਿਚ ਇਹ ਹਿੰਦਸਾ ਸਿਰਫ 0.01 ਹੈਕਟੇਅਰ ਹੈ। ਬਿਨਾਂ ਸ਼ੱਕ, ਅਸੀਂ ਖੇਤੀਬਾੜੀ ਵਿਚ ਬੜੀ 'ਤਰੱਕੀ' ਕੀਤੀ ਹੈ; ਪੰਜਾਬ ਸਮੁੱਚੇ ਖੇਤਰਫਲ ਦਾ 1.54% ਹੈ, ਫਿਰ ਵੀ ਇਸ ਨੇ ਦੇਸ਼ ਨੂੰ ਕਰੀਬ 60 ਫ਼ੀਸਦੀ ਅਨਾਜ ਦੇ ਕੇ ਸ਼ਕਤੀਸ਼ਾਲੀ ਖੇਤੀ ਜੁਗਾੜ ਦਾ ਸਬੂਤ ਦਿੱਤਾ ਹੈ ਪਰ ਇਸ ਵਿਕਾਸ ਨੇ ਸਾਡੇ ਸਮੁੱਚੇ ਵਾਤਾਵਰਨ ਵਿਚ ਉਲਾਰ ਹਾਲਤ ਪੈਦਾ ਕਰ ਦਿੱਤੀ ਹੈ। ਨਿੱਤ ਨਵੀਆਂ ਸਮੱਸਿਆਵਾਂ ਸਾਡੀ ਖੇਤੀ ਨੂੰ ਘੇਰ ਰਹੀਆਂ ਹਨ। ਭੌਂ ਵਿਗਾੜ, ਅਸਾਵੀਂ ਵਰਖਾ, ਜਲ ਸੰਕਟ, ਦੂਸ਼ਿਤ ਵਾਤਾਵਰਨ ਆਦਿ ਬਿਪਤਾਵਾਂ ਨੇ ਸਾਡੇ ਕੁਦਰਤੀ ਸਮਤੋਲ ਨੂੰ ਵਿਗਾੜਨਾ ਸ਼ੁਰੂ ਕਰ ਦਿੱਤਾ ਹੈ। ਕਾਰਨ, ਪੰਜਾਬ ਵਿਚ ਦਰੱਖਤ ਤੇਜ਼ੀ ਨਾਲ ਘਟ ਰਹੇ ਹਨ, ਖਾਸ ਕਰ ਕੇ ਰਵਾਇਤੀ ਦਰੱਖਤ।

ਪੰਜਾਬ ਦੇ ਪ੍ਰਸੰਗ ਵਿਚ ਜੰਗਲਾਤ ਨੀਤੀ ਦਰੁਸਤ ਕਰਨ ਦੀ ਲੋੜ ਹੈ। ਸਿਰਫ਼ ਰੁੱਖ ਲਾ ਦੇਣਾ ਹੱਲ ਨਹੀਂ, ਜੰਗਲਾਂ ਦੀ ਮੂਲ ਮਾਂ, ਭੂਮੀ ਤੇ ਜਲ ਸੰਭਾਲ ਵੱਲ ਵੀ ਤਵੱਜੋ ਦੇਣੀ ਪਵੇਗੀ। 'ਪਹਿਲਾਂ ਮਿੱਟੀ ਤੇ ਪਾਣੀ, ਫਿਰ ਹੀ ਬਨਸਪਤੀ ਉਪਰੰਤ ਜੀਵਕਾ'। 1985-86 ਵਿਚ 2,82,196 ਹੈਕਟੇਅਰ ਭੂਮੀ ਜੰਗਲਾਂ ਹੇਠ ਸੀ, 1988-89 ਵਿਚ ਇਹ ਘਟ ਕੇ 2,64,237 ਹੈਕਟੇਅਰ ਰਹਿ ਗਈ। ਪੰਜਾਬ ਦੀ ਵਿਸ਼ੇਸ਼ ਭੂਗੋਲਿਕ ਹਾਲਤ ਅਤੇ ਖੇਤੀਬਾੜੀ ਪ੍ਰਮੁੱਖਤਾ ਕਾਰਨ ਇੱਥੇ ਭਾਵੇਂ ਉਸ ਰੂਪ ਵਿਚ ਜੰਗਲ ਨਹੀਂ ਚਿਤਵੇ ਜਾ ਸਕਦੇ ਜਿਵੇਂ ਹੋਣੇ ਚਾਹੀਦੇ ਹਨ

ਬਾਕੀ ਸਫ਼ਾ 27 'ਤੇ

# ਮਾਂ ਬੋਲੀ ਦਾ ਪ੍ਰਦੂਸ਼ਣ

### ਰਾਜਨਦੀਪ ਕੌਰ ਮਾਨ

੬੨੩੯੩੨੬੧੬੬

ਚਾਚਾ ਬਿਸ਼ਨਾ ਸਾਡੇ ਪਿੰਡ ਦਾ ਮੁਹਤਬਰ ਬੰਦਾ ਹੈ ਤੇ ਸਾਡਾ ਗਵਾਂਢੀ ਵੀ। ਖਿਆਲ ਵੀ ਅਗਾਂਹਵਧੂ ਹਨ ਤੇ ਪੂਰਾ ਦਿਨ ਲੋਕਾਂ ਨੂੰ ਹਵਾ, ਪਾਣੀ ਨੂੰ ਪ੍ਰਦੂਸ਼ਤ ਨਾ ਕਰਨ ਬਾਰੇ ਪ੍ਰੇਰਣਾ ਦਿੰਦਾ ਰਹਿੰਦਾ ਹੈ। ਪਰ ਮੈਨੂੰ ਉਸਦੀ ਇੱਕ ਬੁਰੀ ਆਦਤ ਬਹੁਤ ਪ੍ਰੇਸ਼ਾਨ ਕਰਦੀ ਕਿ ਗੱਲ ਕਰਦਾ ਕਰਦਾ ਵਿੱਚ ਬਿਨਾਂ ਸੋਚੇ ਸਮਝੇ ਗਾਲ਼ਾਂ ਦੀ ਵਰਤੋਂ ਲਗਾਤਾਰ ਕਰਦਾ ਰਹਿੰਦਾ। ਇੱਕ ਦਿਨ ਮੈਂ ਉਸ ਨੂੰ ਸਬਕ ਸਿਖਾਉਣ ਬਾਰੇ ਸੋਚਿਆ ਕਿਉਂਕਿ ਵੱਡਾ ਹੋਣ ਕਰਕੇ ਬਹਿਸ ਨੂੰ ਤਾਂ ਸ਼ਾਇਦ ਸਭ ਗਲਤ ਹੀ ਕਹਿੰਦੇ । ਮੈਂ ਕੁਝ ਪਲਾਸਟਿਕ ਦੇ ਲਿਫ਼ਾਫ਼ਿਆਂ ਨੂੰ ਵਿਹੜੇ ਵਿੱਚ ਰੱਖਕੇ ਅੱਗ ਲਗਾ ਦਿੱਤੀ । ਚਾਚੇ ਨੇ ਝੱਟ ਦੇਣੇ ਕੰਧ ਉੱਤੋਂ ਮੂੰਹ ਕੱਢ ਕੇ ਕਹਿਣਾ ਸ਼ੁਰੂ ਕੀਤਾ, 'ਕਮਲੀਏ ਮੈਂ ਸਾਰਾ ਦਿਨ ਕੀ ਬੋਲਦਾ ਰਹਿਨਾ ਬਈ ਹਵਾ, ਪਾਣੀ ਨੂੰ ਪ੍ਰਦੂਸ਼ਣ ਤੋਂ ਬਚਾਓ ਤਾਕਿ ਅਗਲੀਆਂ ਪੀੜੀਆਂ ਲਈ ਕੁਝ ਬਚ ਜਾਵੇ ਤੇ ਤੂੰ ਮੇਰੇ ਨੇੜੇ ਹੀ ਪ੍ਰਦੂਸ਼ਣ ਫੈਲਾਉਣ ਲੱਗੀ ਹੋਈ ਹੈ।' ਮੈਂ ਜਿਵੇਂ ਇਸ ਮੌਕੇ ਦੇ ਇੰਤਜ਼ਾਰ ਵਿੱਚ ਹੀ ਸੀ। ਮੈਂ ਅੱਗੋਂ ਜਵਾਬ ਦਿੱਤਾ, 'ਚਾਚਾ ਜੀ ਹਵਾ ਪਾਣੀ ਦਾ ਪ੍ਰਦੂਸ਼ਣ ਜਿਵੇਂ ਗੰਦਗੀ ਤੇ ਧੂਏਂ ਨਾਲ ਹੁੰਦਾ ਓਵੇਂ ਹੀ ਜਿਹੜੀਆਂ ਤੁਸੀਂ ਹਰ ਗੱਲ ਵਿੱਚ ਗਾਲ਼ਾਂ ਦੀ ਵਰਤੋਂ ਕਰਦੇ ਹੋ, ਮਾਂ ਬੋਲੀ ਪੰਜਾਬੀ ਨੂੰ ਪ੍ਰਦੂਸ਼ਿਤ ਕਰ ਰਹੇ ਹੋ ।ਅਗਲੀ ਪੀੜੀ ਨੂੰ ਇਹ ਵੀ ਸਾਫ਼ ਸੁਥਰੀ ਦੇਣੀ ਹੈ ਕਿ ਗਾਲ਼ਾਂ ਨਾਲ ਲਿਬੜੀ ਹੋਈ?' ਮੇਰੀ ਐਨੀ ਗੱਲ ਸੁਣਕੇ ਚਾਚੇ ਬਿਸ਼ਨੇ ਦੀ ਨੀਵੀਂ ਪੈ ਗਈ ਤੇ ਕੁਝ ਪਲ ਸੋਚਕੇ ਬੋਲਿਆ, 'ਵਾਹ ਧੀਏ ਤੂੰ ਤਾਂ ਅੱਜ ਮੇਰੀਆਂ ਅੱਖਾਂ ਖੋਲ ਦਿੱਤੀਆਂ, ਹੁਣ ਮੈਂ ਕਦੇ ਗਾਲ਼ ਨਹੀਂ ਕਢਾਂਗਾ, ਸਗੋਂ ਹੁਣ ਤੋਂ ਲੋਕਾਂ ਨੂੰ ਇਹ ਗੱਲ ਵੀ ਸਮਝਾਇਆ ਕਰਾਂਗਾ।'


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com

# ਪੰਜਾਬੀ ਤੇ ਪੰਜਾਬੀਅਤ ਦੇ ਪਹਿਰੇਦਾਰ ਬਣੋ

**ਸਾਬਕਾ ਕਰਨਲ ਰਮੇਸ਼ ਦਵੇਸ਼ਰ**

ਪੰਜਾਬੀਅਤ ਦਾ ਮਤਲਬ ਹੈ ਪੰਜਾਬੀਪਣ, ਰੀਤੀ-ਰਿਵਾਜ ਤੇ ਵਿਰਸੇ ਦੀ ਸੰਭਾਲ, ਬੋਲੀ ਦਾ ਵਧਾਓ ਅਤੇ ਮਜ਼ਹਬੀ, ਸਮਾਜਿਕ ਤੇ ਸਿਆਸੀ ਹੱਦਾਂ ਤੋਂ ਉੱਠ ਕੇ ਪੰਜਾਬੀਆਂ ਵਿਚ ਆਪਸ ਦਾ ਭਰੱਪਣ ਬਣਾਉਣਾ ਤੇ ਵਧਾਉਣਾ।

ਚਲੋ ! ਇਨਾਂ ਗੱਲਾਂ ਨੂੰ ਬੁਨਿਆਦ ਮੰਨ ਕੇ ਵੇਖਦੇ ਹਾਂ ਕਿ ਅਸੀਂ ਸਹੀ ਮਾਅਨੇ ਵਿਚ ਪੰਜਾਬੀਅਤ ‘ਤੇ ਕਿੰਨਾ ਕੁ ਅਮਲ ਕਰ ਰਹੇ ਹਾਂ। ਵਿਰਸੇ ਦੀ ਗੱਲ ਕਰੀਏ ਤਾਂ ਸਭ ਤੋਂ ਪਹਿਲਾਂ ਆਪਣੀ ਮਾਂ-ਬੋਲੀ ਦਾ ਜ਼ਿਕਰ ਆਉਂਦਾ ਹੈ। ਜ਼ਮੀਨੀ, ਸੱਭਿਆਚਾਰਕ ਤੇ ਆਪਸੀ ਨਜ਼ਦੀਕੀਆਂ ਕਰਕੇ ਪੰਜਾਬੀ ਉਤੇ ਫ਼ਾਰਸੀ ਜ਼ਬਾਨ ਦਾ ਕਾਫ਼ੀ ਅਸਰ ਪਿਆ ਹੈ, ਨਤੀਜੇ ਵਜੋਂ ਵਕਤ ਦੇ ਗੁਜ਼ਰਨ ਨਾਲ ਪੰਜਾਬੀ ਤੇ ਫ਼ਾਰਸੀ ਦੇ ਕਈ ਲਫ਼ਜ਼ ਸਾਂਝੇ ਹੋ ਗਏ ਹਨ, ਮਿਸਾਲ ਵਜੋਂ ਦਾਰਾ (ਰਾਜਾ), ਨਿਸ਼ਾਨ (ਝੰਡਾ), ਮਸੰਦ (ਗੱਦੀ), ਅਤੇ ਕੌਰ (ਸ਼ੇਰਨੀ), ਇਥੋਂ ਤੱਕ ਕਿ ਖੱਜਲ ਅਤੇ ਮੀਸਣੀ ਫ਼ਾਰਸੀ ਦੇ ਖ਼ਾਜਿਲ ਤੇ ਅਮਉਸਨੀ ਸ਼ਬਦਾਂ ਤੋਂ ਨਿਕਲੇ ਹਨ। ਦਸਮ ਗੁਰੂ ਗੋਬਿੰਦ ਸਿੰਘ ਜੀ ਅਤੇ ਭਾਈ ਸਾਹਿਬ ਭਾਈ ਨੰਦ ਲਾਲ ਜੀ ਫ਼ਾਰਸੀ ਦੇ ਵੱਡੇ ਵਿਦਵਾਨ ਹੋਏ ਹਨ। ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ ਵਿਚ ਪੰਜਾਬ ਦੀ ਦਰਬਾਰੀ ਜ਼ਬਾਨ ਵੀ ਫ਼ਾਰਸੀ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਹਿੰਦੀ ਸਾਡੀ ਕੌਮੀ ਪੱਧਰ ’ਤੇ ਸੰਪਰਕ ਭਾਸ਼ਾ ਹੈ ਅਤੇ ਇਕ ਹਿੰਦੁਸਤਾਨੀ ਹੋਣ ਦੇ ਨਾਤੇ ਸਾਨੂੰ ਇਸ ਦੀ ਜ਼ਰੂਰਤ ਹੈ। ਪਰ ਆਪਣੀ ਜ਼ਬਾਨ ਦੀ ਵਿਲੱਖਣਤਾ ਤੇ ਠੇਠਤਾ ਨੂੰ ਕਾਇਮ ਰੱਖਣਾ ਵੀ ਬੇਹੱਦ ਜ਼ਰੂਰੀ ਹੈ। ਕੁਝ ਵਕਤ ਤੋਂ ਅਸੀਂ ਆਪਣਾ ਕੰਮ ਸੌਖਾ ਕਰਨ ਲਈ ਆਪਣੀ ਬੋਲੀ ਅਤੇ ਲਿਖਤ ਵਿਚ ਹਿੰਦੀ ਦੇ ਲਫ਼ਜ਼ਾਂ ਦਾ ਖੁੱਲਦਿਲੀ ਨਾਲ ਇਸਤੇਮਾਲ ਕਰ ਰਹੇ ਹਾਂ, ਮਿਸਾਲ ਵਜੋਂ, ਪ੍ਰਤੀ, ਉਕਤ, ਪ੍ਰਤੀਕਰਮ, ਪ੍ਰਸ਼ਾਸਨ, ਪ੍ਰਤੀਨਿਧੀ ਤੇ ਹੋਰ ਵੀ ਕਈ ਲਫ਼ਜ਼ ਕਿਸੇ ਪਾਸਿਓਂ ਵੀ ਪੰਜਾਬੀ ਦੇ ਨਹੀਂ ਹਨ। ਮਿਲਾਵਟ ਏਨੀ ਹੋ ਗਈ ਹੈ ਕਿ ਆਮ ਵਰਤੋਂ ਵਿਚ ਠੇਠ ਪੰਜਾਬੀ ਕੁਝ ਕੁ ਫ਼ੀਸਦੀ ਹੀ ਰਹਿ ਗਈ ਹੈ। ਯਕੀਨ ਨਹੀਂ ਆਉਂਦਾ ਤਾਂ ਪੰਜਾਬੀ ਟੀ.ਵੀ. ਚੈਨਲਾਂ ’ਤੇ ਖ਼ਬਰਾਂ, ਕੋਈ ਵੀ ਪ੍ਰੋਗਰਾਮ ਜਾਂ ਬਹਿਸ ਵੇਖ ਲਵੋ। ਟੀ.ਵੀ. ਇਕ ਅਜਿਹਾ ਜ਼ਰੀਆ ਹੈ ਜਿਹੜਾ ਸਾਡੇ ਵਿਰਸੇ ਦੀ ਸਾਂਭ-ਸੰਭਾਲ ਵਿਚ ਮਦਦ ਕਰ ਸਕਦਾ ਹੈ, ਪਰ ਅਫ਼ਸੋਸ ਸਾਡੇ ਬਹੁਤੇ ਪੰਜਾਬੀ ਚੈਨਲਾਂ ’ਤੇ ਸਿਵਾਏ ਬੇ-ਮਤਲਬ ਤੇ ਭੱਦੇ ਨਾਚ ਗਾਣਿਆਂ ਤੋਂ ਇਲਾਵਾ ਕੁਝ ਵੀ ਨਹੀਂ। ਸਾਡੇ ਕੋਲ ਅਦਬ ਦਾ ਬਹੁਤ ਵੱਡਾ ਖਜ਼ਾਨਾ ਹੈ। ਕਿਉਂ ਨਾ ਅਸੀਂ ਆਪਣੇ ਉੱਘੇ ਅਦੀਬਾਂ ਪੂਰਨ ਸਿੰਘ, ਭਾਈ ਵੀਰ ਸਿੰਘ, ਨਾਨਕ ਸਿੰਘ, ਗੁਰਬਖਸ਼ ਸਿੰਘ ਪ੍ਰੀਤਲੜੀ, ਸੁਜਾਨ ਸਿੰਘ, ਕੁਲਵੰਤ ਸਿੰਘ ਵਿਰਕ, ਪ੍ਰੋ: ਆਈ.ਸੀ. ਨੰਦਾ, ਧਨੀ ਰਾਮ ਚਾਤ੍ਰਿਕ, ਸ਼ਿਵ ਕੁਮਾਰ ਬਟਾਲਵੀ, ਪ੍ਰੋ: ਦਿਲ ਮੁਹੰਮਦ ਦੀਆਂ ਸ਼ਖ਼ਸੀਅਤਾਂ ਅਤੇ ਉਨਾਂ ਦੀਆਂ ਲਿਖਤਾਂ ਅਤੇ ਪੰਜਾਬੀ ਸੂਫ਼ੀ ਸੰਤਾਂ ਬਾਬਾ ਬੁੱਲੇ ਸ਼ਾਹ, ਵਾਰਿਸ ਸ਼ਾਹ, ਸ਼ੇਖ ਫ਼ਰੀਦ, ਪੂਰਨ ਭਗਤ, ਪੰਜਾਬ ਦੇ ਲੋਕ ਕਿੱਸੇ ਹੀਰ ਰਾਂਝਾ, ਮਿਰਜ਼ਾ ਸਾਹਿਬਾ, ਸੋਹਣੀ ਮਹੀਵਾਲ, ਦੁੱਲਾ ਭੱਟੀ ਉਤੇ ਟੀ.ਵੀ. ਸੀਰੀਅਲ ਬਣਾਈਏ ਤਾਂ ਜੋ ਇਸ ਅਟੁੱਟ ਖਜ਼ਾਨੇ ਨੂੰ ਆਉਣ ਵਾਲੀਆਂ ਪੀੜੀਆਂ ਤੱਕ ਪੁਚਾਈਏ।

ਫੌਜ ਵਿਚ ਰਹਿਣ ਕਰਕੇ ਮੈਨੂੰ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਸੇਵਾ ਕਰਨ ਦਾ ਮੌਕਾ ਮਿਲਿਆ ਅਤੇ ਵੇਖਿਆ ਕਿ ਜਿਥੇ ਸਾਡੇ ਬਾਕੀ ਹਮਵਤਨ ਆਪਣੇ ਵਿਰਸੇ ਅਤੇ ਮਾਂ-ਬੋਲੀ ‘ਤੇ ਫ਼ਖਰ ਮਹਿਸੂਸ ਕਰਦੇ ਹੋਏ ਆਪਣੇ ਬੱਚਿਆਂ ਨੂੰ ਸਭ ਤੋਂ ਪਹਿਲਾਂ ਆਪਣੀ ਮਾਦਰੀ ਜ਼ਬਾਨ ਦੀ ਤਾਲੀਮ ਦਿੰਦੇ ਹਨ ਤੇ ਅਸੀਂ ਪੰਜਾਬੀ ਬਿਲਕੁਲ ਉਲਟ ਹਾਂ ਅਤੇ ਵਿਖਾਵੇ ਦਾ ਸ਼ਿਕਾਰ ਹਾਂ, ਕਿਉਂਕਿ ਅਸੀਂ ਪੰਜਾਬੀ ਤੋਂ ਬਿਨਾਂ ਦੂਜੀਆਂ ਜ਼ਬਾਨਾਂ ਸਿਖਾਉਣ ਨੂੰ ਤਰਜੀਹ ਦਿੰਦੇ ਹਾਂ। ਫ਼ਾਰਸੀ ਦੀ ਕਹਾਵਤ ਮੁਤਾਬਿਕ ਰਫ਼ਤਾਰ (ਚਾਲ-ਢਾਲ), ਦਸਤਾਰ (ਪਹਿਰਾਵਾ) ਤੇ ਗੁਫਤਾਰ (ਗੱਲਬਾਤ) ਇਹ ਤਿੰਨ ਚੀਜ਼ਾਂ ਹਨ ਜੋ ਕਿਸੇ ਵਿਰਸੇ ਦੀ ਪਛਾਣ ਕਰਾਉਂਦੀਆਂ ਹਨ। ਮੈਂ ਆਖ਼ਰੀ ਪਹਿਲੂ ਗੁਫ਼ਤਾਰ ’ਤੇ ਜ਼ੋਰ ਦਿਆਂਗਾ। ਕਹਿਣ ਨੂੰ ਤਾਂ ਅਸੀਂ ਪੰਜਾਬੀ ਬੋਲਦੇ ਹਾਂ, ਪਰ ਬੋਲਣ ਦਾ ਲਹਿਜਾ ਕਿਸੇ ਵੀ ਪੱਖੋਂ ਪੰਜਾਬੀ ਨਹੀਂ, ਕਿਉਂਕਿ ਪਹਿਲਾਂ ਤਾਂ ਹੁਣ ਬਹੁਤਿਆਂ ਦੀ ਠੇਠ ਜ਼ੁਬਾਨ ਨਹੀਂ ਤੇ ਦੂਜਾ ਬਹੁਤੇ ਬੁਲਾਰੇ ਗ਼ੈਰ-ਪੰਜਾਬੀ ਲਹਿਜੇ ਵਿਚ ਬੋਲਦੇ ਹਨ। ਅਸੀਂ ਬੜੇ ਖੁਸ਼ਕਿਸਮਤ ਹਾਂ ਕਿ ਸਾਡੀ ਮਾਂ-ਬੋਲੀ ਪੰਜਾਬੀ ਨੂੰ ਭਾਰਤੀ ਸੰਵਿਧਾਨ ਵਿਚ ਕੌਮੀ ਜ਼ਬਾਨ ਦਾ ਦਰਜਾ ਹਾਸਲ ਹੈ। ਬੇਸ਼ੱਕ ਸੂਬਾ ਸਰਕਾਰ ਤੇ ਕਈ ਜ਼ਾਤੀ ਤਨਜ਼ੀਮਾਂ ਪੰਜਾਬੀ ਜ਼ਬਾਨ ਦੇ ਵਧਣ-ਫੁੱਲਣ ਵਿਚ ਭਰਪੂਰ ਮਦਦ ਕਰ ਰਹੀਆਂ ਹਨ ਪਰ ਇਸ ਦੇ ਬਾਵਜੂਦ ਇਸ ਖੇਤਰ ਵਿਚ ਅਸੀਂ ਬਾਕੀਆਂ ਤੋਂ ਬਹੁਤ ਪਿੱਛੇ ਹਾਂ। ਥੋੜੀ ਦੇਰ ਸਿਆਸਤ ਨੂੰ ਪਰੇ ਰੱਖੀਏ ਤੇ ਲਹਿੰਦੇ ਪੰਜਾਬ ਵਿਚ ਝਾਤੀ ਮਾਰੀਏ, ਹੈਰਾਨੀ ਦੀ ਗੱਲ ਹੈ ਕਿ ਪਾਕਿਸਤਾਨ ਵਿਚ ਪੰਜਾਬੀ ਨੂੰ ਕੋਈ ਸਰਕਾਰੀ ਰੁਤਬਾ ਹਾਸਲ ਨਹੀਂ ਹੈ ਅਤੇ ਨਾ ਹੀ ਪੰਜਾਬੀ ਜ਼ਬਾਨ ਸਕੂਲਾਂ ਵਿਚ ਪੜਾਈ ਜਾਂਦੀ ਹੈ। ਇਸ ਦੇ ਬਾਵਜੂਦ ਉਨਾਂ ਨੇ ਪੰਜਾਬੀ ਜ਼ੁਬਾਨ ਅਤੇ ਪੰਜਾਬੀਅਤ ਨੂੰ ਸਾਡੇ ਤੋਂ ਜ਼ਿਆਦਾ ਸਾਂਭ ਕੇ ਰੱਖਿਆ ਹੈ। ਜਦ ਵੀ ਮੇਰਾ ਜੀਅ ਮਾਝੀ ਜਾਂ ਠੇਠ ਪੰਜਾਬੀ ਸੁਣਨ ਨੂੰ ਕਰਦਾ ਹੈ ਮੈਂ ਉਨਾਂ ਦੇ ਪੰਜਾਬੀ ਪ੍ਰੋਗਰਾਮ ਵੇਖਦਾ ਹਾਂ। ਇਕ ਹੋਰ ਦਿਲਚਸਪ ਗੱਲ ਲਹਿੰਦੇ ਪੰਜਾਬ ਦੀ ਵਸੋਂ ਕੁੱਲ ਆਬਾਦੀ ਦਾ 44 ਫ਼ੀਸਦੀ ਹੈ ਪਰ ਪਾਕਿਸਤਾਨ ਵਿਚ ਤਕਰੀਬਨ 57 ਫ਼ੀਸਦੀ ਪੰਜਾਬੀ ਬੋਲਦੇ ਹਨ। ਮਤਲਬ ਇਹ ਕਿ ਉਥੇ ਗ਼ੈਰ-ਪੰਜਾਬੀ ਵੀ ਪੰਜਾਬੀ ਬੋਲਣ ਨੂੰ ਤਰਜੀਹ ਦਿੰਦੇ ਹਨ। ਸਾਡੇ ਪਾਸੇ ਹਾਲਾਤ ਉਲਟ ਹਨ। ਪੰਜਾਬੀ ਹੁੰਦੇ ਹੋਏ ਵੀ ਅਸੀਂ ਆਪਣੀ ਮਾਂ-ਬੋਲੀ ਬੋਲ ਕੇ ਰਾਜ਼ੀ ਨਹੀਂ ਹਾਂ। ਬੜੀ ਨਮੋਸ਼ੀ ਪਰ ਥੋੜੀ ਸੰਤੁਸ਼ਟੀ ਦੀ ਗੱਲ ਹੈ ਕਿ ਸਾਡੇ ਉੱਤਰ ਪ੍ਰਦੇਸ਼, ਬਿਹਾਰ ਦੇ ਹਮਵਤਨ ਜੋ ਪੰਜਾਬ ਵਿਚ ਵਸੇ ਹੋਏ ਹਨ, ਉਨਾਂ ਵਿਚੋਂ ਕਈ ਸਾਡੇ ਨਾਲੋਂ ਚੰਗੀ ਪੰਜਾਬੀ ਬੋਲਦੇ ਹਨ।



ਇਹ ਮਜ਼ਬੀ ਜਾਂ ਸਿਆਸੀ ਖੇਡ ਸਮਝੋ ਕਿ ਅਸੀਂ ਵੱਖ-ਵੱਖ ਜ਼ਬਾਨਾਂ ਤੇ ਲਿਪੀਆਂ ਨੂੰ ਵੀ ਮਜ਼ਬਾਂ ਨਾਲ ਜੋੜ ਦਿੱਤਾ ਹੈ। ਮਿਸਾਲ ਵਜੋਂ ਹਿੰਦੀ ਤੇ ਦੇਵਨਾਗਰੀ ਲਿਪੀ ਨੂੰ ਹਿੰਦੂਆਂ ਨਾਲ ਅਤੇ 13ਵੀਂ ਸਦੀ ਵਿਚ ਅਮੀਰ ਖੁਸਰੋ ਵਲੋਂ ਬਣਾਈ ਗਈ ਉਰਦੂ ਜ਼ਬਾਨ ਅਤੇ ਸ਼ਾਹਮੁਖੀ ਲਿਪੀ ਨੂੰ ਮੁਸਲਮਾਨਾਂ ਨਾਲ ਜੋੜ ਦਿੱਤਾ ਗਿਆ ਜਦ ਕਿ ਇਸ ਜ਼ਬਾਨ ਬਣਾਉਣ ਦਾ ਮਕਸਦ ਫ਼ਾਰਸੀ ਤੇ ਸੰਸਕ੍ਰਿਤ/ਹਿੰਦੀ ਦੀਆਂ ਦੂਰੀਆਂ ਨੂੰ ਖ਼ਤਮ ਕਰਨਾ ਸੀ। ਆਜ਼ਾਦੀ ਤੋਂ ਪਹਿਲਾਂ ਪੰਜਾਬ ਅਤੇ ਹੋਰ ਕਈ ਸੂਬਿਆਂ ਦੀ ਸਰਕਾਰੀ ਜ਼ਬਾਨ ਵੀ ਉਰਦੂ ਹੁੰਦੀ ਸੀ। ਮੈਂ ਆਪਣੇ ਬਜ਼ੁਰਗਾਂ ਤੋਂ ਕਹਿੰਦੇ ਸੁਣਿਆ ਸੀ ਕਿ ‘ਜੇ ਪੰਜਾਬੀ ਸਾਡੀ ਮਾਂ-ਬੋਲੀ ਹੈ ਤਾਂ ਉਹ ਉਰਦੂ ਨੂੰ ‘ਮਾਸੀ ਬੋਲੀ’ ਦਾ ਦਰਜਾ ਦਿੱਤਾ ਜਾ ਸਕਦਾ ਹੈ। ਵਕਤ ਆ ਗਿਆ ਹੈ ਕਿ ਸਾਨੂੰ ਇਸ ਸੋਚ ਨੂੰ ਬਦਲਣ ਦੀ ਜ਼ਰੂਰਤ ਹੈ ਕਿ ਰੱਬ ਦੇ ਵਾਸਤੇ ਗੁਰਮੁਖੀ ਨੂੰ ਕਿਸੇ ਮਜ਼ਬ ਨਾਲ ਨਾ ਜੋੜੀਏ, ਕਿਉਂਕਿ ਇਹ ਸਾਰੇ ਪੰਜਾਬ ਦੀ ਸਾਂਝੀ ਜ਼ੁਬਾਨ ਹੈ।

**ਸਭਿਆਚਾਰ**

ਪੰਜਾਬੀ ਇਤਿਹਾਸ ਤੇ ਧਰਮ ਨੂੰ ਜਾਣਨ ਲਈ ਜ਼ਰੂਰੀ ਹੈ ਕਿ ਅਸੀਂ ਸਾਰੇ ਪੰਜਾਬੀ ਤੇ ਗੁਰਮੁਖੀ ਸਿੱਖੀਏ।

ਪੰਜਾਬੀਅਤ ਸਾਡੇ ਪੰਜਾਬੀਆਂ ਦਾ ਸਾਂਝਾ ਵਿਰਸਾ ਹੈ ਅਤੇ ਕਿਸੇ ਖ਼ਾਸ ਤਬਕੇ, ਮਜ਼ਬ ਜਾਂ ਜ਼ਿਆਦਾ ਵਸੋਂ ਦੀ ਬਿਨਾ ਦੇ ਉਸ ਨਾਲ ਨਹੀਂ ਜੋੜਿਆ ਜਾ ਸਕਦਾ। ਜੇ ਇਹ ਗੱਲ ਹੈ ਤਾਂ ਪੰਜਾਬੀਅਤ ਦਾ ਹੱਕ ਮੁਸਲਮਾਨ ਦੋਸਤਾਂ ਨੂੰ ਜਾਂਦਾ ਹੈ ਕਿਉਂਕਿ ਲਹਿੰਦੇ ਪੰਜਾਬ ਦੀ ਵਸੋਂ ਅੰਦਾਜ਼ਨ 11 ਕਰੋੜ ਹੈ। ਇਸ ਦੇ ਮੁਕਾਬਲੇ ਅਸੀਂ ਸਿਰਫ 3 ਕਰੋੜ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਸਾਨੂੰ ਸਭ ਨੂੰ ਪੰਜਾਬੀ ਹੋਣ ’ਤੇ ਫ਼ਖਰ ਹੋਣਾ ਚਾਹੀਦਾ ਹੈ। ਪੰਜਾਬੀ ਸਾਡੀ ਸਾਂਝੀ ਮਲਕੀਅਤ ਹੈ। ਸਾਡੇ ਪੰਜਾਬ ਦੀ ਕੁੱਲ ਵਸੋਂ ਵਿਚ ਤਕਰੀਬਨ 57.70 ਫ਼ੀਸਦੀ ਸਿੱਖ ਅਤੇ ਹਿੰਦੂਆਂ ਦੀ ਤਾਦਾਦ ਅੰਦਾਜ਼ਨ 38.50 ਫ਼ੀਸਦੀ ਹੈ। ਹਿੰਦੂ-ਸਿੱਖਾਂ ਦੀ ਰੋਟੀ ਬੇਟੀ ਦੀ ਸਾਂਝ ਹੈ ਅਤੇ ਇਹ ਸਾਡੀ ਤਾਕਤ ਹੈ। ਅਸੀਂ ਇਸ ਨੂੰ ਹੋਰ ਮਜ਼ਬੂਤ ਕਰਨਾ ਹੈ ਅਤੇ ਸਾਰਿਆਂ ਨੂੰ ਧਰਮ, ਜਾਤ-ਪਾਤ ਤੋਂ ਉੱਠ ਕੇ ਪੰਜਾਬੀ ਹੋਣ ਦਾ ਫ਼ਖ਼ਰ ਹੋਣਾ ਚਾਹੀਦਾ ਹੈ। ਕਿਉਂਕਿ ਸਿੱਖ ਬਰਾਦਰੀ ਦੀ ਵਸੋਂ ਜ਼ਿਆਦਾ ਹੈ। ਉਹ ਵੱਡੇ ਭਰਾ ਵਾਂਗ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਅਤੇ ਇਕੱਠੇ ਬੈਠ ਕੇ ਆਪਣੀਆਂ ਸਮੱਸਿਆਵਾਂ ਹੱਲ ਕਰਨ।

ਪੰਜਾਬੀ ਦੀ ਕਹਾਵਤ ਹੈ ਕਿ ‘ਕਦੀ-ਕਦੀ ਹੱਥਾਂ ਨਾਲ ਦਿੱਤੀਆਂ ਗੰਢਾਂ, ਦੰਦਾਂ ਨਾਲ ਖੋਲਣੀਆਂ ਪੈਂਦੀਆਂ ਹਨ।’ ਇਹ ਕਹਾਵਤ ਸਾਡੇ ਪੰਜਾਬੀਆਂ ਦੇ ਪੂਰੀ ਢੁੱਕਦੀ ਹੈ। ਇਸ ਨੂੰ ਸਮਝਣ ਲਈ ਮੈਂ ਦੋ ਘਟਨਾਵਾਂ ਦਾ ਜ਼ਿਕਰ ਕਰਦਾ ਹਾਂ ਜਿਨਾਂ ਨੇ ਪੰਜਾਬ ਅਤੇ ਪੰਜਾਬੀਅਤ ਨੂੰ ਝੰਜੋੜ ਕੇ ਰੱਖ ਦਿੱਤਾ ਤੇ ਡੂੰਘਾ ਨੁਕਸਾਨ ਪਹੰਚੁਾਇਆ। 1950 ਦੇ ਦਹਾਕੇ ਵਿਚ ਪੰਜਾਬੀ ਬੋਲਣ ਵਾਲੇ ਇਲਾਕਿਆਂ ਨੂੰ ਇਕੱਠੇ ਮਿਲਾ ਕੇ ਪੰਜਾਬੀ ਸੂਬਾ ਬਣਾਉਣ ਲਈ ਮੋਰਚਾ ਸ਼ੁਰੂ ਹੋਇਆ। ਇਹ ਮੁਹਿੰਮ ਪੂਰੇ ਪੰਜਾਬ ਅਤੇ ਪੰਜਾਬੀਆਂ ਦੀ ਸੀ ਤੇ ਜ਼ਰੂਰਤ ਸੀ ਕਿ ਸਾਰੇ ਪੰਜਾਬੀਆਂ ਨੂੰ ਇਸ ਵਿਚ ਸ਼ਾਮਿਲ ਕੀਤਾ ਜਾਂਦਾ। ਪਰ ਹੋਇਆ ਇਹ ਕਿ ਕੁਝ ਵਕਤ ਬਾਅਦ ਇਹ ਮੋਰਚਾ ਇਕ ਤਬਕੇ ਤੱਕ ਮਹਿਦੂਦ ਹੋ ਕੇ ਰਹਿ ਗਿਆ। ਨਤੀਜਾ ਇਹ ਹੋਇਆ ਕਿ ਦੂਜਾ ਤਬਕਾ ਆਪਣੇ ਆਪ ਨੂੰ ਅਲੱਗ-ਥਲੱਗ ਸਮਝਣ ਲੱਗ ਪਿਆ। ਦੂਜੀ ਘਟਨਾ 1960 ਦੀ ਮਰਦਮਸ਼ੁਮਾਰੀ ਦੀ ਹੈ ਜਿਸ ਵਿਚ ਬਦਲੇ ਵਜੋਂ ਕਈ ਪੰਜਾਬੀਆਂ ਨੇ ਆਪਣੀ ਮਾਂ-ਬੋਲੀ ਬਦਲ ਦਿੱਤੀ ਤੇ ਨਤੀਜਾ ਸਾਡੇ ਸਾਹਮਣੇ ਹੈ। ਇਹ ’ਤੇ ਪਤਾ ਨਹੀਂ ਕੌਣ ਜਿੱਤਿਆ, ਪਰ ਹਾਰਿਆ, ਪਰ ਇਹ ਵਿਵਾਦ ਪੰਜਾਬ ਅਤੇ ਪੰਜਾਬੀਅਤ ਨੂੰ ਇਕ ਦਾਗ਼ ਲਾ ਗਿਆ। ਪੰਜਾਬੀਅਤ ਧਰਮ, ਜਾਤ-ਪਾਤ ਤੇ ਸਿਆਸਤ ਤੋਂ ਉਤੇ ਹੈ। ਟ੍ਰਿਬਿਊਨ ਦੇ ਮੋਢੀ ਸ. ਦਿਆਲ ਸਿੰਘ ਮਜੀਠੀਆ ‘ਬ੍ਰਹਮੋ ਸਮਾਜ’ ਨਾਲ ਜੁੜੇ ਹੋਏ ਸਨ। ਇਸੇ ਤਰਾਂ ਬੇਸ਼ੱਕ ਆਰੀਆ ਸਮਾਜ ਇਕ ਧਾਰਮਿਕ ਤਨਜ਼ੀਮ ਹੈ, ਪਰ ਇਸ ਨੇ ਲਾਹੌਰ ਵਿਚ ਆਪਣਾ ਮਰਕਜ਼ ਬਣਾ ਕੇ ਸਭ ਧਰਮਾਂ ਦੇ ਲੋਕਾਂ ਨੂੰ ਇਕੱਠਾ ਕਰਕੇ ਅਜ਼ਾਦੀ ਦੀ ਜੰਗ ਵਿਚ ਵੱਧ-ਚੜ ਕੇ ਹਿੱਸਾ ਲਿਆ ਪਰ ਪੰਜਾਬੀ ਜ਼ੁਬਾਨ ਦੇ ਸੰਦਰਭ ਵਿਚ ਆਰੀਆ ਸਮਾਜ ਦੇ ਆਗੂ ਸਹੀ ਪਹੁੰਚ ਨਾ ਅਪਣਾ ਸਕੇ। ਪੰਜਾਬੀ ਵਿਰਸੇ ਦੀ ਮਿਸਾਲ ਬਾਬਾ ਬੁੱਲੇ ਸ਼ਾਹ ਦੀਆਂ ਕਾਫ਼ੀਆਂ ਵਿਚੋਂ ਮਿਲਦੀ ਹੈ, ਉਨਾਂ ਨੇ ਇਸ ਨੂੰ ਕਿਸੇ ਮਜ਼ਬ ਨਾਲ ਨਹੀਂ ਜੋੜਿਆ, ਉਹ ਫ਼ਰਮਾਉਂਦੇ ਹਨ :

**ਉਮਰ ਗਵਾਈ ਵਿਚ ਮਸੀਤੀ,**
**ਅੰਦਰ ਭਰਿਆ ਨਾਲ ਪਲੀਤੀ,**
**ਕਦੇ ਨਮਾਜ਼ ਤੌਹੀਦ ਨਾ ਕੀਤੀ,**
**ਹੁਣ ਕੀ ਕਰਨਾ ਏਂ ਸ਼ੋਰ ਪੁਕਾਰ।**
**ਇਸ਼ਕ ਦੀ ਨਵੀਓਂ ਨਵੀਂ ਬਹਾਰ।**
**ਨਾ ਮੈਂ ਅਰਬੀ ਨਾ ਲਾਹੌਰੀ,**
**ਨਾ ਮੈਂ ਹਿੰਦੀ ਸ਼ਹਿਰ ਨਗੌਰੀ,**
**ਨਾ ਹਿੰਦੂ ਨਾ ਤੁਰਕ ਪਸ਼ੌਰੀ,**
**ਨਾ ਮੈਂ ਰਹਿੰਦਾ ਵਿਚ ਨਦੌਣ।**
**ਬੁੱਲਾ ਕੀ ਜਾਣਾ ਮੈਂ ਕੌਣ।**

ਆਪਣੇ ਵਿਰਸੇ ਨੂੰ ਕਿਸ ਤਰਾਂ ਸਾਂਭਿਆ ਜਾਂਦਾ ਹੈ ਇਸ ਦੀ ਮਿਸਾਲ ਸਾਂਝੀ ਕਰਦਾ ਹਾਂ। ਲਾਹੌਰ ਵਿਚ ‘ਲਕਸ਼ਮੀ ਚੌਕ’ ਇਕ ਮਸ਼ਹੂਰ ਅਤੇ ਇਤਿਹਾਸਕ ਜਗਾ ਹੈ ਜਿਸ ਦਾ ਨਾਂ 1935 ਵਿਚ ਬਣੀ ਲਕਸ਼ਮੀ ਬਿਲਡਿੰਗ ਦੇ ਉਤੇ ਰੱਖਿਆ ਗਿਆ ਸੀ। ਕੀ ਹੋਇਆ ਕਿ 2019 ਵਿਚ ਕੁਝ ਮਜ਼ਬ-ਪ੍ਰਸਤਾਂ ਦੇ ਦਬਾਅ ਕਰਕੇ ਲਹਿੰਦੇ ਪੰਜਾਬ ਨੇ ਲਕਸ਼ਮੀ ਚੌਕ ਦਾ ਨਾਂ ਬਦਲ ਕੇ ‘ਮੌਲਾਨਾ ਜ਼ਫਰਉੱਲਾ ਖਾਨ ਚੌਕ’ ਰੱਖ ਦਿੱਤਾ। ਲੋਕਾਂ ਨੇ ਇਸ ਬਦਲਾਅ ’ਤੇ ਬਹੁਤ ਇਤਰਾਜ਼ ਕੀਤਾ ਤੇ ਇਸ ਕਦਮ ਨੂੰ ਪੰਜਾਬ ਦੀ ਵਿਰਾਸਤ ਨੂੰ ਖ਼ਤਮ ਕਰਨ ਦੀ ਸਾਜਿਸ਼ ਕਰਾਰ ਦਿੱਤਾ। ਜਿਸ ਦੇ ਸਦਕਾ ਉਥੋਂ ਦੀ ਸਰਕਾਰ ਨੂੰ ਇਸ ਦਾ ਪਹਿਲਾ ਨਾਂ ਲਕਸ਼ਮੀ ਚੌਕ ਬਹਾਲ ਕਰਨਾ ਪਿਆ। ਪੰਜਾਬੀਆਂ ਦੀ ਦੇਸ਼ ਭਗਤੀ ਅਤੇ ਇਨਾਂ ਦੀਆਂ ਕੁਰਬਾਨੀਆਂ ਦੇ ਜ਼ਿਕਰ ਤੋਂ ਬਗੈਰ ਪੰਜਾਬੀਅਤ ਅਧੂਰੀ ਹੈ। ਕੁਝ ਸਾਲ ਪਹਿਲਾਂ ਅੰਡੇਮਾਨ-ਨਿਕੋਬਾਰ ਜਾਣ ਦਾ ਮੌਕਾ ਮਿਲਿਆ।

**ਬਾਕੀ ਸਫ਼ਾ 26 ’ਤੇ**

# ਆਓ ਜਾਣੀਏ ਕੀ ਹੁੰਦੀ ਹੈ-ਸੁਪਨਿਆਂ ਦੀ ਦੁਨੀਆਂ

**ਗਗਨਦੀਪ ਧਾਲੀਵਾਲ ਝਲੂਰ**
**ਬਰਨਾਲਾ**

ਦੋਸਤੋਂ ਸੁਪਨੇ ਸਾਰਿਆਂ ਨੂੰ ਆਉਂਦੇ ਹਨ ।ਅਮੀਰ-ਗਰੀਬ ਅੱਖਾਂ ਵਿੱਚ ਸੁਪਨੇ ਬੁਣਦੇ ਹਨ।ਕਈ ਲੋਕ ਸੁਪਨੇ ਦਿਨ ਵੇਲੇ ਖੁੱਲੀਆਂ ਅੱਖਾਂ ਨਾਲ ਦੇਖਦੇ ਹਨ।ਦੋਸਤੋ, ਸੁਪਨੇ ਬੜੇ ਅਜੀਬ ਜਿਹੇ ਹੁੰਦੇ ਹਨ ਕਈ ਵਾਰ ਬਹੁਤ ਖੁਸ਼ੀ ਦਿੰਦੇ ਹਨ ਕਈ ਵਾਰ ਬਹੁਤ ਡਰ ਪੈਦਾ ਕਰਦੇ ਹਨ। ਸੁਪਨੇ ਉਹ ਬਿਰਤਾਂਤ ਹਨ ਜੋ ਅਸੀਂ ਗੂੜੀ ਨੀਂਦ ਵਿੱਚ ਦੇਖਦੇ ਹਾਂ, ਅਨੁਭਵ ਕਰਦੇ ਹਾਂ ਅਤੇ ਮਹਿਸੂਸ ਕਰਦੇ ਹਾਂ।ਸੁਪਨੇ ਕਲਪਨਾ ਵਰਗੇ ਹੁੰਦੇ ਹਨ। ਸੁਪਨੇ ਮਨੁੱਖੀ ਜ਼ਿੰਦਗੀ ਦਾ ਖ਼ੂਬਸੂਰਤ ਅਨੁਭਵ ਹੁੰਦੇ ਹਨ। ਜੇਕਰ ਇਹਨਾਂ ਅਨੁਭਵਾਂ ਨੂੰ ਬੂਰ ਨਹੀਂ ਪੈਂਦਾ ਤਾਂ ਸਾਡੇ ਸੁਪਨੇ ਮਰ ਜਾਂਦੇ ਹਨ। ਕਈ ਵਾਰ ਹਾਲਾਤ ਸਾਨੂੰ ਇਹਨਾਂ ਤੋੜ ਦਿੰਦੇ ਹਨ ਕਿ ਸਾਡੇ ਦੇਖੇ ਹੋਏ ਸੁਪਨੇ ਟੁੱਟ ਕੇ ਚਕਨਾਚੂਰ ਹੋ ਜਾਂਦੇ ਹਨ। ਕਈ ਵਾਰ ਸੁਪਨੇ ਏਨੇ ਅਨੰਦਦਾਇਕ ਹੁੰਦੇ ਹਨ ਕਿ ਰੋਜ਼ ਹੀ ਦਿਲ ਕਰਦਾ ਹੈ ਕਿ ਜਲਦੀ ਸੌਂ ਜਾਈਏ ਤੇ ਫਿਰ ਸੁਪਨੇ ਲਈਏ। ਪਰ ਸਵੇਰ ਹੋਣ ਤੇ ਫਿਰ ਟੁੱਟ ਜਾਂਦੇ ਹਨ।ਸੁਪਨੇ ਸਿਰਜਣਾਤਮਕ, ਅਜੀਬ, ਸੰਭਾਵਨਾਵਾਂ ਨਾਲ ਭਰੇ ਸਾਡੀ ਪਦਾਰਥਕ ਸੰਸਾਰ ਦੀਆਂ ਸਰੀਰਕ ਸੀਮਾਵਾਂ ਤੋਂ ਪਰੇ ਜਾਂਦੇ ਹਨ।ਸੁਪਨੇ ਇੱਕ ਪ੍ਰਤੀਬਿੰਬ, ਕਈ ਵਾਰ ਬੇਤਰਤੀਬੇ ਵੀ ਹੁੰਦੇ ਹਨ। ਕਈ ਵਾਰ ਇਨਸਾਨ ਸੁਪਨੇ ਨੀਂਦ ਵਿੱਚ ਦੇਖਦਾ ਹੈ ਤੇ ਉਨਾਂ ਨੂੰ ਪੂਰਾ ਕਰਨ ਦੀ ਹੋੜ ਵਿੱਚ ਲੱਗਾ ਰਹਿੰਦਾ ਹੈ ਜੋ ਕਿ ਉਹ ਕਦੇ ਵੀ ਪੂਰੇ ਨਹੀਂ ਹੁੰਦੇ। ਅਸਲ ਵਿੱਚ ਜੋ ਇਨਸਾਨ ਸੁਪਨੇ ਹੋਸ਼ ਹਵਾਸ ਜਾਂ ਖੁੱਲੀਆਂ ਅੱਖਾਂ ਨਾਲ ਦੇਖਦੇ ਹਨ ਜਿਆਦਾਤਰ ਉਹੀ ਹੀ ਸੁਪਨਿਆਂ ਨੂੰ ਪੂਰਾ ਕਰਨ ਵਿੱਚ ਕਾਮਯਾਬ ਹੁੰਦੇ ਹਨ। ਅਕਸਰ ਇਹੋ ਸੁਣਿਆ ਗਿਆ ਹੈ ਲੋਕਾਂ ਤੋਂ ਕਿ ਸਾਡੇ ਸੁਪਨੇ ਮਰ ਗਏ ਹਨ ਉਹ ਗੂੜੀ ਨੀਂਦ ਵਿੱਚ ਆਏ ਖਿਆਲਾਂ ਨੂੰ ਹੀ ਆਪਣੀ ਜ਼ਿੰਦਗੀ ਦਾ ਜ਼ਰੂਰੀ ਹਿੱਸਾ ਬਣਾ ਲੈਂਦੇ ਹਨ ਤੇ ਜਦੋਂ ਜਾਗ ਆਉਦੀ ਹੈ ਫਿਰ ਅਸਲੀਅਤ ਜਾਣ ਕੇ ਉਦਾਸ ਹੋ ਜਾਂਦੇ ਹਨ ।ਪਰ ਉਹ ਦੇਖੇ ਸੁਪਨੇ ਬੜੇ ਹੀ ਰੋਮਾਂਚਿਤ ਹੁੰਦੇ ਹਨ। ਜੋ ਅਲੱਗ ਜਿਹੀ ਖ਼ੁਸ਼ੀ ਦਿੰਦੇ ਹਨ।ਕਈ ਵਾਰ ਸਾਡੇ ਸੁਪਨੇ ਸਾਕਾਰ ਨਹੀਂ ਹੁੰਦੇ ਅਤੇ ਟੀਚੇ ਦੀ ਪ੍ਰਾਪਤ ਨਹੀਂ ਹੁੰਦੀ ਤਾਂ ਅਸੀਂ ਉਦਾਸ ਹੋ ਜਾਂਦੇ ਹਨ। ਹਾਰ ਮੰਨ ਲੈਂਦੇ ਹਾਂ ਕਹਿੰਦੇ ਹਾਂ ਕਿ ਮੇਰੇ ਸੁਪਨੇ ਚਾਅ ਮਰ ਗਏ ਹਨ ਆਪਣੀ ਇੱਛਾ ਨਾ ਪੂਰੀ ਹੋਣ ਤੇ ਜਾਂ ਕਿਸੇ ਚੀਜ਼ ਦੇ ਨਾ ਮਿਲਣ ਤੇ ਅਕਸਰ ਅਸੀਂ ਕਿਸੇ ਨੂੰ ਜਾਂ ਕਿਸੇ ਚੀਜ਼ ਨੂੰ ਦੋਸ਼ੀ ਠਹਿਰਾਉਂਦੇ ਹਾਂ।ਕਈ ਵਾਰ ਅਸੀਂ ਆਪਣੇ ਆਪ ਨੂੰ ਸਵੀਕਾਰ ਨਹੀਂ ਕਰ ਪਾਉਂਦੇ ਕਿ ਇਸ ਸੰਸਾਰ ਵਿੱਚ ਕੁਝ ਅਜਿਹਾ ਹੋ ਸਕਦਾ ਹੈ ਜੋ ਅਸੀ ਆਪਣੇ ਲਈ ਸੋਚਿਆ ਸੀ ਉਹ ਤੁਹਾਨੂੰ ਕੁਝ ਪਤਾ ਨਹੀਂ ਹੋ ਸਕਦਾ, ਕਿ ਇੱਥੇ ਕੁਝ ਅਜਿਹਾ ਹੈ ਜੋ ਸਾਡੇ ਨਿਯੰਤਰਣ ਤੋਂ ਬਗੈਰ ਵਾਪਰਦਾ ਹੈ।ਕਈ ਵਾਰ ਆਪਾਂ ਕਈ ਚੀਜ਼ਾਂ ਜਿਨਾਂ ਨੂੰ ਆਪਣੇ ਕੰਟਰੋਲ ਹੇਠ ਕਰਨ ਲਈ ਸੁਪਨੇ ਦੇਖ ਲੈਂਦੇ ਹਾਂ ਜੋ ਕਿ ਪੂਰੇ ਹੋਣੇ ਅਸੰਭਵ ਹਨ ।ਸੁਪਨੇ ਅਸਪੱਸ਼ਟ ਤੇ ਗੁੰਝਲਦਾਰ ਹੁੰਦੇ ਹਨ। ਮਨੋ-ਵਿਗਿਆਨੀਆਂ ਨੇ ਕਿਹਾ ਹੈ ਕਿ ਸੁਪਨੇ ਮਨ ਅੰਦਰ ਦੱਬੀਆਂ ਖੁਆਹਿਸਾਂ ਦੀ ਪੂਰਤੀ ਹੁੰਦੇ ਹਨ । ਮਨੋਚਿਕਿਤਸਕ ਸਿਗਮੰਡ ਫਰਾਇਡ ਅਤੇ ਜੁੰਗ ਦਾ ਵਿਚਾਰ ਸੀ ਕਿ ਸੁਪਨਿਆਂ ਦੁਆਰਾ ਅਸੀਂ ਗੁਪਤ ਖਾਹਿਸ਼ਾਂ ਨੂੰ ਸੁਖਦਾਇਕ ਪ੍ਰਤੀਕਾਂ ਦਾ ਬਦਲ ਦੇ ਦਿੰਦੇ ਹਾਂ। ਇਸ ਤਰਾਂ ਅਸੀਂ ਆਪਣੇ ਮਨ ਨੂੰ ਸਤਾ ਰਹੀਆਂ ਬਿਰਤੀਆਂ ਨੂੰ ਛੁਪਾ ਲੈਂਦੇ ਹਾਂ।ਉਸ ਨੇ ਸੁਪਨਿਆਂ ਨੂੰ ਦੱਬੀਆਂ ਖਾਹਿਸ਼ਾਂ ਦੀ ਪੂਰਤੀ ਦੱਸਿਆ ਹੈ।ਸੁਪਨੇ ਲੈਂਦੇ ਸਮੇਂ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਉਹ ਸਭ ਹੂਬਹੂ ਵਾਪਰ ਰਿਹਾ ਹੋਵੇ ਅਸੀਂ ਅਸਲੀ ਜ਼ਿੰਦਗੀ ਜੀ ਰਹੇ ਹੋਈਏ ਪਰ ਜਦੋਂ ਜਾਗ ਆਉਂਦੀ ਹੈ ਤਾਂ ਇਹ ਕਲਪਨਾ ਜਿਹੀ ਪ੍ਰਤੀਤ ਹੁੰਦੀ ਹੈ।ਤੇ ਜਦੋਂ ਅਸੀਂ ਨੀਂਦ ਵਿਚੋਂ ਬਾਹਰ ਹੋ ਕੇ ਦੇਖਦੇ ਹਾਂ ਤਾਂ ਸਭ ਕੁੱਝ ਇਸਦੇ ਉਲਟ ਹੁੰਦਾ ਹੈ।ਸੋ ਦੋਸਤੋ, ਸੁਪਨੇ ਕਦੇ ਵੀ ਪੂਰੇ ਨਹੀਂ ਹੁੰਦੇ ਜੋ ਅਸੀਂ ਕਲਪਨਾ ਵਿੱਚ ਦੇਖਦੇ ਹਾਂ, ਸੋਚਦੇ ਹਾਂ।ਕਦੇ ਵੀ ਨਰਾਜ਼ ਨਾ ਹੋਵੋ, ਸੁਪਨੇ ਹਮੇਸ਼ਾ ਜਾਗਦੇ ਹੋਏ, ਦੇਖੋ ਤਾਂ ਜੋ ਉਨਾਂ ਨੂੰ ਪੂਰਾ ਕੀਤਾ ਜਾ ਸਕੇ।

# ਸ੍ਰੀ ਅਕਾਲ ਤਖ਼ਤ ਸਾਹਿਬ ਦਾ ਉਦੇਸ਼ ਤੇ ਮੁੱਖ ਸੇਵਾਦਾਰ





**ਰਣਜੀਤ ਸਿੰਘ ਕੁਕੀ**

ਸਿੱਖ ਕੌਮ ਲਈ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਮੀਰੀ-ਪੀਰੀ ਦੇ ਸਿਧਾਂਤ ਨੂੰ ਸਿੱਖ ਕੌਮ ਸਾਹਮਣੇ ਲਿਆ ਕੇ ਧਰਮ ਦੀ ਰਾਜਸੀ ਅਗਵਾਈ ਲਈ ਤੇ ਕੌਮ ਨੂੰ ਰਾਜਸੀ ਸ਼ਕਤੀ ਵਿੱਚ ਪ੍ਰਪੱਕ ਕਰਨ ਦੀ ਮਨਸ਼ਾ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ ਸੀ। ਉਸ ਤੋਂ ਬਾਅਦ ਸਮੇਂ ਸਮੇਂ ਸਿਰ ਸਿੱਖ ਕੌਮ ਨੂੰ ਆਈਆਂ ਦਰਪੇਸ਼ ਮੁਸ਼ਕਲਾਂ ਦੇ ਚੱਲਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ, ਰਾਜਨੀਤਿਕ ਤੌਰ 'ਤੇ ਸਦਾ ਅਗਵਾਈ ਮਿਲਦੀ ਰਹੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹਮੇਸ਼ਾ ਸਿੱਖ ਕੌਮ ਦੀਆਂ ਦੁਸ਼ਮਣ ਤਾਕਤਾਂ ਲਈ ਰੜਕਦੀ ਰਹੀ ਹੈ। ਪਰ ਲੰਮੇ ਸਮੇਂ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਕੌਮ ਦੀ ਇੱਕ ਆਜ਼ਾਦ ਪ੍ਰਭੁਸੱਤਾ ਦੇ ਚਿੰਨ ਵਜੋਂ ਉਭਰਦਾ ਰਿਹਾ ਹੈ ਤੇ ਇਸਦੀ ਅਗਵਾਈ ਹੇਠ ਸਿੱਖ ਕੌਮ ਦੇ ਕੌਮੀ ਮਸਲਿਆਂ ਲਈ ਤੇ ਸਿੱਖ ਕੌਮ ਨੂੰ ਅਗਵਾਈ ਦੇਣ ਲਈ ਸਮੂਹ ਸਿੱਖਾਂ ਦਾ ਇਕੱਠ ਸਰਬੱਤ ਖਾਲਸੇ ਦੇ ਰੂਪ ਵਿੱਚ ਇਕੱਤਰ ਹੁੰਦਾ ਰਿਹਾ ਹੈ।

ਇਹ ਪ੍ਰਥਾ ਦੇ ਚੱਲਦਿਆਂ ਅੱਜ ਦੇ ਯੁੱਗ ਵਿੱਚ ਜਦੋਂ ਤੋਂ ਸ਼੍ਰੋਮਣੀ ਕਮੇਟੀ ਹੋਂਦ ਵਿੱਚ ਆਈ ਹੈ ਉਸ ਵਕਤ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਦਾ ਪ੍ਰਤੀਕ ਉਥੋਂ ਦੇ ਮੁੱਖ ਸੇਵਾਦਾਰ ਜਥੇਦਾਰ ਸਿੰਘ ਸਾਹਿਬ ਦੇ ਰੂਪ ਵਿੱਚ ਕੌਮ ਦੇ ਸਾਹਮਣੇ ਆਇਆ। ਇਸ ਅਧੀਨ ਕੁਝ ਅਜਿਹੇ ਸਿੱਖ ਕੌਮ ਦੀ ਪ੍ਰੰਪਰਾ ਵਿੱਚ ਬਦਲਾਅ ਆਏ ਕਿ ਸਿੱਖ ਕੌਮ ਦੇ ਗ੍ਰੰਥੀ ਸਿੰਘ ਤੇ ਸੇਵਾਦਾਰ ਰਾਜਸੱਤਾ ਦੇ ਸੁਮੇਲ ਨਾਲ ਸਿੰਘ ਸਾਹਿਬਾਨ ਤੇ ਕਾਗਜ਼ਾਂ ਵਿੱਚ ਕੌਮ ਦੇ ਮੁੱਖ ਨਾਇਕ ਬਣ ਬੈਠੇ। ਇਸ ਨਾਲ ਗੁਰੂ ਦੇ ਕਹੇ ਵਾਕ ਅਨੁਸਾਰ ਗੁਰੂ ਵੀਹ ਵਿਸਵੇ ਤੇ ਸੰਗਤ ਇੱਕੀ ਵਿਸਵੇ ਵਾਲੀ ਪ੍ਰਥਾ ਮੱਧਮ ਪੈ ਗਈ ਤੇ ਆਮ ਸਿੱਖ ਕਾਫੀ ਹੱਦ ਤੱਕ ਆਪਣੇ ਅਧਿਕਾਰਾਂ ਤੋਂ ਰਹਿਤ ਕਰ ਦਿੱਤੇ ਗਏ। ਸਿੱਖ ਕੌਮ ਵਿੱਚ ਕੇਵਲ ਪੁਜਾਰੀਵਾਦ ਦਾ ਬੋਲਬਾਲਾ ਹੋ ਗਿਆ ਤੇ ਰਾਜਨੀਤੀਵਾਨਾਂ ਨੇ ਡੇਰੇਵਾਦ ਦਾ ਸਾਥ ਲੈ ਕੇ ਦੂਸਰੇ ਧਰਮਾਂ ਦੇ ਪੁਜਾਰੀਆਂ ਵਾਂਗ ਆਪਣਾ ਹੀ ਡੰਮਵਾਦ ਸ਼ੁਰੂ ਕਰ ਲਿਆ।

**ਸਿਰਜਣਾ ਦਿਵਸ**

ਇਸ ਵੱਲ ਸਿੱਖ ਕੌਮ ਦਾ ਧਿਆਨ ਮੁੱਖ ਰੂਪ ਵਿੱਚ ਉਸ ਵੇਲੇ ਸਾਹਮਣੇ ਆਇਆ ਜਦੋਂ ਜੂਨ 1984 ਵਿੱਚ ਭਾਰਤੀ ਫੌਜੀ ਹਮਲੇ ਤੋਂ ਬਾਅਦ ਭਾਰਤੀ ਹੁਕਮਰਾਨਾਂ ਦੇ ਦਬਾਅ ਅਧੀਨ ਇਨਾਂ ਗ੍ਰੰਥੀ ਸ਼੍ਰੇਣੀਆਂ ਵਿਚੋਂ ਸਿੱਖਾਂ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਥਾਪੇ ਗਏ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਨੇ ਭਾਰਤੀ ਮੀਡੀਆ ਰਾਹੀਂ ਸਿੱਖ ਕੌਮ ਨੂੰ ਆਪਣੇ ਸੰਦੇਸ਼ ਰਾਹੀਂ ਗੁਮਰਾਹਕੁੰਨ ਬਿਆਨ ਦਿੰਦਿਆਂ ਹੋਇਆਂ ਇਹ ਦੱਸਣਾ ਚਾਹਿਆ ਕਿ ਭਾਰਤੀ ਫੌਜ ਦੇ ਹਮਲੇ ਦੌਰਾਨ ਸਿੱਖਾਂ ਦੀ ਮੀਰੀ ਪੀਰੀ ਦਾ ਚਿੰਨ ਸ੍ਰੀ ਅਕਾਲ ਤਖ਼ਤ ਸਾਹਿਬ ਪੂਰੀ ਤਰਾਂ ਸੁਰਖਿਅਤ ਹੈ ਜੋ ਕਿ ਕੋਰਾ ਝੂਠ ਸੀ। ਇਸ ਨਾਲ ਇਸ ਜਥੇਦਾਰ ਜਮਾਤ ਪ੍ਰਤੀ ਸਿੱਖ ਕੌਮ ਅੰਦਰ ਬਣਿਆ ਪ੍ਰਭੂਸੱਤਾ ਵਾਲਾ ਪ੍ਰਭਾਵ ਸਮੇਂ ਨਾਲ ਘਟਦਾ ਚਲਾ ਗਿਆ। ਇਹ ਸ਼੍ਰੇਣੀ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਲਈ ਪੂਰੀ ਤਰਾਂ ਨਾਲ ਸ਼੍ਰੋਮਣੀ ਪ੍ਰਬੰਧਕ ਕਮੇਟੀ ਅਤੇ ਉਸ ਨਾਲ ਜੁੜੀ ਰਾਜਸੀ ਜਮਾਤ ਸ਼੍ਰੋਮਣੀ ਆਕਲੀ ਦਲ ਦੇ ਪੂਰਨ ਦਬਾਅ ਹੇਠ ਆ ਗਈ। ਜਿਸ ਕਰਕੇ ਸਮੇਂ ਸਮੇਂ ਅਨੁਸਾਰ ਇਹ ਸਿੰਘ ਸਾਹਿਬਾਨ ਜੱਥੇਦਾਰਾਂ ਪਾਸੋਂ ਰਾਜਸੀ ਮੰਤਵਾਂ ਦੀ ਪੂਰਤੀ ਲਈ ਅਨੇਕਾਂ ਵਾਰ ਵਿਵਾਦ-ਗ੍ਰਸਤ ਇੱਕ ਪਾਸੜ ਹੁਕਮਨਾਮੇ ਸਿੱਖ ਕੌਮ ਲਈ ਜਾਰੀ ਕਰਦੇ ਰਹੇ। ਜੋ ਕਿ ਇੱਕ ਤਰਾਂ ਨਾਲ ਆਮ ਸਿੱਖਾਂ ਨੂੰ ਜੱਥੇਦਾਰ ਸਾਹਿਬਾਨਾਂ ਦੀ ਅਗਵਾਈ ਤੋਂ ਦੂਰ ਕਰਨ ਵਿੱਚ ਇੱਕ ਕਾਰਨ ਬਣੇ। ਇਸਦਾ ਪ੍ਰਭਾਵ ਸਿੱਖ ਕੌਮ ਵੱਲੋਂ ਦੋ ਦਹਾਕੇ ਚੱਲੇ ਸੰਘਰਸ਼ ਦੌਰਾਨ ਵੀ ਵਾਰ-ਵਾਰ ਸਾਹਮਣੇ ਆਇਆ। ਇਸਦੀ ਪ੍ਰਭੂਸੱਤਾ ਨੂੰ ਚੈਲਿੰਜ਼ ਦੇ ਰੂਪ ਵਿੱਚ ਕਈਆਂ ਵੱਲੋਂ ਆਪਣੀ ਤਾਕਤ ਦਾ ਬਲਬੂਤਾ ਸਮਝ ਕੇ ਆਪਣੇ ਆਪ ਨੂੰ ਹੀ ਅਕਾਲ ਤਖ਼ਤ ਦਾ ਸਰਪ੍ਰਸਤ ਦੱਸਦੇ ਹੋਏ ਜੱਥੇਦਾਰ ਦੇ ਰੂਪ ਵਿੱਚ ਸਿੱਖ ਕੌਮ ਦੇ ਸਾਹਮਣੇ ਆਏ। ਜਿਸਦਾ ਸਿੱਖ ਸੰਘਰਸ਼ ਅਤੇ ਸਿੱਖ ਕੌਮ ਉੱਪਰ ਅਜਿਹਾ ਅਸਰ ਹੋਇਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਹਿਨੁਮਾਈ ਕਰਨ ਵਾਲੇ ਮੁੱਖ ਸੇਵਾਦਾਰਾਂ ਤੋਂ ਸਿੱਖਾਂ ਦਾ ਵਿਸਵਾਸ਼ ਘਟਦਾ ਹੀ ਗਿਆ। ਇਸਦੀ ਤਾਜਾ ਮਿਸਾਲ ਕੁਝ ਚਿਰ ਪਹਿਲਾਂ ਦੇ ਸਮੇਂ ਦੀ ਗੱਲ ਕਰੀਏ ਤਾਂ ਇਨਾਂ ਮੁੱਖ ਜੱਥੇਦਾਰ ਸਾਹਿਬਾਨ ਤੇ ਰਾਜਸੀ ਦਬਾਅ ਕਾਰਨ ਲਿਆ ਗਿਆ ਸੌਦਾ ਸਾਧ ਦੇ ਮਾਫੀਨਾਮੇ ਦਾ ਫੈਸਲਾ ਵੀ ਮੁੱਖ ਘਟਨਾ ਹੈ। ਜੋ ਕਿ ਅੱਜ ਤੱਕ ਵਿਵਾਦਾਂ ਦੇ ਘੇਰੇ ਵਿੱਚ ਹੈ। ਇਸ ਤੋਂ ਬਾਅਦ ਪੰਜਾਬ ਅੰਦਰ ਬਰਗਾੜੀ ਵਿਖੇ ਹੋਈ ਗੁਰੂ ਗ੍ਰੰਥ ਸਾਹਿਬ ਦੀ ਘੋਰ ਬੇਅਦਬੀ ਦੇ ਕਾਰਨ ਤੇ ਜਥੇਦਾਰ ਸਾਹਿਬਾਨਾਂ ਵੱਲੋਂ ਉਸ ਪ੍ਰਤੀ ਦਿਖਾਈ ਬੇਰੁਖੀ ਸਦਕਾ ਸਿੱਖ ਕੌਮ ਦੇ ਇੱਕ ਹਿੱਸੇ ਵਲੋਂ ਆਪਣੇ ਤੌਰ 'ਤੇ ਇਨਾਂ ਦੇ ਬਰਾਬਰ ਜਥੇਦਾਰ ਸਾਹਿਬਾਨਾਂ ਨੂੰ ਖੜੇ ਕਰ ਦਿੱਤਾ ਗਿਆ ਹੈ। ਇਸ ਨਾਲ ਦਿਨ-ਪ੍ਰਤੀ ਦਿਨ ਮੁੱਖ ਜਥੇਦਾਰ ਸਾਹਿਬਾਨ ਜਿਨਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਿਯੁਕਤ ਕੀਤਾ ਹੋਇਆ ਹੈ ਤੇ ਦੂਜੇ ਪਾਸੇ ਸਿੱਖ ਸੰਗਤ ਦੇ ਕੁਝ ਹਿੱਸੇ ਵੱਲੋਂ ਜੋ ਜੱਥੇਦਾਰ ਥਾਪੇ ਗਏ ਹਨ, ਇਨਾਂ ਵਿਚਕਾਰ ਅਜਿਹੇ ਵਿਵਾਦ ਤੇ ਟਕਰਾਅ ਦੀ ਸਥਿਤੀ ਸਿੱਖ ਕੌਮ ਅੰਦਰ ਪੈਦਾ ਹੋ ਰਹੀ ਹੈ ਜਿਸ ਨਾਲ ਸਿੱਖ ਕੌਮ ਤਾਂ ਵੰਡੀ ਹੀ ਨਜ਼ਰ ਆ ਰਹੀ ਹੈ ਸਗੋਂ ਆਮ ਸਿੱਖ ਦਾ ਵੀ ਇਸ ਮਹਾਨ ਪ੍ਰਭੂਸੱਤਾ ਵਾਲੇ ਰੁਤਬੇ ਪ੍ਰਤੀ ਵੀ ਮਾਣ ਤੇ ਸਤਿਕਾਰ ਖਿੜਕਦਾ ਜਾ ਰਿਹਾ ਹੈ।

ਇਸ ਲਈ ਅੱਜ ਸਮੁੱਚੀ ਸਿੱਖ ਕੌਮ ਨੂੰ ਇਸ ਪ੍ਰਸ਼ਨ ਨੂੰ ਹੱਲ ਕਰਨ ਲਈ ਦੇਸ਼ ਵਿਦੇਸ਼ਾਂ ਵਿੱਚ ਰਲ ਬੈਠ ਕੇ ਵਿਚਾਰ ਕਰਨੀ ਚਾਹੀਦੀ ਹੈ ਤਾਂ ਜੋ ਇਸ ਮਾਣਮੱਤੇ ਇਤਿਹਾਸ ਨੂੰ ਗੁਰੂ ਸਾਹਿਬ ਵੱਲੋਂ ਦਿੱਤੇ ਗਏ ਉਪਦੇਸ਼ਾਂ ਅਧੀਨ ਲੀਹ ਤੇ ਲਿਆਂਦਾ ਜਾ ਸਕੇ। ਇਸ ਲਈ ਇਨਾਂ ਇਤਿਹਾਸਕ ਤਖ਼ਤ ਸਾਹਿਬਾਨ ਦੇ ਮੁੱਖ ਸੇਵਾਦਾਰ ਸਿੰਘ ਸਾਹਿਬ ਜੱਥੇਦਾਰ ਸਮੂਹ ਕੌਮ ਤੇ ਪੰਥ ਦੇ ਸਰਬ-ਪ੍ਰਵਾਨਤ ਹੋਣੇ ਚਾਹੀਦੇ ਹਨ ਤਾਂ ਜੋ ਇਨਾਂ ਤਖ਼ਤ ਸਾਹਿਬਾਨਾਂ ਦੀ ਪ੍ਰਭੂਸਤਾ ਨੂੰ ਕਾਇਮ ਰੱਖਿਆ ਜਾ ਸਕੇ ਤੇ ਪੰਥ ਵਿੱਚ ਆਈ ਰਹਿਤ-ਮਰਿਯਾਦਾ ਪ੍ਰਤੀ ਦੁਬਿਧਾ ਤੇ ਸਮੂਹ ਗੁਰਪੁਰਬਾਂ ਦੀਆਂ ਤਾਰੀਕਾਂ ਵੀ ਇੱਕੋ ਸਮੇਂ ਮਨਾਈਆਂ ਜਾ ਸਕਣ।

# ਧਾਰਮਿਕ ਮਾਨਤਾਵਾਂ, ਧਰਮ ਤੇ ਧਰਮ ਪਰਿਵਰਤਨ

**ਅਮਰਜੀਤ ਅਰਪਨ**

ਕੋਈ ਵੀ ਚੇਤਨ ਪ੍ਰਾਣੀ ਕਿਸੇ ਵੀ ਧਰਮ ਨੂੰ ਮੰਨ ਸਕਦੈ, ਇਹ ਉਸਦੀ ਸ਼ਖ਼ਸੀ ਆਜ਼ਾਦੀ ਹੈ। ਬੱਚਾ ਮੂਲੋਂ ਧਾਰਮਿਕ ਨਹੀਂ ਹੁੰਦਾ, ਉਸ ਦੇ ਘਰ ਦਾ ਮਾਹੌਲ ਉਸ ਨੂੰ ਧਾਰਮਿਕ ਮਾਨਤਾਵਾਂ ਵਾਲੇ ਪਾਸੇ ਤੋਰਦੈ, ਉਸ ਧਰਮ ਦੀ ਸੋਝੀ ਉਸ ਨੂੰ ਵੱਡੇ ਹੋ ਕੇ ਕਿੰਨੀ ਕੁ ਆਉਂਦੀ ਹੈ ਜਾਂ ਨਹੀਂ, ਪਰ ਉਹ ਹਿੰਦੂ, ਸਿੱਖ ਜਾਂ ਮੁਸਲਮਾਨ ਪਹਿਚਾਣਾ ਜਾਂ ਉਨਾਂ ਧਾਰਮਿਕ ਪ੍ਰਤੀਕਾਂ ਨੂੰ ਮੰਨਣ ਲੱਗ ਪੈਂਦਾ ਹੈ। ਇਨਾਂ 'ਚੋਂ ਅਜਿਹੇ ਵੀ ਹੁੰਦੇ ਨੇ ਜੋ ਧਾਰਮਿਕ ਪ੍ਰਤੀਕਾਂ ਨੂੰ ਤਾਂ ਮੰਨ ਰਹੇ ਹੁੰਦੇ ਹਨ ਪਰ ਉਹ ਧਾਰਮਿਕ ਨਹੀਂ ਹੁੰਦੇ। ਕਿਸੇ ਵੀ ਨਾਗਰਿਕ ਨੂੰ ਸੰਵਿਧਾਨ ਇਜ਼ਾਜ਼ਤ ਦਿੰਦਾ ਹੈ ਕਿ ਉਹ ਕੋਈ ਵੀ ਧਰਮ ਅਪਣਾ ਸਕਦਾ ਹੈ ਜਾਂ ਕਿਸੇ ਵੀ ਧਰਮ ਨੂੰ ਨਾ ਮੰਨੇ ਇਹ ਉਸ ਨੂੰ ਅਜ਼ਾਦੀ ਹੈ। ਸੰਵਿਧਾਨ ਕੀ ਅਜ਼ਾਦੀ ਦਿੰਦਾ ਹੈ? ਇਸ ਨੂੰ ਨਾ ਗੌਲਦੇ ਹੋਏ ਜ਼ਮੀਨੀ ਹਕੀਕਤਾਂ ਹੋਰ ਹਨ। ਪਹਿਲੀ ਗੱਲ ਇਹ ਕਿ ਜਿਸ ਘਰ ਵਿਚ ਬੱਚਾ ਪੈਦਾ ਹੁੰਦਾ ਹੈ, ਉਸਦਾ ਉਹੀ ਧਰਮ ਮੰਨਿਆ ਜਾਂਦਾ ਹੈ। ਪਰ ਇਹ ਵਰਤਾਰਾ ਟੁੱਟਦਾ ਵੀ ਵੇਖਦੇ ਰਹੇ ਹਾਂ।ਕਈ ਹਿੰਦੂ ਤੇ ਮੁਸਲਮਾਨ ਸਿੱਖ ਬਣੇ ਹਨ, ਕਈ ਉਦਾਹਰਣਾਂ ਮਿਲ ਜਾਣਗੀਆਂ। ਕਈ ਅੰਗਰੇਜ਼ ਵੀ ਸਿੱਖੀ ਵਿਚ ਆਏ ਹਨ। ਸਾਨੂੰ ਮਾਣ ਵੀ ਹੁੰਦੈ ਤੇ ਸਿੱਖੀ ਨੂੰ ਅਸੀਂ ਵਡਿਆਉਂਦੇ ਵੀ ਹਾਂ। ਸਾਡੇ ਵਿਰੁੱਧ ਅਗਰ ਕੋਈ ਇਹ ਪ੍ਰਚਾਰ ਕਰਨਾ ਸ਼ੁਰੂ ਕਰ ਦੇਵੇ ਕਿ ਸਿੱਖ ਲਾਲਚ ਦੇ ਕੇ ਜਾਂ ਵਰਗਲਾ ਕੇ ਧਰਮ ਪਰਿਵਰਤਨ ਕਰਵਾ ਰਹੇ ਹਨ, ਸੋਚੋ ਸਾਨੂੰ ਕਿੰਨਾ ਬੁਰਾ ਲੱਗੇਗਾ। ਇਵੇਂ ਹੀ ਕੋਈ ਸਿੱਖ ਹੋਰ ਕੋਈ ਧਰਮ ਪਰਿਵਰਤਨ ਕਰਦੈ ਤਾਂ ਤਕਲੀਫ਼ ਕੀ ਹੈ?

ਆਪਾਂ ਕਦੇ ਇਹ ਸੋਚਿਐ ਕਿ ਧਰਮ ਪਰਿਵਰਤਨ ਨੂੰ ਤੂਲ ਦੇਣ ਵਾਲਿਆਂ ਦੀ ਮਨਸ਼ਾ ਕੀ ਹੈ? ਲਾਜ਼ਮੀ ਹੀ ਇਨਾਂ ਦੇ ਰਾਜਨੀਤਕ ਮੁਫ਼ਾਦ ਹੁੰਦੇ ਹਨ। ਕੁੱਝ ਧਾਰਮਿਕ ਕੱਟੜਪੰਥੀ, ਏਜੰਸੀਆਂ ਦੇ ਲੋਕ, ਰਾਜਨੀਤਕ ਲੋਕ ਇਹ ਸਾਰੇ ਮਿਲ ਕੇ ਰਾਜਨੀਤਕ ਰੋਟੀਆਂ ਸੇਕਣ ਲਈ ਭਾਵਨਾਵਾਂ ਨੂੰ ਭੜਕਾਉਂਦੇ ਹਨ। ਕਈ ਵਾਰ ਰਾਜਨੀਤਕ ਹਾਲਾਤ ਉਨਾਂ ਦੇ ਫੇਵਰ ਵਿਚ ਨਹੀਂ ਹੁੰਦੇ, ਬਲਕਿ ਹੋਰ ਨਵੀਂ ਉਠੀ ਧਿਰ ਦੇ ਹੱਕ ਵਿੱਚ ਜਾ ਰਹੇ ਹੁੰਦੇ ਹਨ, ਉਦੋਂ ਇਹੋ ਜਿਹੇ ਭਾਵਨਾਤਮਕ ਮੁੱਦੇ ਤੱਥਾਂ ਨੂੰ ਤੋੜ ਮਰੋੜ ਕੇ ਭੜਕਾਏ ਜਾਂਦੇ ਹਨ।

ਕੋਈ ਵੀ ਧਰਮ ਪਰਿਵਰਤਨ ਕਰਦੈ ਉਸਤੇ ਕਿਸੇ ਤਰਾਂ ਦਾ ਦਬਾਅ ਜਾਂ ਲਾਲਚ ਨਹੀਂ ਹੋਣਾ ਚਾਹੀਦਾ, ਬਸ ਏਥੋਂ ਤੱਕ ਗੱਲ ਵਾਜਬ ਹੈ। ਸਾਨੂੰ ਰਾਜਨੀਤਕ ਲੋਕਾਂ ਦੇ ਪਿੱਛੇ ਲੱਗ ਕੇ ਭਾਵਨਾਵਾਂ ਵਿਚ ਵਹਿ ਕੇ ਭੜਕਾਹਟ ਵਿਚ ਨਹੀਂ ਆਉਣਾ ਚਾਹੀਦਾ।ਜਿਹੜਾ ਵੀ ਦੂਜੇ ਧਰਮ ਵਿਚ ਗਿਆ ਹੈ, ਉਸ ਵਿਰੁੱਧ ਇਕਦਮ ਸਖ਼ਤ ਕਦਮ ਨਹੀਂ ਚੁੱਕਣੇ ਚਾਹੀਦੇ। ਕਸ਼ਮੀਰੀ ਸਿੱਖ ਕੁੜੀ ਦੇ ਮਸਲੇ ਵਿਚ ਬਹੁਤ ਹੀ ਜ਼ਿਆਦਾ ਜਲਦੀ ਕੀਤੀ ਗਈ ਹੈ। ਉਸਦਾ ਫੌਰੀ ਕਿਸੇ ਹੋਰ ਨਾਲ ਵਿਆਹ ਕੀ ਉਸ ਦੀਆਂ ਇਛਾਵਾਂ ਦੇ ਅਨੁਕੂਲ ਕੀਤਾ ਜਾ ਰਿਹਾ ਹੈ? ਇਹ ਮੈਨੂੰ ਸ਼ੱਕ ਹੈ। ਕੀ ਇਹ ਸਿੱਖ ਸਿਧਾਂਤਾਂ ਦੇ ਅਨੁਸਾਰ ਹੈ? ਕੱਲ ਨੂੰ ਇਹੋ ਲੜਕੀ ਇਸ ਸਾਰੇ ਵਰਤਾਰੇ ਦੇ ਵਿਰੁੱਧ ਸੋਸ਼ਲ ਮੀਡੀਏ 'ਤੇ ਆ ਗਈ ਤੇ ਫਿਰ ਸਾਡੇ ਸਿੱਖ ਸਿਧਾਂਤਾਂ ਤੇ ਸਿੱਖੀ ਦਾ ਕੀ ਬਣੇਗਾ? ਅਗਰ ਕੁੜੀ ਖੁਲ ਕੇ ਕਹਿੰਦੀ ਹੈ ਕਿ ਮੇਰਾ ਧਰਮ ਪਰਿਵਰਤਨ ਜਬਰੀ ਜਾਂ ਕਿਸੇ ਲਾਲਚ ਅਧੀਨ ਕਰਵਾਇਐ ਤਾਂ ਕੁੜੀ ਦੇ ਹੱਕ ਵਿੱਚ ਖਲੋਣਾ ਸੱਚੀ ਸਿੱਖੀ ਹੈ।

ਸਾਨੂੰ ਆਮ ਬਸ਼ਿੰਦਿਆਂ ਨੂੰ ਆਪਣਾ ਵਿਵੇਕ ਅਤੇ ਅੱਖਾਂ ਖੋਲ ਕੇ ਰੱਖਣੀਆਂ ਚਾਹੀਦੀਆਂ ਹਨ ਕਿ ਸਾਨੂੰ ਕੋਈ ਭੜਕਾ ਤਾਂ ਨਹੀਂ ਰਿਹਾ। ਅੱਜ ਜ਼ਮਾਨਾ ਸੂਚਨਾ ਦਾ ਹੈ। ਕਿਸੇ ਨੇ ਅਜਿਹੀ ਸਨਸਨੀਖੇਜ਼ ਝੂਠੀ ਖ਼ਬਰ ਫੈਲਾਉਣੀ ਹੋਵੇ ਤਾਂ ਅੱਗ ਵਾਂਗੂੰ ਫੈਲ ਕੇ ਬਹੁਤ ਨੁਕਸਾਨ ਉਦੋਂ ਤੱਕ ਕਰ ਚੁੱਕੀ ਹੁੰਦੀ ਹੈ ਜਦੋਂ ਤੱਕ ਤੱਥਾਂ ਨੂੰ ਫਰੋਲਦੇ ਹਾਂ ਤਾਂ ਸੱਚ ਹੋਰ ਨਿਕਲਦਾ ਹੈ। ਸੱਚ ਵਿਚਾਰਾ ਹੱਥ ਮਲ ਰਿਹਾ ਹੁੰਦਾ ਹੈ ਅਤੇ ਝੂਠ ਉਸ ਨੂੰ ਵੇਖ ਦੂਰੋਂ ਕੱਛਾਂ ਮਾਰ ਮਾਰ ਹੱਸ ਰਿਹਾ ਹੁੰਦਾ ਹੈ।ਇਸ ਸੰਦਰਭ ਵਿਚ ਇਹ ਅਖਾਣ ਬੜਾ ਪਿਆਰਾ ਕਿ 'ਝੂਠ ਸਾਰੇ ਇਲਾਕੇ ਦਾ ਗੇੜਾ ਮਾਰ ਕੇ ਵਾਪਸ ਪਹੁੰਚ ਚੁੱਕਾ ਹੁੰਦਾ ਹੈ, ਜਦੋਂ ਕਿ ਸੱਚ ਹਾਲੇ ਜਾਣ ਲਈ ਅਜੇ ਜੁੱਤੀ ਹੀ ਪਾ ਰਿਹਾ ਹੁੰਦਾ ਹੈ।'

ਸੋ ਮਿੱਤਰੋ ਕਾਰਪੋਰੇਟ ਸੈਕਟਰ, ਮਾੜੀ ਰਾਜਨੀਤੀ, ਏਜੰਸੀਆਂ, ਆਈ ਟੀ ਸੈੱਲ, ਕੱਟੜਪੰਥੀ ਤੇ ਹੋਰ ਦਕੀਆਨੂਸੀ ਮੁਫਾਦਾਂ ਨਾਲ ਜੁੜੀਆਂ ਸ਼ਕਤੀਆਂ ਕਿਸੇ ਵੀ ਘਟਨਾ ਨੂੰ ਲੈ ਕੇ ਸੋਸ਼ਲ ਮੀਡੀਆ ਰਾਹੀਂ ਸਮਾਜ ਦਾ ਵੱਡਾ ਨੁਕਸਾਨ ਕਰ ਸਕਦੀਆਂ ਹਨ। ਸਮਾਜ ਦੀਆਂ ਵੱਡੀਆਂ ਪਰਤਾਂ ਇਨਾਂ ਵਰਤਾਰਿਆਂ ਦੇ ਲੁਕਵੇਂ ਸੱਚ ਨੂੰ ਪਹਿਚਾਣ ਹੀ ਨਹੀਂ ਸਕਦੀਆਂ ਤੇ ਹੋਰ ਗਲਤ ਰੁਝਾਨਾਂ ਦਾ ਸ਼ਿਕਾਰ ਹੋ ਜਾਂਦੀਆਂ ਹਨ। ਸਾਡੇ ਵਰਗੇ ਮਾੜੀ ਮੋਟੀ ਸੂਹ ਰੱਖਣ ਵਾਲੇ ਮਸੋਸ ਕੇ ਰਹਿ ਜਾਂਦੇ ਨੇ ਤੇ ਜਾਂ ਫਿਰ ਚਾਰ ਝਰੀਟਾਂ ਫੇਸਬੁੱਕ 'ਤੇ ਵਾਹ ਕੇ ਜਾਂ ਕਿਸੇ ਅਖਬਾਰ ਦੇ ਕੋਨੇ ਵਿਚ ਰੋਣੇ ਰੋ ਰਹੇ ਹੁੰਦੇ ਹਾਂ।




# ਤਵਾਰੀਖ਼ ਦੇ ਪੰਨਿਆਂ ’ਤੇ ਜੂਨ 1984

(ਭਾਗ-5)

## ਨਿਆਣਿਆਂ ਨੂੰ ਸੁਣਾਇਓ ਹਾਰੇ ਨਹੀਂ ਜਿੱਤੇ ਸੀ ਅਸੀਂ...



ਪਰਮਪਾਲ ਸਿੰਘ ਸਭਰਾਅ
9814991699

ਮਹਾਂਭਾਰਤ ਦੌਰਾਨ ਜਦ ਅਰਜਨ ਨੇ ਕੌਰਵਾਂ ਖ਼ਿਲਾਫ਼ ਜੰਗ ਲੜਨ ਤੋਂ ਇਨਕਾਰ ਕਰ ਦਿੱਤਾ ਤਾਂ ਕ੍ਰਿਸ਼ਨ ਭਗਵਾਨ ਨੇ ਸਮਝਾਉਂਦਿਆਂ ਕਿਹਾ ਕਿ ਜੇ ਅਸੀਂ ਜੰਗ ਜਿੱਤ ਗਏ ਤਾਂ ਇਤਿਹਾਸ ਅਸੀਂ ਲਿਖਾਂਗੇ ਜੇ ਹਾਰ ਗਏ ਤਾਂ ਦੁਸ਼ਮਣ ਇਤਿਹਾਸ ਵਿਚ ਸਾਨੂੰ ਗੁਨਾਹਗਾਰ ਸਿੱਧ ਕਰੇਗਾ, ਜਿੱਤੇ ਤਾਂ ਇਤਿਹਾਸ ਵਿਚ ਦ੍ਰੋਪਤੀ ਦੇਵੀ ਕਹਿਲਾਏਗੀ, ਹਾਰੇ ਤਾਂ ਦੁਸ਼ਮਣ ਉਸ ਨੂੰ ਅਪਮਾਨਿਤ ਕਰ ਕੇ ਬਦਚਲਣ ਸਿੱਧ ਕਰੇਗਾ। ਜੂਨ 1984 ਦੇ ਜੰਗ ਹਿੰਦ ਪੰਜਾਬ ਵਿਚ ਭਾਵੇਂ ਦੋਵਾਂ ਪਾਸਿਆਂ ਦੇ ਮੁਖੀਆਂ ਦੀ ਜਾਨ ਗੁਆਚ ਗਈ ਇਸ ਲਈ ਜੰਗ ਦੀ ਜਿੱਤ ਹਾਰ ਦਾ ਫੈਸਲਾ ਜੰਗੀ ਅਸੂਲਾਂ ਅਨੁਸਾਰ ਵੀ ਬਰਾਬਰ ਤੇ ਖਲੋ ਗਿਆ, ਪਰ ਦੁੱਖ ਇਸ ਗੱਲ ਦਾ ਹੈ ਕਿ 200 ਜੰਗਜੂਆਂ ਨੇ ਵਿਸ਼ਵ ਦੀ ਤੀਸਰੀ ਵੱਡੀ ਜੰਗੀ ਤਾਕਤ ਦੀਆਂ ਪੰਜ ਤਰਾਂ ਦੀਆਂ ਜੰਗੀ ਮਿਸਲਾਂ ਨੂੰ ਜਿਸ ਢੰਗ ਨਾਲ ਧੂੜ ਚਟਾਈ ਉਸ ਦੇ ਅਧਾਰ ਤੇ ਇਸ ਜੰਗ ਦਾ ਜੇਤੂ ਸੰਤ ਜਰਨੈਲ ਸਿੰਘ ਹੈ ਪਰ ਸਿੱਖ ਕੌਮ ਖੁਦ ਹੀ ਦੁਸ਼ਮਣ ਦੀ ਸਾਜਿਸ਼ ਦਾ ਸ਼ਿਕਾਰ ਹੋ ਕੇ ਆਪਣੇ ਜੰਗਜੂਆਂ ਨੂੰ ਬਣਦਾ ਸਨਮਾਨ ਨਹੀਂ ਦੇ ਸਕੀ, 1984 ਵਿਚ ਅੰਮ੍ਰਿਤਸਰ ਵਿਚ ਦੁਹਰਾਈ ਗਈ ਚਮਕੌਰ ਗੜ੍ਹੀ ਦੀ ਦਾਸਤਾਨ ਹਰ ਸਿੱਖ ਬੱਚੇ ਦੇ ਪੋਟਿਆਂ ’ਤੇ ਹੋਣੀ ਚਾਹੀਦੀ ਸੀ, ਪਰ ਸਿੱਖ ਕੌਮ ਸਹੀ ਹੁੰਦਿਆਂ ਵੀ ਦੁਸ਼ਮਣ ਦੀ ਚਾਲ ਵਿਚ ਫਸ ਕੇ 1984 ਦੇ ਮਾਣਮੱਤੇ ਇਤਿਹਾਸ ਤੋਂ ਟਾਲਾ ਵੱਟਦੀ ਹੈ ਜਾਂ ਇਸ ਵਿਸ਼ੇ ਨੂੰ ਖ਼ਤਰਨਾਕ ਮੰਨਕੇ ਡਰ ਜਾਂਦੀ ਹੈ। ਆਉ ਜਾਣੀਏ ਕਿ ਸਾਡੇ ਪੁਰਖੇ ਕੌਮੀ ਅਜ਼ਮਤ ਲਈ ਕਿਵੇਂ ਲੜੇ ਸੀ ਅਸੀਂ ਪਹਿਲੇ ਭਾਗਾਂ ਵਿਚ ਪੜ ਚੁਕੇ ਹਾਂ ਕਿ ਇਕ ਜੂਨ ਨੂੰ ਸ਼ੁਰੂ ਹੋਈ ਗੋਲੀਬਾਰੀ 4 ਜੂਨ ਤੱਕ ਬੰਬਬਾਰੀ ਵਿਚ ਤਬਦੀਲ ਹੋ ਗਈ ਸੀ, ਭਾਰਤੀ ਫੌਜ ਸਮੇਤ ਹੋਰ ਚਾਰ ਫੋਰਸਾਂ ਸਾਂਝਾ ਓਪ੍ਰੇਸ਼ਨ ਚਲਾ ਰਹੀਆਂ ਸਨ। ਭਾਰਤੀ ਫੌਜ ਦੇ ਜਰਨੈਲਾਂ ਕੋਲ ਭਾਵੇਂ ਸੂਹੀਆ ਮਹਿਕਮੇ ਦੀ ਬਹੁਤ ਵੱਡੀ ਜਾਣਕਾਰੀ ਹੋਣ ਦੇ ਬਾਵਜੂਦ ਵੀ ਉਹ ਸਿੱਖ ਜੰਗਜੂਆਂ ਦੀ ਜਵਾਬੀ ਗੋਲੀਬਾਰੀ ਤੋਂ ਉਨਾਂ ਦੇ ਟਿਕਾਣਿਆਂ ਦੀ ਸੂਹ ਲੈਣੀ ਚਾਹੁੰਦੇ ਸੀ। ਇਸ ਲਈ ਤਿੰਨ ਅਤੇ ਚਾਰ ਜੂਨ ਨੂੰ ਫੌਜ ਵਲੋਂ ਭਾਰੀ ਗੋਲਾਬਾਰੀ ਕੀਤੀ ਗਈ। ਜਰਨਲ ਬਰਾੜ ਦਾ ਕਹਿਣਾ ਹੈ ਕਿ ਤਿੰਨ ਤੋਂ ਪੰਜ ਜੂਨ ਤੱਕ ਦਾ ਸਮਾਂ ਸਾਰੇ ਜਰਨੈਲਾਂ ਨੂੰ ਇਹ ਨੀਤੀ ਘੜਣ ਲਈ ਲੱਗਾ ਕਿ ਅੰਦਰ ਦਾਖ਼ਲ ਕਿਵੇਂ ਹੋਣਾ ਹੈ। ਦਰਬਾਰ ਸਾਹਿਬ ਸਮੂਹ ਨੂੰ ਤਿੰਨ ਹਿੱਸਿਆਂ ਵਿਚ ਵੰਡ ਦਿੱਤਾ ਗਿਆ। ਦਰਬਾਰ ਸਾਹਿਬ, ਸਰਾਵਾਂ ਵਾਲਾ ਪਾਸਾ ਅਤੇ ਬਾਹਰੀ ਮੋਰਚੇ, ਤਿੰਨਾਂ ਥਾਵੀਂ ਇਕੋ ਸਮੇਂ ਅੰਦਰ ਲੰਘਣ ਦੀ ਯੋਜਨਾ ਬਣਾਈ ਗਈ। ਸਮਾਂ 5 ਜੂਨ ਰਾਤ 9 ਵਜੇ ਦਾ ਚੁਣਿਆ ਗਿਆ, ਪਰ ਇਸ ਤੋਂ ਪਹਿਲਾਂ ਦਿਨ ਵਿਚ ਯਾਨੀ 5 ਜੂਨ ਨੂੰ ਉੱਚੀਆਂ ਮੁੱਖ ਇਮਾਰਤਾਂ, ਦੋਵੇਂ ਰਾਮਗੜੀਆ ਬੁੰਗੇ ਅਤੇ ਪਾਣੀ ਵਾਲੀ ਟੈਂਕੀ ਕਰਨਲ ਈ ਡਬਲਿਊ ਫ਼ਰਨਾਂਡਿਸ ਦੀ ਤੋਪਖਾਨਾ ਪਲਟਣ ਨੇ ਪੂਰੀ ਤਰਾਂ ਤੋਪਾਂ ਨਾਲ ਉਡਾ ਦਿੱਤੇ। ਯੋਜਨਾ ਅਨੁਸਾਰ ਬੀ ਐਸ ਐਫ ਨੇ ਹੋਟਲ ਟੈਂਪਲ ਵਿਊ ’ਤੇ ਕਬਜਾ ਕਰਨਾ ਸੀ। ਸੀ ਆਰ ਪੀ ਨੇ ਬ੍ਰਹਮ ਬੂਟਾ ਅਤੇ ਸਰਾਂ ’ਤੇ ਕਬਜਾ ਕਰਨਾ ਸੀ। ਫੌਜ, ਕਮਾਂਡੋ ,ਬੀ ਐਸ ਐਫ ਤੇ ਟੋਭਾ ਪਲਟਣ ਨੇ ਦਰਬਾਰ ਸਾਹਿਬ ’ਤੇ ਕਬਜਾ ਕਰਨਾ ਸੀ। ਓਧਰ ਬਾਬਾ ਜਰਨੈਲ ਸਿੰਘ ਦੀ ਹਦਾਇਤ ਸੀ ਕਿ ਨਿਗੂਣੀ ਮਾਤਰਾ ਵਿਚ ਜੰਗੀ ਸਾਮਾਨ ਦੀ ਸਹੀ ਵਰਤੋਂ ਕਰਦਿਆਂ ਕੋਈ ਗੋਲੀ ਨਹੀਂ ਚਲਾਉਣੀ, ਜਦ ਤੱਕ ਫੌਜੀ ਪਰਿਕਰਮਾ ਵਿਚ ਪੈਰ ਨਾ ਪਾਉਣ। ਇਸ ਲਈ 5 ਜੂਨ ਸਾਰਾ ਦਿਨ ਮੋਰਚਿਆਂ ਦੀ ਮਜਬੂਤੀ ਅਤੇ ਨਾਮ ਬਾਣੀ ਦੇ ਸਿਮਰਨ ਨਾਲ ਮਾਨਸਿਕ ਮਜਬੂਤੀ ਕਰ ਕੇ ਵੈਰੀ ਦਲ ਦੇ ਅੰਦਰ ਆਉਣ ਦਾ ਇੰਤਜਾਰ ਕੀਤਾ ਗਿਆ। ਮੋਰਚਿਆਂ ਵਿਚ ਬੈਠੇ ਹਰ ਸਿੰਘ ਦੇ ਅੰਦਰ ਜਜਬਾਤਾਂ ਦਾ ਜਵਾਲਾਮੁਖੀ ਉਬਾਲੇ ਮਾਰ ਰਿਹਾ ਸੀ, ਇੰਤਜਾਰ ਸੀ ਤਾਂ ਬਸ ਫੌਜ ਦੇ ਅੰਦਰ ਆਉਣ ਦਾ। ਅੱਜ ਦੀ ਰਾਤ ਦੋਵਾਂ ਧਿਰਾਂ ਲਈ ਬਹੁਤ ਲੰਮੀ ਹੋਣ ਵਾਲੀ ਸੌ ਰਾਤ ਲਗਭਗ 9:30 ਵਜੇ ਯੋਜਨਾ ਮੁਤਾਬਕ ਜਰਨਲ



ਬਰਾੜ ਨੇ ਦਰਜਨ ਭਰ ਪਲਟਨਾਂ ਨਾਲ ਸਾਰੇ ਪਾਸਿਆਂ ਤੋਂ ਦਾਖਲੇ ਦੀ ਕੋਸ਼ਿਸ਼ ਕੀਤੀ, ਪਰ ਫੌਜੀ ਜਰਨੈਲਾਂ ਦੀ ਕਈ ਦਿਨਾਂ ਦੀ ਮਿਹਨਤ ਉੱਤੇ ਜਰਨਲ ਸੁਬੇਗ ਸਿੰਘ ਦੀ ਯੁੱਧ ਨੀਤੀ ਅਤੇ ਸਿੱਖ ਜੰਗਜੂਆਂ ਨੇ ਕੁੱਝ ਘੰਟਿਆਂ ਵਿਚ ਹੀ ਪਾਣੀ ਫੇਰ ਦਿੱਤਾ। ਫੌਜੀ ਜਰਨੈਲ ਬਰਾੜ ਨੂੰ ਲਿਖਣਾ ਪਿਆ ਕਿ ਸਾਡੀ ਯੋਜਨਾ ਧਰੀ ਧਰਾਹੀ ਰਹਿ ਗਈ। ਕੁਲਦੀਪ ਬਰਾੜ ਨੇ ਸੋਚਿਆ ਵੀ ਨਹੀਂ ਸੀ ਕਿ ਸਿੱਖ ਜੰਗਜੂ ਏਨੀ ਬੁਰੀ ਤਰਾਂ ਮੂੰਹ ਤੋੜ ਜੁਆਬ ਦੇਣਗੇ। ਉਸ ਨੂੰ ਲਿਖਣਾ ਪਿਆ ਕਿ ਸਾਡੇ ਕੋਲ ਸਹੀ ਜਾਣਕਾਰੀ ਨਹੀਂ ਸੀ। ਯਾਦ ਰੱਖਣਾ ਤਨਖਾਹਦਾਰ ਮੁਲਾਜਮ ਤੇ ਕੌਮੀ ਜੰਗਜੂ ਦੇ ਨਿਸ਼ਚੇ ਵਿਚ ਫਰਕ ਹੁੰਦਾ। ਬਰਾੜ ਨੂੰ ਲਿਖਣਾ ਪਿਆ ਕਿ ਪਹਿਲੇ ਹੱਲੇ ਵਿਚ ਹੀ ਸਾਡੀ 30% ਫੌਜ ਮਾਰੀ ਗਈ। ਅਸਲ ਵਿਚ ਇਹ ਗਿਣਤੀ ਹੋਰ ਵਧੇਰੇ ਹੈ, ਪਰ ਨਾਮੋਸ਼ੀ ਦੇ ਡਰ ਤੋਂ ਬਰਾੜ ਪਹਿਲੇ ਹੱਲੇ ਦੀ ਮਾਰ ਨੂੰ ਘੱਟ ਕਰ ਕੇ ਲਿਖ ਰਿਹਾ। ਸਿੱਖ ਜੰਗਜੂਆਂ ਦੇ ਮੋਰਚਾਬੰਦੀ ਦੀ ਤਰਤੀਬ ਨੇ ਜਦ ਸਵੈਚਲਾਕ ਅਗਨ ਸ਼ਸਤਰਾਂ ਵਿੱਚੋਂ ਜਜ਼ਬਿਆਂ ਦਾ ਜਵਾਲਾਮੁਖੀ ਪਰਿਕਰਮਾ ਵਿਚ ਪੈਰ ਧਰ ਰਹੀ ਫੌਜ ਤੇ ਵਰਿਆ ਤਾਂ ਬਰਾੜ ਦੇ ਕੰਨਾਂ ਨੂੰ ਹੱਥ ਲੱਗ ਗਏ, ਮਾਰਕ ਟੱਲੀ ਅਤੇ ਬਰਾੜ ਦੇ ਲਿਖੇ ਅਨੁਸਾਰ ਬਹੁਤ ਵੱਡਾ ਜਾਨੀ ਨੁਕਸਾਨ ਕਰਵਾ ਕੇ ਫੌਜ ਨੂੰ ਪਿੱਛੇ ਹਟਣਾ ਪਿਆ। ਕੁਲਦੀਪ ਬਰਾੜ ਅਨੁਸਾਰ ਅਕਾਲ ਤਖ਼ਤ ਦਾ ਵੇਹੜਾ ਫੌਜ ਦੀ ਕਤਲਗਾਹ ਬਣ ਗਈ। ਲਾਸ਼ਾਂ ਦੇ ਢੇਰ ਲੱਗ ਗਏ, ਜਹਾਜ ਰਾਹੀਂ ਮੰਗਵਾਏ ਜੋ ਕੈਮੀਕਲ ਦੇ ਗੋਲੇ ਸੁੱਟ ਕੇ ਅਕਾਲ ਤਖ਼ਤ ਅੰਦਰ ਜਾਣ ਦੀ ਯੋਜਨਾ ਸੀ ਉਸ ਲਈ ਕਿਸੇ ਫੌਜੀ ਨੂੰ ਅਕਾਲ ਤਖ਼ਤ ਸਾਹਮਣੇ ਪੈਰ ਰੱਖਣ ਦੀ ਥਾਂ ਵੀ ਨਾ ਮਿਲ ਸਕੀ। ਗੋਤਾਖੋਰ ਪਲਟਣ ਦੀ ਯੋਜਨਾ ਵੀ ਵਾਪਸ ਲੈਣੀ ਪਈ। ਬਰਾੜ ਵਲੋਂ ਬਖਤਰਬੰਦ ਗੱਡੀ ਅੰਦਰ ਦਾਖਲ ਕੀਤੀ ਗਈ ਜਿਸ ਆਸਰੇ ਪੈਰ ਰੱਖਣ ਦੀ ਥਾਂ ਬਣਾਉਣ ਦੀ ਕੋਸ਼ਿਸ਼ ਕੀਤੀ ਜਾਵੇ ਪਰ ਉਹ ਲੋਹੇ ਨਾਲ ਮੜੀ ਗੱਡੀ ਵੀ ਰਾਖ ਦਾ ਢੇਰ ਹੋ ਗਈ , ਕਾਰਸੇਵਾ ਹਜ਼ੂਰ ਸਾਹਿਬ ਵਾਲੇ ਬਾਬਿਆਂ ਨੂੰ ਕੋਈ ਜੰਗੀ ਤਜਰਬਾ ਨਹੀਂ ਸੀ ਪਰ ਉਨਾਂ ਨੂੰ ਗੁਰਦੁਆਰੇ ਬਣਾਉਣ ਸਮੇਂ ਇੱਟਾਂ ਸੁੱਟਣ ਦਾ ਤਜਰਬਾ ਸੀ। ਉਨਾਂ ਨੇ ਦੇਸੀ ਬੰਬਾਂ ਦਾ ਮੀਂਹ ਵਰਾ ਕੇ ਫੌਜ ਦੇ ਛੱਕੇ ਛੁਡਾਏ। ਫੌਜ ਅਨੁਸਾਰ ਸੱਭ ਤੋਂ ਵੱਧ ਨੁਕਸਾਨ ਉਸ ਪਾਸੇ ਹੋਇਆ। 5 ਜੂਨ ਦੀ ਰਾਤ ਜਦ ਭਾਰਤੀ ਫੌਜ ਬੁਰੀ ਤਰਾਂ ਹਾਰ ਗਈ, ਕੁਲਦੀਪ ਬਰਾੜ ਜੋ ਕੁਝ ਘੰਟਿਆਂ ਵਿਚ ਜੰਗ ਜਿੱਤਣ ਆਇਆ ਸੀ ਉਸ ਨੂੰ ਖੁਦ ਆਪਣੀ ਕਲਾਮ ਨਾਲ ਲਿਖਣਾ ਪਿਆ ਕਿ ਸਾਰੀ ਫੌਜ ਦੇ ਕਤਲੇਆਮ ਦਾ ਡਰ ਸੀ। ਇਸ ਲਈ ਮੈਂ ਹਾਈਕਮਾਂਡ ਤੋਂ ਟੈਂਕ ਅੰਦਰ ਦਾਖ਼ਲ ਕਰਨ ਦੀ ਆਗਿਆ ਮੰਗੀ।

ਇਹ ਲਿਖਦਿਆਂ ਮੇਰੀਆਂ ਅੱਖਾਂ ਹੰਝੂਆਂ ਨਾਲ ਭਰੀਆਂ ਨੇ ਤੁਸੀਂ ਵੀ ਆਪਣੀਆਂ ਭਵਿੱਖ ਦੀਆਂ ਪੀੜੀਆਂ ਨੂੰ ਦੱਸਿਓ ਕਿ ਅਸੀਂ ਜੰਗ ਤਾਂ ਜਿੱਤ ਗਏ ਸੀ ਬੱਸ ਸਾਡੇ ਕੋਲ ਟੈਂਕ ਨਹੀਂ ਸਨ। ਭਾਰਤੀ ਫੌਜ ਨੇ ਹਾਰੀ ਹੋਈ ਲੜਾਈ ਖ਼ਤਮ ਕਰਨ ਲਈ ਟੈਂਕਾਂ ਦਾ ਇਕ ਸਕੁਐਡਰਨ ਅੰਦਰ ਦਾਖਲ ਕੀਤਾ।

...ਚਲਦਾ

# ਵਧੀਆ ਭਵਿੱਖ ਲਈ ਯੋਜਨਾਬੰਦੀ ਕਰੇ ਸਿੱਖ ਪੰਥ

ਇੰਜੀਨੀਅਰ ਸੁਰਿੰਦਰ ਸਿੰਘ
ਮੈਂਬਰ ਪੰਜਾਬ ਯੂਨੀਵਰਸਿਟੀ
ਸੈਨਿਟ ਅਤੇ ਸਿੰਡੀਕੇਟ

ਗੁਰੂ ਮਹਾਰਾਜ ਦੀ ਕ੍ਰਿਪਾ ਨਾਲ ਸਿੱਖ ਕੌਮ ਇਸ ਦੇਸ਼ ਦੇ ਹਰ ਪ੍ਰਾਂਤ ਅਤੇ ਵਿਦੇਸ਼ਾਂ ਵਿਚ ਵੱਸ ਚੁੱਕੀ ਹੈ ਅਤੇ ਬਹੁਤ ਕਾਮਯਾਬੀਆਂ ਪ੍ਰਾਪਤ ਕਰ ਰਹੀ ਹੈ। ਇਸ ਦੇਸ਼ ਦੇ ਹਰ ਵੱਡੇ ਸਥਾਨ ਜਿਵੇਂ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਰੱਖਿਆ ਮੰਤਰੀ, ਫ਼ੌਜ ਦੇ ਮੁਖੀ ਆਦਿ ਹਰ ਵੱਡੀ ਪਦਵੀ ਇਸ ਕੌਮ ਨੇ ਪ੍ਰਾਪਤ ਕੀਤੀ ਹੈ।

ਜਦੋਂ ਕੋਈ ਕੌਮ ਬਹੁਤ ਤਰੱਕੀਆਂ ਕਰਨ ਲੱਗ ਪਵੇ ਤਾਂ ਇਹ ਸੁਭਾਵਿਕ ਹੈ ਕਿ ਕੁਝ ਤਾਕਤਾਂ ਉਸ ਨੂੰ ਕਮਜ਼ੋਰ ਕਰਨ ਲਈ ਯਤਨਸ਼ੀਲ ਹੋ ਜਾਂਦੀਆਂ ਹਨ।

ਸਿੱਖ ਕੌਮ ਦੀ ਧਾਰਮਿਕ ਪ੍ਰਫ਼ੁੱਲਤਾ ਅਤੇ ਕਾਮਯਾਬੀ ਲਈ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਹੋਈ। ਕੌਮ ਦੀ ਇਸ ਸੰਸਥਾ ’ਤੇ ਸ਼ਰਧਾ ਵੀ ਹੈ ਅਤੇ ਆਸਾਂ ਵੀ ਹਨ। ਸ਼੍ਰੋਮਣੀ ਕਮੇਟੀ ਨੂੰ ਇਹ ਸੋਚਣਾ ਪਵੇਗਾ ਕਿ ਆਉਣ ਵਾਲੇ ਸਮਿਆਂ ਵਿਚ ਇਸ ਕੌਮ ਨੂੰ ਕਿਨਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਅਤੇ ਕੀ ਯਤਨ ਕਰਨੇ ਚਾਹੀਦੇ ਹਨ ਤਾਂ ਜੋ ਇਸ ਕੌਮ ਦਾ ਆਉਣ ਵਾਲਾ ਸਮਾਂ ਚੰਗਾ ਅਤੇ ਖ਼ੁਸ਼ਹਾਲ ਹੋਵੇ।

ਆਉਣ ਵਾਲੇ ਸਮੇਂ ਵਿਚ ਸਾਰੀ ਦੁਨੀਆ ਦੇ ਲੋਕ ਇਕ-ਦੂਜੇ ਦੇ ਬਹੁਤ ਨੇੜੇ ਹੁੰਦੇ ਜਾਣਗੇ ਅਤੇ ਇਕ ਕੌਮ ਦਾ ਦੂਜੀ ਕੌਮ ਦੇ ਲੋਕਾਂ ’ਤੇ ਹਰ ਪੱਖੋਂ ਪ੍ਰਭਾਵ ਪਵੇਗਾ। ਜਿਵੇਂ ਖਾਣ ਦੇ ਤੌਰ-ਤਰੀਕੇ, ਪਹਿਰਾਵਾ, ਜੀਵਨ-ਸ਼ੈਲੀ ਆਦਿ। ਆਉਣ ਵਾਲੇ ਸਮੇਂ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਹੋਰ ਚੰਗਿਆਈ ਨਾਲ ਸਮਝਣ ਦੀ ਲੋੜ ਹੋਵੇਗੀ।

ਇਸ ਕੌਮ ਨੇ ਦੇਸ਼ ਵਿਚ ਅਤੇ ਵਿਦੇਸ਼ਾਂ ਵਿਚ ਹਰ ਔਕੜ ਸਮੇਂ ਮਨੁੱਖਤਾ ਨੂੰ ਸੁਖੀ ਕਰਨ ਲਈ ਹਰ ਯਤਨ ਕੀਤਾ ਹੈ ਅਤੇ ਆਪਣੀ ਕਿਰਤ ਕਮਾਈ ਵਿਚੋਂ ਕਰੋੜਾਂ, ਨਹੀਂ ਅਰਬਾਂ ਰੁਪਏ ਦਾਨ ਗੁਰੂ ਦੇ ਸਿਧਾਂਤਾਂ ’ਤੇ ਚਲਦਿਆਂ ਹੋਇਆਂ ਕੀਤੇ ਹਨ। ਜਿਵੇਂ ਬਰਤਾਨੀਆ ਵਿਚ ਬੇਰੁਜ਼ਗਾਰਾਂ ਨੂੰ ਲੰਗਰ ਛਕਾਉਣਾ, ਫਰਾਂਸ ਤੋਂ ਇੰਗਲੈਂਡ ਜਾਂਦੇ ਟਰੱਕਾਂ ਦੇ ਰੁਕਣ ’ਤੇ ਮਦਦ ਕਰਨੀ, ਅਰਬ ਦੇਸ਼ਾਂ ਵਿਚ ਲੜਾਈ ਦੇ ਸਮੇਂ ਉਨਾਂ ਲੋਕਾਂ ਲਈ ਸਹਾਈ ਹੋਣਾ, ਰੋਹਿੰਗਿਆ ਮੁਸਲਮਾਨਾਂ ਦੇ ਉਜੜਨ ’ਤੇ ਸਹਾਇਤਾ ਕਰਨੀ, ਦੇਸ਼ ਵਿਚ ਤਾਲਾਬੰਦੀ ਸਮੇਂ ਪੈਦਲ ਘਰਾਂ ਨੂੰ ਜਾ ਰਹੇ ਪ੍ਰਵਾਸੀ ਮਜ਼ਦੂਰਾਂ ਦੀ ਹਰ ਪੱਖੋਂ ਮਦਦ ਕਰਨੀ, ਕੋਵਿਡ-19 ਦੇ ਸਮੇਂ ਵਿਚ ਦੇਸ਼ ਦੇ ਹਰ ਵਾਸੀ ਦੀ ਹਰ ਤਰਾਂ ਦੀ ਮਦਦ ਕਰਨਾ ਆਦਿ, ਜੇ ਲਿਖਣ ਲੱਗੀਏ ਤਾਂ ਬਹੁਤ ਕੁਝ ਲਿਖਿਆ ਜਾ ਸਕਦਾ ਹੈ। ਸਿੱਖ ਕੌਮ ਦੇ ਗੁਰਦੁਆਰੇ ਬਹੁਤ ਵਿਸ਼ਾਲ ਤੇ ਸੁੰਦਰ ਹਨ ਅਤੇ ਸ਼ਰਧਾਲੂਆਂ ਲਈ ਇਥੇ ਹਰ ਤਰਾਂ ਦੀਆਂ ਸਹੂਲਤਾਂ ਪ੍ਰਾਪਤ ਹਨ। ਹੁਣ ਸਾਰੀ ਮਨੁੱਖਤਾ ਇਸ ਬਾਬਤ ਜਾਣਦੀ ਹੈ।

ਸਮਾਂ ਬੜੀ ਤੇਜ਼ੀ ਨਾਲ ਹਰ ਪਹਿਲੂ ਤੋਂ ਪਰਿਵਰਤਨਸ਼ੀਲ ਹੈ। ਇਸ ਕੌਮ ਲਈ ਵੀ ਇਸ ਬਾਰੇ ਬੜੀ ਸੰਜੀਦਗੀ ਨਾਲ ਸੋਚਣ ਦਾ ਸਮਾਂ ਆ ਗਿਆ ਹੈ। ਪੰਜਾਬ ਵਿਚੋਂ ਹਰ ਸਾਲ ਹਜ਼ਾਰਾਂ ਵਿਦਿਆਰਥੀ ਕਰੋੜਾਂ ਰੁਪਏ ਖ਼ਰਚ ਕੇ ਵਿਦੇਸ਼ਾਂ ਨੂੰ ਚਲੇ ਜਾ ਰਹੇ ਹਨ। ਇਸ ਪ੍ਰਕਿਰਿਆ ਨੂੰ ਵੇਖਦਿਆਂ ਹੋਇਆਂ ਮਨ ਉਦਾਸ ਹੋ ਜਾਂਦਾ ਹੈ। ਪੰਜਾਬ ਦੇ ਇਹ ਬੱਚੇ ਕਿਸ ਮੁਲਕ ਵਿਚ ਚਲੇ ਗਏ ਹਨ ਅਤੇ ਉਨਾਂ



ਦੇ ਉਥੇ ਕੀ ਹਾਲਾਤ ਹਨ, ਕੋਈ ਅਜਿਹੀ ਸੰਸਥਾ ਨਹੀਂ ਜੋ ਇਸ ਬਾਬਤ ਪਤਾ ਕਰਨ ਲਈ ਯਤਨਸ਼ੀਲ ਹੋਵੇ। ਕੁਝ ਸੰਸਥਾਵਾਂ ਤੋਂ ਵੀ ਸਿੱਖਣ ਦੀ ਲੋੜ ਹੈ ਜਿਵੇਂ ਡੀ.ਏ.ਵੀ. ਕਮੇਟੀ ਇਕ ਅਜਿਹੀ ਖ਼ੁਦਮੁਖ਼ਤਿਆਰ ਸੰਸਥਾ ਹੈ ਜਿਸ ਦਾ ਕੰਮ ਸਿਰਫ ਅਤੇ ਸਿਰਫ ਪੜਾਈ ਦੇ ਅਦਾਰੇ ਕਾਇਮ ਕਰਨਾ ਹੈ। ਇਹ ਸੰਸਥਾਨ ਦੇਸ਼ ਅਤੇ ਵਿਦੇਸ਼ਾਂ ਵਿਚ ਨਵੇਂ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਬਣਾਈ ਜਾ ਰਹੇ ਹਨ। ਇਥੋਂ ਤੱਕ ਹੀ ਨਹੀਂ, ਚੰਡੀਗੜ ਦੇ ਇਕ ਪ੍ਰੋਫ਼ੈਸਰ ਨੇ ਪੰਜਾਬ ਵਿਚ ਇਕ ਅਤੇ ਹਿਮਾਚਲ ਵਿਚ ਦੋ ਯੂਨੀਵਰਸਿਟੀਆਂ ਕਾਇਮ ਕਰ ਦਿੱਤੀਆਂ ਹਨ। ਇੰਗਲੈਂਡ ਤੋਂ ਆਏ ਇਕ ਪਰਿਵਾਰ ਨੇ ਆਪਣੀ ਹਿੰਮਤ ਨਾਲ ਪੰਜਾਬ ਅਤੇ ਹਿਮਾਚਲ ਵਿਚ ਕਈ ਯੂਨੀਵਰਸਿਟੀਆਂ ਕਾਇਮ ਕੀਤੀਆਂ ਹਨ। ਸਿੱਖ ਕੌਮ ਦੀਆਂ ਕਿੰਨੀਆਂ ਯੂਨੀਵਰਸਿਟੀਆਂ ਹਨ? ਕੁਝ ਸਮੇਂ ਤੋਂ ਸ਼੍ਰੋਮਣੀ ਕਮੇਟੀ ਨੇ ਇਸ ਵੱਲ ਧਿਆਨ ਤਾਂ ਦਿੱਤਾ ਹੈ ਪਰ ਇਸ ਕੰਮ ਵਿਚ ਤੇਜ਼ੀ ਲਿਆਉਣ ਦੀ ਜ਼ਰੂਰਤ ਹੈ। ਸਿੱਖ ਕੌਮ ਆਉਣ ਵਾਲੇ ਸਮੇਂ ਦੀ ਨਾਜ਼ੁਕਤਾ ਨੂੰ ਸਮਝੇ ਕਿ ਆਉਣ ਵਾਲਾ ਸਮਾਂ ਸਿੱਖਿਆ ਤੇ ਤਕਨਾਲੋਜੀ ਦਾ ਯੁੱਗ ਹੋਵੇਗਾ ਅਤੇ ਹਰ ਕੰਮ ਲਈ ਕੰਪਿਊਟਰਾਂ ਦੀ ਵਰਤੋਂ ਹੋਵੇਗੀ ਅਤੇ ਉਸ ਵਿਚ ਨਵੇਂ-ਨਵੇਂ ਤਰੀਕੇ ਦੇ ਸਾਫਟਵੇਅਰ ਪ੍ਰੋਗਰਾਮ ਸ਼ਾਮਿਲ ਹੋਣਗੇ ਜੋ ਸਿਰਫ ਉੱਚ ਪੱਧਰੀ ਪੜਾਈ ਵਾਲੇ ਵਿਦਿਆਰਥੀ ਹੀ ਵਰਤ ਸਕਣਗੇ। ਉਹੀ ਕੌਮ ਅੱਗੇ ਵਧ ਸਕੇਗੀ ਜਿਸ ਦੇ ਬੱਚੇ ਉੱਚ ਪੱਧਰੀ ਸਿੱਖਿਆ ਹਾਸਲ ਕਰਨਗੇ। ਲੋੜ ਹੈ ਕਿ ਸਿੱਖ ਕੌਮ ਹੁਣ ਤੋਂ ਹੀ ਤਿਆਰੀ ਕਰੇ ਤੇ ਉਨਾਂ ਦੇ ਆਉਣ ਵਾਲੇ ਬੱਚੇ ਅਰੋਗ ਅਤੇ ਸਿਹਤਮੰਦ ਹੋਣ। ਇਸ ਲਈ ਵਧੀਆ ਪੱਧਰ ਦੇ ਹਸਪਤਾਲ ਅਤੇ ਮੈਡੀਕਲ ਕਾਲਜ ਬਣਾਉਣ ਦੀ ਲੋੜ ਹੈ।

ਇਸ ਮੌਕੇ ’ਤੇ ਉਸ ਮਹਾਂਵਾਕ ਨੂੰ ਯਾਦ ਕਰਦਿਆਂ ‘ਜਬੈ ਬਾਣ ਲਾਗਯੋ। ਤਬੈ ਰੋਸ ਜਾਗਯੋ॥’ ਕੌਮ ਦੇ ਰੋਸ ਅਤੇ ਦੁੱਖ ਨੂੰ ਇਸ ਤਰਾਂ ਪਰਿਵਰਤਿਤ ਕਰਨ ਦੀ ਲੋੜ ਹੈ ਕਿ ਕੌਮ ਦੀ ਸੱਚੀ ਅਤੇ ਸੁੱਚੀ ਕਮਾਈ ਸਾਂਭ ਕੇ ਉਸ ਢੰਗ ਲਾਈ ਜਾਵੇ ਜੋ ਕੌਮ ਦੇ ਆਉਣ ਵਾਲੇ ਸਮੇਂ ਨੂੰ ਰੁਸ਼ਨਾਏ ਅਤੇ ਚਾਨਣ ਮੁਨਾਰੇ ਦਾ ਕੰਮ ਕਰੇ। ਇਹ ਮੇਰੀ ਪ੍ਰਾਰਥਨਾ ਹੈ।

# ਖ਼ਤਮ ਹੋ ਰਹੇ ਮਨੁੱਖੀ ਰਿਸ਼ਤੇ

**ਪ੍ਰਿੰ. ਸੁਖਦੇਵ ਸਿੰਘ ਰਾਣਾ**

ਦੁਨੀਆਂ ਵਿੱਚ ਅਰਬਾਂ ਦੀ ਗਿਣਤੀ ਵਿੱਚ ਪ੍ਰਾਣੀ ਧਰਤੀ, ਜਲ ਅਤੇ ਹਵਾ ਵਿੱਚ ਵਿਚਰ ਰਹੇ ਹਨ। ਇਹ ਆਪਣੇ ਖਾਣ-ਪੀਣ, ਰਹਿਣ ਸਹਿਣ ਦਾ ਇੰਤਜ਼ਾਮ ਵੀ ਕਰਦੇ ਹਨ। ਪਰ ਇਨਾਂ ਵਿੱਚ ਸਮਝ, ਸੋਚ ਸ਼ਕਤੀ, ਭਾਵੁਕਤਾ, ਆਪਸੀ ਰਿਸ਼ਤਿਆਂ ਦੀ ਸਮਝ ਬਹੁਤ ਘੱਟ ਹੈ। ਪਰ ਇਸ ਧਰਤੀ 'ਤੇ ਮਨੁੱਖ ਹੀ ਹੈ ਜਿਸ ਵਿੱਚ ਸਮਝ, ਸੋਚ, ਨਵੀਆਂ ਨਵੀਆਂ ਕਾਢਾਂ ਅਤੇ ਖੋਜਾਂ ਕਰਨ ਦੀ ਸ਼ਕਤੀ ਹੈ। ਮਨੁੱਖ ਹੀ ਹੈ ਜੋ ਬੋਲ ਸਕਦਾ ਹੈ, ਗੱਲਬਾਤ ਕਰ ਸਕਦਾ ਹੈ, ਜੋ ਆਪਣੀਆਂ ਭਾਵਨਾਵਾਂ, ਜਜ਼ਬਾਤ ਅਤੇ ਸੰਵੇਦਨਾਵਾਂ ਪ੍ਰਗਟ ਕਰ ਸਕਦਾ ਹੈ। ਮਨੁੱਖ ਹੀ ਹੈ ਜੋ ਰਿਸ਼ਤਿਆਂ ਦੀ ਕਦਰ ਕਰਨਾ ਜਾਣਦਾ ਹੈ ਅਤੇ ਰਿਸ਼ਤਿਆਂ ਨੂੰ ਲੀਰੋ ਲੀਰ ਵੀ ਮਨੁੱਖ ਹੀ ਕਰਦਾ ਹੈ। ਇਹ ਵਰਤਾਰਾ ਕਿਉਂ ਹੋ ਰਿਹਾ ਹੈ। ਕੀ ਅਸੀਂ ਇੰਨੇ ਲਾਲਚੀ, ਸਵਾਰਥੀ ਅਤੇ ਨਿਰਮੋਹੇ ਹੋ ਗਏ ਹਾਂ ਕਿ ਅਸੀਂ ਆਪਸੀ ਰਿਸ਼ਤਿਆਂ, ਖਾਸ ਕਰਕੇ ਖ਼ੂਨ ਦੇ ਰਿਸ਼ਤਿਆਂ ਨੂੰ ਵੀ ਭੁੱਲ ਚੁੱਕੇ ਹਾਂ।

ਹਰ ਰੋਜ਼ ਅਖਬਾਰਾਂ ਵਿੱਚ ਕਿੰਨੀਆਂ ਹੀ ਅਜਿਹੀਆਂ ਖਬਰਾਂ ਪੜਨ ਨੂੰ ਮਿਲਦੀਆਂ ਹਨ ਕਿ ਪੁੱਤ ਨੇ ਮਾਂ ਜਾਂ ਪਿਉ, ਭਾਈ ਨੇ ਭਾਈ, ਪਿਉ ਨੇ ਪੁੱਤ ਜਾਂ ਧੀ, ਜੀਜੇ ਨੇ ਸਾਲੇ ਦਾ ਅਤੇ ਸਾਲੇ ਨੇ ਜੀਜੇ ਦਾ ਦਾ ਕਤਲ ਕਰ ਦਿੱਤਾ ਹੈ। ਕੁਝ ਦਿਨ ਪਹਿਲਾਂ ਦੇ ਅਖਬਾਰ ਵਿੱਚ ਖਬਰ ਸੀ ਕਿ ਪਾਤੜਾਂ ਕੋਲ ਜ਼ਮੀਨ ਦੇ ਝਗੜੇ ਕਾਰਨ ਸਕੇ ਭਤੀਜੇ ਨੇ ਆਪਣੇ ਸਕੇ ਚਾਚੇ ਅਤੇ ਚਾਚੇ ਦੇ ਪੁੱਤ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਕੀ ਸਾਡੀ ਸਹਿਣਸ਼ੀਲਤਾ ਅਤੇ ਸੋਚ ਸ਼ਕਤੀ ਖੰਭ ਲਾ ਕੇ ਕਿਤੇ ਉਡ ਪੁੱਡ ਗਈ ਹੈ ਕਿ ਅਸੀਂ ਲਾਲਚ ਅਤੇ ਗੁੱਸੇ ਵਿੱਚ ਇਹ ਵੀ ਨਹੀਂ ਸੋਚਦੇ ਕਿ ਜਿਸ ਖ਼ੂਨ ਨੂੰ ਅਸੀਂ ਵਹਾ ਰਹੇ ਹਾਂ ਉਹ ਖ਼ੂਨ ਸਾਡਾ ਹੀ ਹੈ। ਲੜਾਈ ਤੋਂ ਬਾਅਦ ਥਾਣੇ, ਕਚਹਿਰੀਆਂ ਦੇ ਗੇੜੇ, ਵਕੀਲਾਂ ਦੀਆਂ ਫੀਸਾਂ ਦਾ ਖਰਚਾਂ ਕਾਤਲ ਦਾ ਝੁੱਗਾ ਚੌੜ ਕਰ ਦਿੰਦਾ ਹੈ। ਜੇਕਰ ਸਜ਼ਾ ਹੋ ਜਾਵੇ ਤਾਂ ਸਮਝੋ ਪਰਿਵਾਰ ਦੀ ਬਰਬਾਦੀ।

ਇੱਕ ਹੋਰ ਖਬਰ ਪੜੀ ਕਿ ਘੱਗੇ ਦੇ ਨੇੜੇ ਦੋਧਨਾ ਪਿੰਡ ਵਿੱਚ ਪੈਸੇ ਦੇ ਝਗੜੇ ਕਾਰਨ ਪਿਉ ਨੇ ਪੁੱਤ ਦਾ ਕਤਲ ਕਰ ਦਿੱਤਾ। ਦੋ ਦਿਨ ਪਹਿਲਾਂ ਅੰਮ੍ਰਿਤਸਰ ਦੇ ਕੋਲ ਸੁਰੰਗੜਾ ਪਿੰਡ ਵਿੱਚ ਨਸ਼ੇ ਲਈ ਪੈਸੇ ਨਾ ਮਿਲਣ ਤੇ ਪੁੱਤਰ ਨੇ ਤੇਜ਼ਧਾਰ ਹਥਿਆਰ ਨਾਲ ਪਿਉ ਦਾ ਕਤਲ ਕਰ ਦਿੱਤਾ।

ਮਾਨਸਾ ਜ਼ਿਲੇ ਵਿੱਚ ਇੱਕ ਚਚੇਰੇ ਭਰਾ ਨੇ ਆਪਣੇ ਤਾਏ ਦੇ ਮੁੰਡੇ ਦਾ ਜ਼ਮੀਨ ਦੇ ਝਗੜੇ ਵਿੱਚ ਕਤਲ ਕਰ ਦਿੱਤਾ। ਥੋੜੇ ਦਿਨ ਪਹਿਲਾਂ ਇੱਕ ਮਾਂ ਨੇ ਆਪਣੇ ਕਥਿਤ ਪ੍ਰੇਮੀਆਂ ਨਾਲ ਮਿਲ ਕੇ ਆਪਣੇ ਸਕੇ ਪੁੱਤ ਦਾ ਕਤਲ ਕਰਕੇ ਲਾਸ਼ ਖੁਰਦ ਬੁਰਦ ਕਰਨ ਦੀ ਕੋਸ਼ਿਸ਼ ਕੀਤੀ। ਪਰ ਆਖਰ ਉਹ ਫੜੀ ਗਈ। ਪੁੱਤ ਜੋ ਮਾਂ ਲਈ ਜਿਗਰ ਦਾ ਟੁਕੜਾ ਹੁੰਦਾ ਹੈ, ਜਿਸਦੇ ਮਾੜੀ ਜਿਹੀ ਝਰੀਟ ਆ ਜਾਵੇ ਤੇ ਮਾਂ ਦਾ ਕਲੇਜਾ ਫਟ ਜਾਂਦਾ ਹੈ। ਕਿਉਂ ਉਸ ਮਾਂ ਨੇ ਬੇਗਾਨਿਆਂ ਦੀ ਖਾਤਰ ਸਕਾ ਪੁੱਤ ਮਾਰ ਦਿੱਤਾ।



ਪੈਸੇ ਦੇ ਲਾਲਚ ਦੀ ਇੱਕ ਹੋਰ ਖਬਰ ਮੁਤਾਬਕ ਮਾਛੀਵਾੜੇ ਦੇ ਕੋਲ ਇੱਕ ਪਿੰਡ ਦਾ ਫੌਜੀ ਸੇਵਾ ਮੁਕਤ ਹੋ ਕੇ ਘਰ ਆਇਆ। ਸੇਵਾ ਮੁਕਤੀ ਤੋਂ ਬਾਅਦ ਮਿਲਣ ਵਾਲੇ ਬਕਾਏ ਦੇ ਪੈਸੇ ਜੋ ਲੱਖਾਂ ਵਿੱਚ ਸਨ, ਉਸ ਦੀ ਇੱਛਾ ਸੀ ਕਿ ਇਸ ਵਿੱਚੋਂ ਕੁਝ ਰਕਮ ਆਪਣੇ ਅਲੱਗ ਰਹਿ ਰਹੇ ਪੁੱਤਰ ਨੂੰ ਵੀ ਦੇ ਦੇਵੇ। ਘਰ ਵਿੱਚ ਅਜਿਹਾ ਕਲੇਸ਼ ਛਿੜਿਆ ਕਿ ਉਸ ਦੀ ਪਤਨੀ, ਵੱਡੇ ਮੁੰਡੇ ਦੀ ਘਰਵਾਲੀ ਅਤੇ ਰਿਸ਼ਤੇਦਾਰਾਂ ਨੇ ਕੁੱਟਣਾ ਸ਼ੁਰੂ ਕਰ ਦਿੱਤਾ। ਕੁੱਟ ਮਾਰ ਜ਼ਿਆਦਾ ਹੋਣ ਕਾਰਨ ਮਰ ਗਿਆ। ਵਿਚਾਰਾ ਫੌਜੀ ਕਿੰਨੇ ਸਾਲ ਘਰੋਂ ਬਾਹਰ ਰਿਹਾ ਹੋਵੇਗਾ। ਆਪਣੇ ਪਰਿਵਾਰ ਦਾ ਪੇਟ ਪਾਲਣ ਲਈ ਪਹਾੜਾਂ, ਜੰਗਲਾਂ, ਰੋਹੀਆਂ ਬੀਆਬਾਨਾਂ, ਮਾਰੂਥਲਾਂ ਅਤੇ ਸਰਹੱਦਾਂ 'ਤੇ ਡਿਊਟੀ ਦਿੰਦਾ ਰਿਹਾ। ਸੇਵਾ ਮੁਕਤੀ ਸਮੇਂ ਕਿੰਨਾ ਦਿਲ ਵਿੱਚ ਚਾਅ ਹੋਵੇਗਾ ਕਿ ਮੈਂ ਆਪਣੇ ਇੰਨੇ ਸਾਲਾਂ ਦੇ ਵਿਛੋੜੇ ਬਾਅਦ ਪਰਿਵਾਰ ਵਿੱਚ ਰਹਾਂਗਾ। ਪਰ ਲਾਲਚੀ ਟੱਬਰ ਨੇ ਲਾਲਚ ਵਿੱਚ ਮਨੁੱਖੀ ਰਿਸ਼ਤਿਆਂ ਦਾ ਘਾਣ ਕਰ ਦਿੱਤਾ।

ਅਖਬਾਰਾਂ ਅਤੇ ਟੀ.ਵੀ. 'ਤੇ ਖਬਰਾਂ ਵਿੱਚ ਕਿਤੇ ਜ਼ਮੀਨ ਪਿੱਛੇ, ਕਿਤੇ ਪੈਸਿਆਂ ਪਿੱਛੇ ਪੁੱਤ ਨੇ ਮਾਂ ਦਾ ਕਤਲ ਕਰ ਦਿੱਤਾ ਜਾਂ ਪਿਉ ਵੱਢ ਦਿੱਤਾ। ਥੋੜੇ ਜਿਹੇ ਦਿਨ ਪਹਿਲਾਂ ਖਬਰ ਆਈ ਕਿ ਇੱਕ ਪੁੱਤ ਨੇ ਆਪਣੀ ਮਾਂ ਦਾ ਕਰੰਟ ਲਾ ਕੇ ਕਤਲ ਕਰ ਦਿੱਤਾ। ਮਾਂ ਬਾਪ ਜੋ ਆਪਣੀ ਔਲਾਦ ਦੀ ਖਾਤਰ ਸਾਰੀ ਉਮਰ ਮਿੱਟੀ ਵਿੱਚ ਮਿੱਟੀ ਹੋ ਕੇ ਸਰਦੀ ਗਰਮੀ ਦੀ ਪ੍ਰਵਾਹ ਨਾ ਕਰਦੇ ਹੋਏ ਦਿਨ ਰਾਤ ਮਿਹਨਤ ਕਰਦੇ ਹਨ, ਜਦੋਂ ਸੁੱਖ ਦਾ ਟਾਈਮ ਆਉਂਦਾ ਹੈ ਤਾਂ ਬੱਚੇ ਮਾਂ ਪਿਉ ਨੂੰ ਸੁਖ ਦੇਣ ਦੀ ਥਾਂ ਕਤਲ ਕਰਨ ਤੋਂ ਵੀ ਨਹੀਂ ਹਿਚਕਚਾਉਂਦੇ। ਧੀਆਂ ਬਣਾ ਕੇ ਲਿਆਂਦੀਆਂ ਨੂੰਹਾਂ ਨੂੰ ਦਹੇਜ ਖਾਤਰ ਕਤਲ ਕਰ ਦਿੱਤਾ ਜਾਂਦਾ ਹੈ। ਮੁੰਡੇ ਦੀ ਚਾਹਤ ਵਿੱਚ ਗਰਭ ਵਿੱਚ ਪਲ ਰਹੇ ਮਾਦਾ ਭਰੂਣ ਦਾ ਕਤਲ ਕਰ ਦਿੱਤਾ ਜਾਂਦਾ। ਆਪਣੀ ਸਕੀ ਧੀ ਨੂੰ ਅਣਖ ਦੀ ਖਾਤਰ ਕਤਲ ਕਰ ਦਿੱਤਾ ਜਾਂਦਾ ਹੈ। ਇਨਾਂ ਮਾੜੀਆਂ ਹਰਕਤਾਂ ਨੇ ਮਨੁੱਖੀ ਰਿਸ਼ਤਿਆਂ ਦਾ ਘਾਣ ਕਰ ਦਿੱਤਾ ਹੈ। ਸਾਡੀ ਸੋਚ ਨੂੰ ਕੀ ਹੋ ਗਿਆ ਹੈ ? ਕੀ ਅਸੀਂ ਨੈਤਿਕਤਾ, ਮਰਿਆਦਾ ਅਤੇ ਖ਼ੂਨ ਦੇ ਰਿਸ਼ਤੇ ਬਿਲਕੁਲ ਹੀ ਭੁੱਲ ਗਏ ਹਾਂ ? ਕੀ ਅਸੀਂ ਜਾਨਵਰ ਬਣ ਗਏ ਹਾਂ ?

ਮਨੋਵਿਗਿਆਨੀਆਂ ਦਾ ਮੱਤ ਹੈ ਕਿ ਕੋਈ ਮਨੁੱਖ ਕਾਤਲ ਬਣਨ ਸਮੇਂ ਸੁੱਧ ਬੁੱਧ ਖੋ ਕੇ ਪਸ਼ੂ ਬਿਰਤੀ ਵਾਲਾ ਬਣ ਜਾਂਦਾ ਹੈ। ਕੱਲ ਸੋਸ਼ਲ ਮੀਡੀਆ 'ਤੇ ਇੱਕ ਬਜ਼ੁਰਗ ਮਾਤਾ ਦੀ ਇੱਕ ਬਿਜਲਈ ਮੀਡੀਆ ਕਰਮੀ ਨਾਲ ਗੱਲਬਾਤ ਹੋ ਰਹੀ ਸੀ। ਮੁੰਬਈ ਦੇ ਸਟੇਸ਼ਨ ਦੇ ਪਲੇਟਫਾਰਮ ਤੇ ਲੀਲਾਵਤੀ ਨਾਂ ਦੀ ਬਜ਼ੁਰਗ ਔਰਤ ਬੈਠੀ ਸੀ। ਉਸ ਨੇ ਦੱਸਿਆ ਕਿ ਉਸਦਾ ਇੱਕ ਪੁੱਤਰ ਮੁੰਬਈ ਅਤੇ ਦੋ ਪੁੱਤਰ ਅਤੇ ਦੋ ਧੀਆਂ ਦਿੱਲੀ ਰਹਿੰਦੇ ਹਨ। ਮੁੰਬਈ ਵਾਲਾ ਮੁੰਡਾ ਬਿਮਾਰ ਸੀ।, ਮੈ ਉਸਦੀ ਖਬਰਸਾਰ ਲੈਣ ਦਿੱਲੀ ਤੋਂ ਆਈ। ਹੁਣ ਜਦ ਮੁੰਡਾ ਠੀਕ ਹੋ ਗਿਆ ਤਾਂ ਉਸ ਨੇ ਮਾਂ ਨੂੰ ਘਰੋਂ ਕੱਢ ਦਿੱਤਾ ਅਤੇ ਧੱਕੇ ਵੀ ਮਾਰੇ। ਉਹ ਦੋ ਘੰਟੇ ਤੋਂ ਗੱਡੀ ਉਡੀਕ ਰਹੀ ਸੀ। ਉਸ ਨੇ ਦਿੱਲੀ ਜਾਣਾ ਸੀ। ਉਸ ਨੇ ਇਹ ਵੀ ਦੱਸਿਆ, 'ਮੇਰੇ ਘਰ ਵਾਲੇ ਦੇ ਮਰਨ ਤੋਂ ਬਾਅਦ ਦਿੱਲੀ ਵਾਲੇ ਮੁੰਡੇ ਕੁੜੀਆਂ ਵੀ ਮੈਨੂੰ ਘਰ ਨਹੀਂ ਰੱਖਦੇ। ਮੇਰੀ ਉਮਰ 78 ਸਾਲ ਹੈ। ਕੰਮ ਮੈਂ ਕਰ ਨਹੀਂ ਸਕਦੀ, ਹੁਣ ਮੈਂ ਭੀਖ ਮੰਗ ਕੇ ਰੋਟੀ ਖਾਇਆ ਕਰੂੰਗੀ।' ਉਸ ਔਰਤ ਦੀ ਵਿਥਿਆ ਸੁਣ ਕੇ ਮੀਡੀਆ ਕਰਮੀ ਵੀ ਰੋ ਰਹੀ ਸੀ। ਮਾਂ ਪਿਉ ਚਾਰ ਚਾਰ, ਪੰਜ ਪੰਜ ਧੀਆਂ ਪੁੱਤਾਂ ਨੂੰ ਪਾਲਦੇ ਹਨ ਪਰ ਇੱਕ ਮਾਂ ਪਿਉ ਨੂੰ ਪੁੱਤ ਧੀਆਂ ਰੋਟੀ ਨਹੀਂ ਦੇ ਸਕਦੇ। ਅੱਜ ਸੈਂਕੜਿਆਂ ਦੀ ਗਿਣਤੀ ਵਿੱਚ ਖੁੱਲੇ ਬਿਰਧ ਆਸ਼ਰਮ ਬਜ਼ੁਰਗਾਂ ਨਾਲ ਭਰੇ ਪਏ ਹਨ। ਸਾਡਾ ਪਿਆਰ, ਸਾਡੇ ਜਜ਼ਬਾਤ, ਸਾਡੇ ਰਿਸ਼ਤੇ ਤਾਰ ਤਾਰ ਹੋ ਰਹੇ ਹਨ। ਕੀ ਮਨੁੱਖ ਅੱਜ ਇੰਨਾ ਪਦਾਰਥਵਾਦੀ, ਸਵਾਰਥੀ ਹੋ ਗਿਆ ਹੈ ? ਮਾਂ ਦਿਵਸ 'ਤੇ ਅਸੀਂ ਮਾਂ ਨਾਲ ਸੈਲਫੀਆਂ ਖਿਚਾਉਂਦੇ ਹਾਂ ਪਰ ਬਿਰਧ ਆਸ਼ਰਮ ਵਿੱਚ ਵੀ ਨਿਗਾਹ ਮਾਰੋ। ਅੱਜ ਦੇ ਸਮੇਂ ਵਿੱਚ ਅਸੀਂ ਇੰਨੇ ਸਵਾਰਥੀ ਹੋ ਗਏ ਹਾਂ ਕਿ ਅਸੀਂ ਮਨੁੱਖੀ ਰਿਸ਼ਤਿਆਂ ਨੂੰ ਲੀਰੋ ਲੀਰ ਕਰ ਦਿੱਤਾ ਹੈ।

# ਸ਼ੁਕਰਾਨੇ ਦੀ ਜਾਂਚ



**ਹਰਕੀਰਤ ਕੌਰ**
੯੭੭੯੧੧੮੦੬੬

'ਸ਼ੁਕਰਾਨੇ' ਅਤੇ 'ਸ਼ਿਕਵੇ' ਦੋ ਅਜਿਹੇ ਸ਼ਬਦ ਨੇ ਜੋ ਇੱਕੋ ਅੱਖਰ ਤੋਂ ਸ਼ੁਰੂ ਹੁੰਦੇ ਹਨ, ਪਰ ਅਰਥ ਦੋਨਾਂ ਦੇ ਇੱਕ ਦੂਸਰੇ ਤੋਂ ਉਲਟ, ਬਿਲਕੁਲ ਰਾਮ ਤੇ ਰਾਵਣ ਦੀ ਤਰਾਂ।

ਸ਼ਿਕਵੇ ਕਰਨੇ ਬਹੁਤ ਅਸਾਨ ਹਨ, ਭਾਵੇਂ ਰੱਬ ਨਾਲ ਹੋਣ ਜਾਂ ਇਨਸਾਨ ਨਾਲ। ਰਤਾ ਜਿੰਨੇ ਅਸੀਂ ਦੁਖੀ ਹੋਏ ਨਹੀਂ ਤੇ ਸ਼ਿਕਵੇ ਕੀਤੇ ਨਹੀਂ । ਸ਼ਿਕਵੇ ਹਮੇਸ਼ਾ ਨਿਰਾਸ਼ਾਵਾਦੀ ਲੋਕ ਕਰਦੇ ਹਨ। ਸ਼ੁਕਰਾਨੇ ਹਮੇਸ਼ਾ ਆਸ਼ਾਵਾਦੀ ਲੋਕ ਕਰਦੇ ਹਨ। ਕੋਈ ਵੀ ਇਨਸਾਨ ਪੂਰਾ ਕਦੇ ਨਹੀਂ ਹੋ ਸਕਦਾ। ਕਿਤੇ ਨਾ ਕਿਤੇ ਕੋਈ ਨਾ ਕੋਈ ਅਸੰਤੁਸ਼ਟੀ ਰਹਿ ਹੀ ਜਾਂਦੀ ਹੈ। ਵੱਧਦੀਆਂ ਇਛਾਵਾਂ, ਸ਼ਿਕਵਿਆਂ ਨੂੰ ਜਨਮ ਦਿੰਦੀਆਂ ਹਨ।ਸ਼ੁਕਰਾਨੇ ਸਿਰਫ਼ ਉਹੀ ਲੋਕ ਕਰ ਸਕਦੇ ਹਨ ਜਿੰਨਾ ਵਿੱਚ ਸਬਰ ਹੋਵੇ, ਜੋ ਆਪਣੇ ਹਲਾਤਾਂ ਤੋਂ ਸੰਤੁਸ਼ਟ ਹੋਣ।

ਜਿਸ ਦਿਨ ਆਪਣੇ ਹਾਲਾਤਾਂ ਵਿੱਚ ਖੁਸ਼ ਰਹਿਣਾ ਆ ਗਿਆ, ਉਸ ਦਿਨ ਅਸੀਂ ਇੱਕ ਸਕੂਨਮਈ ਜਿੰਦਗੀ ਜਿਊਣੀ ਸ਼ੁਰੂ ਕਰ ਦੇਵਾਂਗੇ। ਅਸੀਂ ਸਾਰੇ ਲੋਕ ਪਰਮਾਤਮਾ ਨਾਲ ਆਪਣਿਆਂ ਨਾਲ ਕਿਸੇ ਨਾ ਕਿਸੇ ਗੱਲੋਂ ਖਫਾ ਹੋ ਹੀ ਜਾਂਦੇ ਹਾਂ, ਚੰਗਿਆਂ ਪੱਖਾਂ ਨੂੰ ਅੱਖੋਂ ਪਰੋਖੇ ਕਰ ਮਾੜਿਆ ਨੂੰ ਵੇਖ ਵੇਖ ਝੁਰਦੇ ਰਹਿੰਦੇ ਹਾਂ। ਮੈਂ ਅਕਸਰ ਸੋਚਦੀ ਹੁੰਦੀ ਕਿ ਜੇਕਰ ਸਾਡੇ ਕੋਲ ਇੱਕ ਵਧੀਆ ਪਰਿਵਾਰ, ਇੱਕ ਦੂਸਰੇ ਦੀ ਪ੍ਰਵਾਹ ਕਰਨ ਵਾਲੇ ਜੀਅ ਤੇ ਬੁਨਿਆਦੀ ਲੋੜਾਂ ਪੂਰੀਆਂ ਹੋਣ ਯੋਗ ਆਮਦਨ, ਚੰਗੀ ਸਿਹਤ ਹੈ ਤਾਂ ਸੱਚ ਮੰਨੋ ਪਰਮਾਤਮਾ ਦਾ ਹਰ ਵੇਲੇ ਸ਼ੁਕਰ ਕਰਿਆ ਕਰੋ। ਨਹੀਂ ਤਾਂ ਮੈਂ ਐਥੇ ਕਰੋੜਾਂ ਰੁਪਿਆ ਦੇ ਮਾਲਿਕ ਆਪਣੀ ਔਲਾਦ ਹੱਥੋਂ ਸਤਾਏ ਦੇਖੇ ਨੇ, ਪੈਸਿਆਂ ਨਾਲ ਬੈਕਾਂ ਦੇ ਖਾਤੇ ਭਰੇ ਹਨ, ਪਰ ਸਿਹਤ ਨਹੀਂ, ਤੰਦਰੁਸਤੀ ਨਹੀਂ। ਪੈਸਾ, ਨਾਮ ਹਰ ਤਰਾਂ ਦੇ ਐਸ਼ੋ ਅਰਾਮ ਹੋਣ ਦੇ ਬਾਵਜੂਦ ਵੀ ਸ਼ਿਕਵਿਆਂ ਦੀ ਕੜੀ ਨਹੀਂ ਟੁੱਟਦੀ।

ਸਾਨੂੰ ਇਹ ਗੱਲ ਸਮਝਣੀ ਪਵੇਗੀ ਕਿ ਸਬਰ , ਸੰਤੋਖ ਤੋਂ ਬਿਨਾ ਅਸੀਂ ਕਦੇ ਸਕੂਨਮਈ ਜਿੰਦਗੀ ਨਹੀਂ ਜੀਅ ਸਕਦੇ। ਲੋੜਾਂ ਅਤੇ ਇਛਾਵਾਂ ਜਿੰਨੀਆਂ ਵਧਾਈ ਜਾਵਾਂਗੇ, ਉਨੇ ਹੀ ਬੇਸਬਰੇ ਅਤੇ ਨਾ ਸ਼ੁਕਰਾਨੇ ਹੁੰਦੇ ਜਾਵਾਂਗੇ। ਕਿਉਂਕਿ ਹਰ ਵਾਰ ਜਰੂਰੀ ਨਹੀਂ ਹੁੰਦਾ ਕਿ ਸਾਡੀ ਕਹੀ ਹਰ ਗੱਲ ਜਾਂ ਮੰਗ ਪੂਰੀ ਹੋਵੇ, ਅਕਸਰ ਹੀ ਜਦੋਂ ਮੰਗਾਂ ਜਾਂ ਇਛਾਵਾਂ ਪੂਰੀਆਂ ਨਹੀਂ ਹੁੰਦੀਆਂ ਤਾਂ ਸ਼ਿਕਵੇ ਜਨਮ ਲੈਂਦੇ ਹਨ। ਜੋ ਮਾਨਸਿਕ ਤੌਰ 'ਤੇ ਵੀ ਇਨਸਾਨ ਨੂੰ ਨਿਰਾਸ਼ਾਵਾਦੀ ਬਣਾਉਂਦੇ ਹਨ। ਅਜਿਹੇ ਲੋਕ ਹਮੇਸ਼ਾ ਅਸੰਤੁਸ਼ਟ ਰਹਿੰਦੇ ਹਨ। ਹਰ ਗੱਲ ਜਾਂ ਹਰ ਕੰਮ ਵਿੱਚ ਕਮੀਆਂ ਵੇਖਣੀਆਂ ਜਾਂ ਘਾਟਾਂ ਮਹਿਸੂਸ ਕਰਨੀਆਂ ਅਜਿਹੇ ਲੋਕਾਂ ਦਾ ਸੁਭਾਅ ਬਣ ਜਾਂਦਾ ਹੈ।

ਸਾਡਾ ਯਤਨ ਹੋਣਾ ਚਾਹੀਦਾ ਹੈ ਕਿ ਅਸੀਂ ਸ਼ਿਕਵੇ ਘੱਟ ਕਰੀਏ ਅਤੇ ਜੋ ਕੋਲ ਹੈ ਉਸ ਲਈ ਸ਼ੁਕਰਗੁਜ਼ਾਰ ਜਰੂਰ ਹੋਈਏ। ਜੇਕਰ ਸਿੱਖ ਸਿਧਾਤਾਂ ਦੀ ਗੱਲ ਕਰੀਏ ਤਾਂ ਸਾਡੇ ਕੋਲ ਤਾਂ ਅਰਦਾਸ ਦੀ ਬਹੁਤ ਵੱਡੀ ਤਾਕਤ ਹੈ। ਜੋ ਵੀ ਜ਼ਰੂਰਤ ਜਾਂ ਆਸ ਰੱਖਦੇ ਹੋ ਪ੍ਰਮਾਤਮਾ ਅੱਗੇ ਅਰਦਾਸ ਕਰੋ ਪਰ ਸ਼ਿਕਵੇ ਨਾ ਕਰੋ। ਕਿਉਂਕਿ ਸ਼ਿਕਵੇ ਸਾਨੂੰ ਆਪਣਿਆਂ ਤੋਂ ਪ੍ਰਮਾਤਮਾ ਤੋਂ ਵੀ ਦੂਰ ਕਰਦੇ ਹਨ। ਜਦੋਂ ਕਿ ਸ਼ੁਕਰਾਨੇ ਹਮੇਸ਼ਾ ਸਾਨੂੰ ਰਹਿਮਤ ਦੇ ਪਾਤਰ ਬਣਾਉਂਦੇ ਹਨ, ਇੱਕ ਸੰਤੁਸ਼ਟ ਵਿਅਕਤੀਤਵ ਵਾਲੇ ਇਨਸਾਨ ਬਣਾਉਂਦੇ ਹਨ ਤੇ ਆਸ਼ਾਵਾਦੀ ਲੋਕਾਂ ਦੀ ਕਤਾਰ ਵਿੱਚ ਖੜੇ ਕਰਦੇ ਹਨ। ਸੋ ਹਮੇਸ਼ਾ ਯਤਨ ਰਹੇ ਕਿ ਸ਼ੁਕਰਾਨੇ ਕੀਤੇ ਜਾਣ ਤੇ ਸ਼ਿਕਵਿਆਂ ਤੋਂ ਪਰਹੇਜ਼ ਕੀਤਾ ਜਾਵੇ।



# ਮੇਰੀਆਂ ਯਾਦਾਂ : ਜਸਵੰਤ ਸਿੰਘ ਕੰਵਲ ਦੀ ਕਾਮਰੇਡੀ, ਸਿੱਖੀ ਤੇ ਪੰਜਾਬੀਅਤ



## ਪ੍ਰਿੰ. ਸਰਵਣ ਸਿੰਘ

ਜਸਵੰਤ ਸਿੰਘ ਕੰਵਲ ਕਾਮਰੇਡ ਵੀ ਸੀ, ਸਿੱਖ ਵੀ ਤੇ ਪੰਜਾਬੀਅਤ ਨੂੰ ਵੀ ਪਰਣਾਇਆ ਹੋਇਆ ਸੀ। ਤਦੇ ਉਹ ਬੁੱਧੀਜੀਵੀਆਂ ਲਈ ਵਾਦਵਿਵਾਦੀ ਲੇਖਕ ਬਣਿਆ ਰਿਹਾ। ਲਿਖਤਾਂ ਵਿਚ ਵੀ ਤੇ ਜੀਵਨ ਵਿਚ ਵੀ। ਉਹਦੇ ਬਾਰੇ ਜਿੰਨੇ ਮੂੰਹ ਉਨੀਆਂ ਗੱਲਾਂ ਹੁੰਦੀਆਂ ਰਹੀਆਂ। ਆਲੋਚਕਾਂ ਦੀਆਂ ਅੱਡ, ਪਾਠਕਾਂ ਦੀਆਂ ਅੱਡ। ਸਿਆਸੀ ਪਾਰਟੀਆਂ ਤੇ ਜਾਤ ਬਰਾਦਰੀ ਵਾਲਿਆਂ ਦੀਆਂ ਆਪੋ ਆਪਣੇ ਹਿਸਾਬ ਨਾਲ ਅੱਡੋ-ਅੱਡ। ਕੋਈ ਉਹਨੂੰ ਸਲਾਹੁੰਦਾ, ਕੋਈ ਨਿੰਦਦਾ। ਕੋਈ ਉਹਦੇ ਡਾ. ਜਸਵੰਤ ਗਿੱਲ ਨਾਲ ਵਿਆਹ ਦੀ ਬਦਖੋਹੀ ਕਰਦਾ। ਕੋਈ ਕਹਿੰਦਾ ਕੰਵਲ ਕਿਸੇ ਵਿਚਾਰਧਾਰਾ ਨਾਲ ਕੁਮਿਟਡ ਨਹੀਂ। ਵਿਦਿਆਰਥੀਆਂ ਨੂੰ ਪੜ੍ਹਾਉਂਦਾ ਕੋਈ ਪ੍ਰੋਫ਼ੈਸਰ ਉਹਨੂੰ ਰੁਮਾਂਚਿਕ ਕਹਿੰਦਾ, ਕੋਈ ਆਦਰਸ਼ਵਾਦੀ ਤੇ ਕੋਈ ਯਥਾਰਥਵਾਦੀ। ਕੋਈ ਹੀਰਵੰਨਾ, ਕੋਈ ਕੌਮਵਾਦੀ, ਕੋਈ ਹੋਮਲੈਂਡੀਆ। ਕੰਵਲ ਕਹਿੰਦਾ ਜਮਨਾ ਤੋਂ ਜਮਰੌਦ ਦੇ ਖ਼ਿੱਤੇ ਦੀ ਇਕੋ ਰਹਿਤਲ, ਇਕੋ ਸਭਿਆਚਾਰ ਹੈ ਜਿਸ ਦੀ ਧੁੰਨੀ ਲਾਹੌਰ ਹੈ। ਝਨਾਂ ਦਾ ਉਹ ਕੁਝ ਵਧੇਰੇ ਹੀ ਆਸ਼ਕ ਸੀ। ਲੰਘ ਆਜਾ ਪੱਤਣ ਝਨਾਂ ਦਾ... ਗੀਤ ਉਹਨੂੰ ਲਹਿਰ ’ਚ ਲੈ ਆਉਂਦਾ ਤੇ ਉਹ ਆਮੁਹਾਰੇ ਝੂੰਮਣ ਲੱਗਦਾ।

ਅਸਲ ਵਿਚ ਕੰਵਲ ਨੂੰ ਉਹਦੇ ਨੇੜਲੇ ਵੀ ਚੰਗੀ ਤਰਾਂ ਨਹੀਂ ਸਮਝ ਸਕੇ। ਮੈਂ ਤੀਹ ਸਾਲ ਉਹਦੇ ਆਂਢ ਗੁਆਂਢ ਰਿਹਾ ਤੇ ਤੀਹ ਸਾਲ ਆਲੇ ਦੁਆਲੇ। ਸੱਠ ਸਾਲ ਦੀ ਸੰਗਤ ਤੇ ਉਹਦੀਆਂ ਕਿਤਾਬਾਂ ਪੜ੍ਹਨ ਨਾਲ ਵੀ ਉਹਦੀ ਥਾਹ ਨਾ ਪਾ ਸਕਿਆ। ਆਖ਼ਰ ਉਹਦੇ ਬਾਰੇ ਇਹੋ ਕਿਹਾ: ਜੇ ਸੰਤ ਸਿੰਘ ਸੇਖੋਂ ਪੰਜਾਬੀ ਸਾਹਿਤ ਦਾ ਬੋਹੜ ਸੀ ਤਾਂ ਜਸਵੰਤ ਸਿੰਘ ਕੰਵਲ ਸਰੂ ਦਾ ਬੂਟਾ ਸੀ। ਉਹ ਵਗਦੀਆਂ ’ਵਾਵਾਂ ਦੇ ਵੇਗ ਵਿਚ ਝੂੰਮਦਾ ਸੀ। ਕਦੇ ਖੱਬੇ ਲਹਿਰਾਉਂਦਾ ਸੀ, ਕਦੇ ਸੱਜੇ ਤੇ ਕਦੇ ਵਾਵਰੋਲੇ ਵਾਂਗ ਘੁੰਮਦਾ ਸੀ। ਉਹਦਾ ਤਣਾ ਮਜ਼ਬੂਤ ਸੀ ਤੇ ਜੜਾਂ ਡੂੰਘੀਆਂ ਜਿਸ ਕਰਕੇ ਝੱਖੜ ਤੂਫ਼ਾਨ ਵੀ ਉਹਨੂੰ ਧਰਤੀ ਤੋਂ ਨਹੀਂ ਹਿਲਾ ਸਕੇ। ਉਹ ਵੇਗਮੱਤਾ ਲੇਖਕ ਸੀ ਤੇ ਲੋਹੜੇ ਦਾ ਜਜ਼ਬਾਤੀ। ਉਹਦੇ ਰੁਮਾਂਚਿਕ ਰਉਂ ’ਚ ਲਿਖੇ ਵਾਕ ਸਿੱਧੇ ਦਿਲਾਂ ’ਤੇ ਵਾਰ ਕਰਦੇ। ਉਸ ਨੇ ਲਗਭਗ ਪੰਜਾਹ ਲੱਖ ਲਫ਼ਜ਼ ਲਿਖੇ ਤੇ ਹਜ਼ਾਰਾਂ ਸੰਵਾਦ ਰਚੇ ਜੋ ਨੌਜੁਆਨ ਕੁੜੀਆਂ ਮੁੰਡਿਆਂ ਦੀਆਂ ਡਾਇਰੀਆਂ ਉਤੇ ਚੜਦੇ ਰਹੇ। ਉਸ ਦੇ ਨਾਵਲ ‘ਰਾਤ ਬਾਕੀ ਹੈ’ ਨੇ ਹਜ਼ਾਰਾਂ ਨੌਜਵਾਨ ਕਾਮਰੇਡ ਬਣਾਏ ਜਿਸ ਦੀ ਗਵਾਹੀ ਸੋਹਣ ਸਿੰਘ ਜੋਸ਼ ਸਮੇਤ ਅਨੇਕਾਂ ਕਾਮਰੇਡਾਂ ਤੇ ਮਾਰਕਸਵਾਦੀਆਂ ਨੇ ਭਰੀ। ਉਸ ਦੀਆਂ ਲਿਖਤਾਂ ਪੜ ਕੇ ਅਨੇਕਾਂ ਇਨਕਲਾਬੀ ਤੇ ਸਿੱਖ ਖਾੜਕੂ ਮਰ ਮਿਟਣ



ਤਕ ਗਏ। ਆਸ਼ਕ ਮਸ਼ੂਕ ਮੁੰਡੇ ਕੁੜੀਆਂ ਉਸ ਨੂੰ ਆਪਣਾ ਲੇਖਕ ਮੰਨਦੇ ਰਹੇ ਤੇ ਕਿਰਤੀ ਕਿਸਾਨ ਆਪਣਾ। ਲੋੜ ਹੈ ਉਸ ਨੂੰ ਨਵੇਂ ਸਿਰਿਓਂ ਪੜ੍ਹਿਆ ਜਾਵੇ।

ਕਿਸੇ ਲੇਖਕ ਦਾ ਵਾਦਵਿਵਾਦੀ ਹੋਣਾ ਸੁਭਾਵਿਕ ਹੈ। ਕੰਵਲ ਤਾਂ ਜੀਵਿਆ ਵੀ ਸੌ ਸਾਲ ਤੋਂ ਵੱਧ ਤੇ ਕਿਤਾਬਾਂ ਵੀ ਸੌ ਤੋਂ ਵੱਧ ਲਿਖੀਆਂ। ‘ਜੀਵਨ ਕਣੀਆਂ’ ਤੋਂ ‘ਧੁਰ ਦਰਗਾਹ’ ਪੁਸਤਕ ਤਕ ਪੁੱਜਦਿਆਂ 75 ਸਾਲਾਂ ’ਚ ਵਗੀਆਂ ’ਵਾਵਾਂ ਨਾਲ ਉਸ ਦਾ ਬਦਲਣਾ ਹੋਰ ਵੀ ਸੁਭਾਵਿਕ ਸੀ। ਮੈਨੂੰ ਆਪ ਉਹ ਕਈ ਗੱਲਾਂ ’ਚ ਸਹੀ ਲੱਗਦਾ ਤੇ ਕਈਆਂ ’ਚ ਗ਼ਲਤ। ਕਦੇ ਕਦੇ ਮੈਂ ਮੂੰਹ ’ਤੇ ਆਖ ਵੀ ਦਿੰਦਾ। ਕਈ ਵਾਰ ਉਹ ਮੰਨ ਵੀ ਲੈਂਦਾ। ਉਹਦਾ ਲੰਮਾ ਇਕਹਿਰਾ ਜੁੱਸਾ ਲਚਕਦਾਰ ਸੀ ਤੇ ਵਿਚਾਰਧਾਰਾ ਵੀ ਲਚਕਦਾਰ। ਜਿੰਨਾ ਉਹਦਾ ਆਪਣਾ ਭਾਰ ਓਨਾ ਹੀ ਕਿਤਾਬਾਂ ਦਾ ਭਾਰ। ਜੀਂਦਾ ਰਹਿੰਦਾ ਤਾਂ 27 ਜੂਨ 2021 ਨੂੰ 102 ਸਾਲਾਂ ਦਾ ਹੋਣਾ ਸੀ ਪਰ ਉਹ 100 ਸਾਲ 7 ਮਹੀਨੇ 4 ਦਿਨ ਜਿਉਂ ਕੇ ਬਿਨਾਂ ਕਿਸੇ ਦੀਰਘ ਰੋਗ ਤੋਂ 1 ਫਰਵਰੀ 2020 ਨੂੰ ਚਲਾਣਾ ਗਿਆ। ਉਹਦੀ ਲੰਮੀ ਉਮਰ ਦਾ ਰਾਜ਼ ਸੀ ਕਿ ਨਾ ਉਹ ਵੈਸ਼ਨੋ ਸੀ, ਨਾ ਕਬਾਬੀ ਤੇ ਨਾ ਅੰਮ੍ਰਿਤਧਾਰੀ। ਨਾ ਮਾਡਰਨ ਨਾ ਰਵਾਇਤੀ, ਨਾ ਦੇਸੀ ਨਾ ਵਲੈਤੀ। ਉਹ ਸੋਹਲ ਸ਼ਹਿਰੀ ਨਹੀਂ, ਪੱਕਾ ਪੇਂਡੂ ਸੀ।

ਉਹ ਪੰਜਾਬ ਲਈ ਜੀਵਿਆ ਤੇ ਪੰਜਾਬ ਲਈ ਮਰਿਆ। ਉਹ ਸਹੀ ਅਰਥਾਂ ਵਿਚ ‘ਪੰਜਾਬੀਅਤ’ ਦਾ ਅਲੰਬਰਦਾਰ ਸੀ। ਉਹ ਨਾ ਕੱਟੜ ਕਾਮਰੇਡ ਸੀ, ਨਾ ਕੱਟੜ ਸਿੱਖ। ਕੱਟੜ ਤਾਂ ਉਹ ਕਿਸੇ ਗੱਲ ਵਿਚ ਵੀ ਨਹੀਂ ਸੀ। ਕੱਟੜ ਫਿਰਕਾਪ੍ਰਸਤਾਂ ਨੂੰ ਰੱਜ ਕੇ ਭੰਡਦਾ ਸੀ। ਉਹ ਸਹੀ ਅਰਥਾਂ ਵਿਚ ਸੈਕੂਲਰ ਸੀ। ਉਸ ਨੇ ਸਾਹਿਤ ਟ੍ਰੱਸਟ ਢੁੱਡੀਕੇ ਵੱਲੋਂ ਗ਼ੈਰ ਸਿੱਖ ਬਾਵਾ ਬਲਵੰਤ ਤੇ ਬਲਰਾਜ ਸਾਹਨੀ ਨਮਿੱਤ ਸਾਹਿਤਕ ਪੁਰਸਕਾਰ ਦਰਜਨਾਂ ਲੇਖਕਾਂ ਨੂੰ ਦਿੱਤੇ। ਫਿਰਕੂ ਗਿਣਤੀ ਮਿਣਤੀ ਨੂੰ ਰੱਦ ਕਰ ਕੇ ਢੁੱਡੀਕੇ ਦੀ ਧਰਮਸ਼ਾਲਾ ਵਿਚ ਨਿਰੋਲ ਪੰਜਾਬੀ ਬੋਲੀ ’ਤੇ ਆਧਾਰਿਤ ਪੰਜਾਬੀ ਸੂਬੇ ਦਾ ਮਤਾ ਪਾਸ ਕਰਵਾਇਆ। ਉਹਦੇ ਪਿਆਰੇ ਆੜੀ ਮੁਸਲਮਾਨ ਮਹਿੰਗਾ ਤੇਲੀ, ਸਰਾਜ ਮਰਾਸੀ ਤੇ ਬੁੱਧੂ ਜੁਲਾਹਾ ਸਨ ਜਿਨਾਂ ਨੂੰ ਉਹ ਅਖ਼ੀਰ ਤਕ ਯਾਦ ਕਰਦਾ ਰਿਹਾ। ਚੀਚਾਵਤਨੀ ਜਾ ਕੇ ਲੱਭਦਾ ਰਿਹਾ। ਉਹਦੀ ਮੁਕੱਦਸ ਕਿਤਾਬ ਵਾਰਸ ਦੀ ਹੀਰ ਸੀ।

ਬਾਕੀ ਸਫ਼ਾ 26 ’ਤੇ

# ਲੰਘੇ ਵੇਲਿਆਂ ਦੀ ਗੱਲ



## ਮਨਜਿੰਦਰ ਸਿੰਘ ਸਰੌਦ

੯੪੬੩੪ -੬੩੧੩੬

**ਕਦੇ ਪੰਜਾਬੀ ਗਾਇਕੀ ਦੀ ‘ਸੰਦਲੀ ਫ਼ਿਜ਼ਾ ਦਾ ਗਹਿਣਾ’ ਮੰਨਿਆ ਜਾਂਦਾ ਸੀ ਉਦਾਸ ਗੀਤਾਂ ਨੂੰ...**

- ਪੰਜਾਬੀ ਗਾਇਕੀ ਦੇ ਵਿਹੜੇ ਅੰਦਰ ਸਮੇਂ-ਸਮੇਂ ਤੇ ਹਰ ਤਰਾਂ ਦੇ ਰੰਗ ਤੇ ਵੰਨਗੀਆਂ ਆਪੋ ਆਪਣੀ ਕਲਾ ਦਾ ਜੌਹਰ ਜ਼ਰੂਰ ਵਿਖਾਉਂਦੀਆਂ ਰਹਿੰਦੀਆਂ ਹਨ । ਜਿਵੇਂ ਅੱਜ ਕੱਲ ਸਿੰਗਲ ਟਰੈਕ ਰਾਹੀਂ ਧੂਹ ਘੜੀਸ ਤੇ ਚੱਕਲੋ ਧਰਲੋ ਵਾਲੇ ਗੀਤਾਂ ਨੇ ਹਨੇਰੀ ਲਿਆਂਦੀ ਹੈ । ਕਦੇ ਉਸੇ ਤਰਾਂ ਨੱਬੇ ਵੇਂ ਦਹਾਕੇ ਦੇ ਆਲੇ ਦੁਆਲੇ ਪੰਜਾਬੀ ਗਾਇਕੀ ਦੇ ਵਿਹੜੇ ਅੰਦਰ ਉਦਾਸ ਗੀਤਾਂ ਦੀਆਂ ਕਲੀਆਂ ਦੇ ਫੁੱਲ ਵੀ ਖਿੜਦੇ ਸਨ । ਇਹ ਵੱਖਰਾ ਵਿਸ਼ਾ ਹੈ ਕਿ ਅੱਜ ਕੱਲ ਦੀ ਗਾਇਕੀ ਨੇ ਪੰਜਾਬ ਦੀ ਨੌਜਵਾਨੀ ਨੂੰ ਕੁਰਾਹੇ ਪਾਉਣ ਦਾ ਵੱਡਾ ਯਤਨ ਕੀਤਾ ਹੈ, ਪਰ ਉਦਾਸ ਗੀਤਾਂ ਜ਼ਰੀਏ ਉਸ ਸਮੇਂ ਦੀ ਨੌਜਵਾਨੀ ਆਪਣੇ ਪ੍ਰਤੀਬਿੰਬ ਨੂੰ ਕਿਸੇ ਹੋਰ ਢੰਗ ਨਾਲ ਵੇਖਦੀ ਸੀ । ਅੱਜ ਦੀ ਕੱਚ-ਘਰੜ ਗਾਇਕੀ ਤੇ ਉਸ ਸਮੇਂ ਦੀ ਉਦਾਸ ਸੁਰ ਵਾਲੀ ਗਾਇਕੀ ਵਿਚ ਬੜਾ ਵੱਡਾ ਅੰਤਰ ਸਾਫ਼ ਵਿਖਾਈ ਦਿੰਦਾ ਹੈ । ਇਹ ਠੀਕ ਹੈ ਕਿ ਸਮੇਂ ਦੀ ਮਾਰੀ ਪਲਟੀ ਤੇ ਗਲੈਮਰ ਦੀ ਚਕਾਚੌਂਧ ਨੇ ਵੀਡੀਓਜ਼ ਦੇ ਖੇਤਰ ਰਾਹੀਂ ਇਕ ਵੱਡਾ ਪਲੇਟਫਾਰਮ ਕਲਾਕਾਰ ਵਰਗ ਨੂੰ ਦਿੱਤਾ ਪਰ ਉਸ ਸਮੇਂ ਜੋ ਸੁਹਜ ਤੇ ਸਵਾਦ ਉਦਾਸ ਗੀਤਾਂ ਨੂੰ ਸੁਣਨ ਵਿੱਚ ਆਉਂਦਾ ਸੀ ਉਹ ਕਿਧਰੇ ਵੀ ਵਿਖਾਈ ਨਹੀਂ ਦਿੰਦਾ। ਇਕ ਸਮਾਂ ਉਹ ਵੀ ਸੀ ਜਦ ਕਾਲਜੀਏਟ ਨੌਜਵਾਨ ਤੇ ਮੁੰਡੇ ਕੁੜੀਆਂ ਉਸ ਸਮੇਂ ਦੇ ਉਦਾਸ ਗੀਤਾਂ ਦੇ ਇਸ ਕਦਰ ਦੀਵਾਨੇ ਸਨ ਕਿ ਉਹ ਉਦਾਸ ਗੀਤ ਗਾਉਣ ਵਾਲੇ ਕਲਾਕਾਰਾਂ ਦੀਆਂ ਤਸਵੀਰਾਂ ਤੱਕ ਨੂੰ ਪਿਆਰ ਕਰਦੇ ਸਨ । ਉਸ ਸਮੇਂ ਦੇ ਦੀਵਾਨਿਆਂ ਕੋਲ ਅੱਜ ਵੀ ਇਹ ਗੀਤ ਕਿਸੇ ‘ਸੱਜਣ ਦੇ ਗਹਿਣੇ’ ਵਾਂਗਰਾਂ ਸਾਂਭੇ ਪਏ ਹਨ ।

ਪੰਜਾਬੀ ਗਾਇਕੀ ਤੇ ਗੀਤਕਾਰੀ ਦੇ ਇਤਿਹਾਸ ਅੰਦਰ ਨਿਵੇਕਲੀਆਂ ਪੈੜਾਂ ਪਾਉਣ ਵਾਲੇ ਆਪਣੇ ਸਮੇਂ ਦੇ ਬਾਬਾ ਬੋਹੜ ਜਰਨੈਲ ਸਿੰਘ ਘੁਮਾਣ ਦੀ ਕਲਮ ਚੋਂ ਨਿਕਲੇ ਗੀਤਾਂ ਨੂੰ ਦਰਜਨਾਂ ਕਲਾਕਾਰ ਗਾ ਕੇ ਗਾਇਕੀ ਦੇ ਸ਼ਾਹ ਅਸਵਾਰ ਬਣੇ । ਉਦਾਸ ਗੀਤਾਂ ਰਾਹੀਂ ਪੰਜਾਬ ਦੀ ਨੌਜਵਾਨੀ ਦਾ ਵੱਡਾ ਹਿੱਸਾ ਜਰਨੈਲ ਸਿੰਘ ਘੁਮਾਣ ਤੇ ਭਿੰਦਰ ਡੱਬਵਾਲੀ ਨੂੰ ਆਪਣੇ ਗੀਤਾਂ ਦਾ ਹੀਰੋ ਤੇ ਆਦਰਸ਼ ਮੰਨਣ ਤੋਂ ਇਨਕਾਰੀ ਨਹੀਂ ਸੀ । ਜੇ ਵੇਖੀਏ ਭਾਵੇਂ ਅੱਗੇ-ਪਿੱਛੇ ਬਹੁਤ ਸਾਰੇ ਗੀਤ ਮਾਰਕੀਟ ਦੇ ਵਿਚ ਉਦਾਸੀ ਸੁਰ ਵਾਲੇ ਆਏ ਪਰ ਪੰਜਾਬੀ ਗਾਇਕ ਰਣਜੀਤ ਮਣੀ, ਧਰਮਪ੍ਰੀਤ, ਮਨਜੀਤ ਰੂਪੋਵਾਲੀਆ, ਹਰਦੇਵ ਮਾਹੀਨੰਗਲ, ਦਵਿੰਦਰ ਕੋਹੇਨੂਰ, ਕਰਮਜੀਤ ਰੰਧਾਵਾ ਸਮੇਤ ਕਈ ਚੋਟੀ ਦੇ ਕਲਾਕਾਰ ਨੇ ਲੰਬਾ ਸਮਾਂ ਉਦਾਸ ਗੀਤਾਂ ਰਾਹੀਂ ਮਾਰਕੀਟ ਅੰਦਰ ਆਪਣੇ ਸਬਦ ਰਾਹੀਂ ਜਲਵਾ ਬਿਖੇਰਿਆ। ਜ਼ਿਆਦਾਤਰ ਉਦਾਸ ਗੀਤ ਉਸ ਸਮੇਂ ਦੇ ਗੀਤਕਾਰ ਬਚਨ ਬੇਦਿਲ, ਭਿੰਦਰ ਡੱਬਵਾਲੀ, ਕੋਮਲ ਸੁਨਾਮੀ ਜਸਬੀਰ ਗੁਣਾਚੌਰੀਆ ਤੇ ਗੁਰਚਰਨ ਵਿਰਕ ਦੀ ਗਿਣਤੀ ਵੀ ਪਾਏਦਾਰ ਗੀਤਕਾਰਾਂ ਵਿੱਚ ਹੁੰਦੀ ਸੀ । ਹਰਜਿੰਦਰ ਬੱਲ ਦੇ ਲਿਖੇ ਗੀਤ ਵੀ ਨੌਜਵਾਨਾਂ ਦੇ ਮੂੰਹਾਂ ਤੇ ਆਪ ਮੁਹਾਰੇ ਆ ਜਾਂਦੇ ਸਨ। ਲੰਘੇ ਸਮੇਂ ਇਨਾਂ ਵਿੱਚੋਂ ਕਈ ਗੀਤਾਂ ਤੇ ਆਸ਼ਕੀ ਨੂੰ ਬੜਾਵਾ ਦੇਣ ਦੇ ਦੋਸ਼ ਵੀ ਲੱਗੇ । ਗਾਇਕ ਰਣਜੀਤ ਮਣੀ ਨੂੰ ਉਸ ਸਮੇਂ ‘ਮੇਰੇ ਸੋਹਣੇ ਦਾ ਪ੍ਰਿੰਸੀਪਲ ਜੀ ਹਾੜਾ ਕੱਟਿਓ ਨਾ ਕਾਲਜ ’ਚੋਂ ਨਾਂ’ ਤੇ ‘ਤੇਰੇ ਵਿਆਹ ਦੇ ਕਾਰਡ’ ਵਾਲੀ ਕੈਸਟ ਨੇ ਹੱਥੋ-ਹੱਥੀਂ ਸਟਾਰਾਂ ਦੀ ਗਿਣਤੀ ਵਿੱਚ ਲਿਆ ਕੇ ਖੜਾ ਕਰ ਦਿੱਤਾ। ਇਕ ਤਰਾਂ ਨਾਲ ਪੰਜਾਬੀ ਗਾਇਕੀ ਦੇ ਇਤਿਹਾਸ ਵਿਚ ਧੂਮ ਮਚਾ ਦਿੱਤੀ ਸੀ ਇਨਾਂ ਗੀਤਾਂ ਨੇ।

ਬਾਕੀ ਸਫ਼ਾ 26 ’ਤੇ

# ਬੀਨੂੰ ਢਿੱਲੋਂ ਤੇ ਗੁਰਨਾਮ ਭੁੱਲਰ ਦਾ ‘ਫੁੱਫੜ ਜੀ’

## ਸੁਰਜੀਤ ਜੱਸਲ

‘ਫੁੱਫੜ’ ਹਰ ਛੋਟੇ ਵੱਡੇ ਪਰਿਵਾਰ ਦਾ ਇਕ ਸਤਿਕਾਰਤ ਰਿਸ਼ਤੇ ਦਾ ਨਾਂ ਹੈ, ਜੋ ਅਨੇਕਾਂ ਦਿਲਚਸਪ ਕਹਾਣੀਆਂ, ਕਹਾਵਤਾਂ, ਸਿੱਠਣੀਆਂ ਜ਼ਰੀਏ ਸਾਡੇ ਵਿਰਸੇ ਸ਼ਿੰਗਾਰ ਰਿਹਾ ਹੈ। ‘ਫੁੱਫੜ ਜੀ’ ਬਾਰੇ ਫ਼ਿਲਮ ਬਣਨਾ ਚੰਗੇ ਸਿਨਮੇ ਵੱਲ ਵਧਿਆ ਇੱਕ ਹੋਰ ਚੰਗਾ ਕਦਮ ਹੈ। ਲੇਖਕ ਰਾਜੂ ਵਰਮਾ ਤੇ ਨਿਰਦੇਸ਼ਕ ਪੰਕਜ ਬੱਤਰਾ ਦੀ ਇਸ ਫ਼ਿਲਮ ਦੀ ਸ਼ੂਟਿੰਗ ਜ਼ੋਰਾਂ ਸ਼ੋਰਾਂ ’ਤੇ ਚੱਲ ਰਹੀਂ ਹੈ। ਰਾਜੂ ਵਰਮਾ ਇੱਕ ਸਰਗਰਮ ਫ਼ਿਲਮ ਲੇਖਕ ਹੈ। ਪਿਛਲੇ ਥੋੜੇ ਸਮੇਂ ਵਿੱਚ ਉਸਨੇ ਅਨੇਕਾਂ ਚੰਗੀਆਂ ਫ਼ਿਲਮਾਂ ਪੰਜਾਬੀ ਸਿਨਮੇ ਨੂੰ ਦਿੱਤੀਆਂ ਹਨ। ਉਸਦੇ ਜਿਹਨ ’ਚ ਹਮੇਸ਼ਾ ਹੀ ਸਮਾਜਿਕ ਅਤੇ ਸੱਭਿਆਚਾਰਕ ਅਧਾਰਤ ਮਨੋਰੰਜਕ ਕਹਾਣੀਆਂ ਉਭਰਦੀਆਂ ਹਨ ਜੋ ਦਰਸ਼ਕਾਂ ਦੀ ਪਸੰਦ ਬਣਦੀਆਂ ਹਨ ਤੇ ਉਸ ਦੇ ਕੰਮ ਦੀ ਹਮੇਸ਼ਾ ਹੀ ਸਰਾਹਨਾ ਹੋਈ ਹੈ। ਬਿਨਾਂ ਸ਼ੱਕ ‘ਫੁੱਫੜ ਜੀ’ ਰਾਹੀਂ ਵੀ ਇਸ ਵਾਰ ਉਹ ਕਮਾਲ ਹੀ ਕਰੇਗਾ। ਇਸ ਫ਼ਿਲਮ ਦੀ ਸ਼ੂਟਿੰਗ ਬੀਤੇ ਦਿਨੀਂ ਸ਼ੁਰੂ ਹੋ ਚੁੱਕੀ ਹੈ। ਇਸ ਫ਼ਿਲਮ ਦਾ ਨਿਰਦੇਸ਼ਨ ‘ਬੰਬੂਕਾਟ’ ਅਤੇ ‘ਸੱਜਣ ਸਿੰਘ ਰੰਗਰੂਟ’ ਵਰਗੀਆਂ ਚਰਚਿਤ ਫ਼ਿਲਮਾਂ ਦੇਣ ਵਾਲੇ ਪੰਕਜ ਬੱਤਰਾ ਕਰ ਰਹੇ ਹਨ। ਜੀ ਸਟੂਡੀਓਜ਼ ਅਤੇ ਕੇ ਕੁਮਾਰ ਸਟੂਡੀਓ




ਦੀ ਪੇਸ਼ਕਸ਼ ਇਸ ਫ਼ਿਲਮ ਵਿਚ ਗੁਰਨਾਮ ਭੁੱਲਰ ਤੇ ਬੀਨੂੰ ਢਿੱਲੋਂ ਤੋਂ ਇਲਾਵਾ ਸਿੱਧੀਕਾ ਸ਼ਰਮਾ, ਅਲੰਕ੍ਰਿਤਾ ਸ਼ਰਮਾ, ਅਨੂ ਚੌਧਰੀ, ਹੌਬੀ ਧਾਲੀਵਾਲ, ਗੁਰਪ੍ਰੀਤ ਕੌਰ ਭੰਗੂ ਆਦਿ ਕਲਾਕਾਰ ਅਹਿਮ ਕਿਰਦਾਰ ਨਿਭਾਅ ਰਹੇ ਹਨ। ਇਸ ਫ਼ਿਲਮ ਬਾਰੇ ਜੀ ਸਟੂਡੀਓਜ਼ ਦੇ ਸੀ ਬੀ ਓ ਸ਼ੀਰੀਕ ਪਟੇਲ ਨੇ ਕਿਹਾ ਕਿ ਅਸੀਂ ਖੇਤਰੀ ਸਿਨਮੇ ਖਾਸ ਕਰਕੇ ਪੰਜਾਬੀ ਫ਼ਿਲਮਾਂ ਵੱਲ ਵਧੇਰੇ ਧਿਆਨ ਦੇ ਰਹੇ ਹਾਂ ਜਿਸ ਅਧੀਨ ਚੰਗੀਆਂ ਨਸੀਅਤ ਦਿੰਦੀਆਂ ਸਮਾਜਕ ਫ਼ਿਲਮਾਂ ਨਾਲ ਦਰਸ਼ਕਾਂ ਦਾ ਮਨੋਰੰਜੰਨ ਕਰਨਾ ਹੀ ਸਾਡਾ ਮੁੱਖ ਮਕਸਦ ਹੈ। ‘ਫੁੱਫੜ ਜੀ’ ਕਾਮੇਡੀ ਭਰਪੂਰ ਪਰਿਵਾਰਕ ਫ਼ਿਲਮ ਹੈ ਜੋ ਹਰ ਵਰਗ ਦੇ ਦਰਸ਼ਕਾਂ ਦੀ ਪਸੰਦ ਬਣੇਗੀ। ਨਿਰਦੇਸ਼ਕ ਪੰਕਜ ਬੱਤਰਾ ਨੇ ਕਿਹਾ ਕਿ ਇਹ ਫ਼ਿਲਮ ਇੱਕ ਪੀਰੀਅਡ ਫ਼ਿਲਮ ਹੈ ਜੋ ਪੰਜਾਬੀ ਸਿਨਮਾ ਇਤਿਹਾਸ ਵਿੱਚ ਅਹਿਮ ਯੋਗਦਾਨ ਪਾਵੇਗੀ।

# ਸੱਚ ਦੀ ਇਬਾਦਤ ਤੇ ਸਬਰ ਦਾ ਫਲ

## ਗੁਰਜੀਤ ਸਿੰਘ ਰਾਜੂ ਬਠਿੰਡਾ




ਗੁਰੂ ਘਰ ਵਿੱਚ ਕੀਤੀ ਸੇਵਾ ਕਦੇ ਵਿਅਰਥ ਨਹੀਂ ਜਾਂਦੀ, ਭਰੋਸਾ ਰੱਖੋ ਗੁਰੂ ਰਾਮਦਾਸ ਜੀ ਝੋਲੀਆਂ ਭਰਦੇ ਹਨ। ਸੱਚੀ ਗੱਲ ਲਿਖ ਰਿਹਾ ਹਾਂ ਦੋ ਮਿੰਟ ਲਾ ਕੇ ਪੜਨਾ ਜੀ। ਸਾਡੇ ਪਿਆਰ ਵਾਲਾ ਇਕ ਪਰਿਵਾਰ ਅੰਮ੍ਰਿਤਸਰ ਵਿਖੇ ਰਹਿੰਦਾ ਹੈ। ਉਨਾਂ ਦੀ ਬੱਚੀ ਦੇ ਵਿਆਹ ਨੂੰ ਚਾਰ ਸਾਲ ਹੋ ਗਏ ਸਨ, ਪਰ ਕੋਈ ਬੱਚਾ ਨਹੀਂ ਹੋਇਆ। ਉਹ ਬੱਚੀ ਅਤੇ ਪਰਿਵਾਰ ਵਾਲੇ ਰੋਂਦੇ ਵੀ ਸੀ ਤੇ ਉਦਾਸ ਵੀ ਰਹਿੰਦੇ ਸੀ, ਕਿਉਂਕਿ ਡਾਕਟਰਾਂ ਨੇ ਜਵਾਬ ਦੇ ਦਿੱਤਾ ਸੀ ਕੇ ਬੱਚਾ ਨਹੀਂ ਹੋ ਸਕਦਾ। ਫ਼ੇਰ ਇਕ ਦਿਨ ਮੇਰੀ ਪਤਨੀ ਹਰਪ੍ਰੀਤ ਕੌਰ ਨੇ ਉਨਾਂ ਨੂੰ ਕਿਹਾ ਕਿ ਡਾਕਟਰਾਂ ਨੂੰ ਛੱਡੋ, ਤੁਸੀਂ ਬਾਬਾ ਬੁੱਢਾ ਜੀ ਦੇ ਅਸਥਾਨ ਤੇ ਪਰਸ਼ਾਦਾ ਬਣਾ ਕੇ ਲਿਜਾਓ, ਬਾਬਾ ਜੀ ਕ੍ਰਿਪਾ ਕਰਨਗੇ। ਉਨਾਂ ਨੇ ਗਲ ਮਨ ਕੇ ਇਸੇ ਤਰਾਂ ਕੀਤਾ। ਦੋ ਮਹੀਨੇ ਬਾਅਦ ਡਾਕਟਰ ਵੀ ਹੈਰਾਨ ਸੀ ਕਿ ਕਿਵੇਂ ਹੋ ਗਿਆ। ਫੇਰ ਜਦੋਂ ਪੰਜ ਮਹੀਨੇ ਬਾਅਦ ਅਲਟਰਾ ਸਾਊਂਡ ਸਕੈਨ ਕਰਾਇਆ ਤਾਂ ਡਾਕਟਰਾਂ ਨੇ ਕਿਹਾ ਕਿ ਬੱਚੇ ਦਾ ਸਿਰ ਨਹੀਂ ਹੈ। ਉਹ ਪਰਿਵਾਰ ਫੇਰ ਬਹੁਤ ਉਦਾਸ ਹੋ ਗਿਆ। ਫ਼ੇਰ ਉਨਾਂ ਨੇ ਰੋ ਰੋ ਕੇ ਹਰਪ੍ਰੀਤ ਨੂੰ ਸਾਰੀ ਗੱਲ ਦੱਸੀ। ਫੇਰ ਹਰਪ੍ਰੀਤ ਨੇ ਉਨਾਂ ਨੂੰ ਕਿਹਾ ਕਿ ਜੇਕਰ ਗੁਰੂ ਰਾਮਦਾਸ ਜੀ ਨੇ ਝੋਲੀ ਭਰੀ ਤਾਂ ਫ਼ਿਕਰ ਨਾ ਕਰੋ ਸਭ ਠੀਕ ਹੋਵੇਗਾ। ਬੱਸ ਤੁਸੀਂ ਹੁਣ ਦਰਬਾਰ ਸਾਹਿਬ ਜਾ ਕੇ ਕੋਈ ਵੀ ਹੱਥੀਂ ਸੇਵਾ ਕਰੋ, ਗੁਰੂ ਰਾਮਦਾਸ ਕ੍ਰਿਪਾ ਕਰਨਗੇ। ਉਨਾਂ ਨੇ ਉਸੇ ਦਿਨ ਤੋਂ ਦੋਨੋਂ ਮੀਆਂ ਬੀਵੀ ਨੇ ਸਵੇਰੇ ਤਿੰਨ ਵਜੇ ਦਰਬਾਰ ਸਾਹਿਬ ਜਾ ਕੇ ਸੇਵਾ ਕਰਨੀ। ਜਦੋਂ ਕੁਝ ਸਮੇਂ ਬਾਅਦ ਫੇਰ ਟੈਸਟ ਕਰਾਏ ਤਾਂ ਡਾਕਟਰ ਫੇਰ ਹੈਰਾਨ ਹੋਏ ਕਿ ਇਹ ਕਿਵੇਂ ਹੋ ਗਿਆ, ਬੱਚਾ ਬਿਲਕੁਲ ਠੀਕ ਪਲ ਰਿਹਾ ਹੈ। ਗੁਰੂ ਰਾਮਦਾਸ ਜੀ ਦੀ ਕ੍ਰਿਪਾ ਐਸੀ ਹੋਈ ਕੇ ਉਨਾਂ ਕੇ ਕਿਹਾ ਕਿ ਅਸੀਂ ਬੱਚਾ ਹੋਣ ਸਾਰ ਹਰਪ੍ਰੀਤ ਦੀ ਝੋਲੀ ਵਿੱਚ ਪਾਉਣਾ ਹੈ। ਬਾਬਾ ਜੀ ਦੀ ਕ੍ਰਿਪਾ ਨਾਲ 25.6.21 ਸ਼ੁੱਭ ਦਿਹਾੜੇ ਵਾਲੇ ਦਿਨ ਉਸ ਬੱਚੀ ਨੇ ਬੇਟੇ ਨੂੰ ਜਨਮ ਦਿੱਤਾ। ਬੱਚਾ ਹੋਣ ਸਾਰ ਉਨਾਂ ਨੇ ਆਪਣੇ ਸਾਰੇ ਰਿਸ਼ਤੇਦਾਰਾਂ ਨੂੰ ਛੱਡ ਕੇ ਬੱਚਾ ਹਰਪ੍ਰੀਤ ਦੀ ਝੋਲੀ ਵਿੱਚ ਪਾਇਆ। ਬੱਚਾ ਇੰਨਾ ਸੋਹਣਾ ਅਤੇ ਸਿਹਤਮੰਦ ਹੈ ਕਿ ਕੀ ਲਿਖਾਂ। ਫ਼ੇਰ ਹਰਪ੍ਰੀਤ ਨੇ ਹੀ ਗੁੜਤੀ ਅਤੇ ਜਲ ਬਣਾ ਕੇ ਬੱਚੇ ਨੂੰ ਪਿਲਾਇਆ, ਸਾਰਿਆਂ ਦੇ ਅੱਖਾਂ ਵਿਚ ਖੁਸ਼ੀ ਦੇ ਹੰਝੂ ਸਨ, ਇਹ ਸਭ ਦੇਖ ਕੇ, ਬਹੁਤ ਮਾਣ ਸਨਮਾਨ ਕੀਤਾ ਉਸ ਪਰਿਵਾਰ ਨੇ, ਅਸੀਂ ਤਾਂ ਬਸ ਇਹੀ ਕਿਹਾ ਕਿ ਗੁਰੂ ਰਾਮਦਾਸ ਜੀ ਨੇ ਕ੍ਰਿਪਾ ਕੀਤੀ ਹੈ। ਤੁਸੀਂ ਉਹ ਸੋਹਣਾ ਦਰ ਨਾ ਭੁੱਲਣਾ। ਇਥੋਂ ਹੀ ਸਾਰੀਆਂ ਖੁਸ਼ੀਆਂ ਮਿਲਦੀਆਂ ਹਨ। ਜਦੋਂ ਤੁਹਾਡੀ ਇਬਾਦਤ ਸੱਚ ਦੀ ਹੋਵੇ ਤੇ ਮਨ ਵਿਚ ਭਰੋਸਾ ਉਸ ਅਕਾਲ ਪੁਰਖ ਉਤੇ ਹੋਵੇ ਫੇਰ ਕਾਰਜ ਜ਼ਰੂਰ ਪੂਰਾ ਹੁੰਦਾ ਹੈ। ਗੁਰਬਾਣੀ ਦੀ ਓਟ ਇਨਸਾਨ ਦੀ ਜਿੰਦਗੀ ਨੂੰ ਇਕ ਕਰਾਮਾਤ ਦੀ ਤਰਾਂ ਬਦਲਣ ਦੀ ਸ਼ਕਤੀ ਰੱਖਦੀ ਹੈ।

ਬਾਕੀ ਸਫ਼ਾ 26 ’ਤੇ

# ਮੁਹੱਬਤ ਦੀ ਐਨਕ "ਸਿੱਖ ਮੁਸਲਿਮ ਸੰਬੰਧ" ਸੂਫ਼ੀ ਅਮਨ ਦਾ ਪ੍ਰਚਾਰਕ ਹੁੰਦਾ ਏ।



ਡਾ. ਗਜ਼ਨਫ਼ਰ
923003000063
(ਲਹਿੰਦਾ ਪੰਜਾਬ)

" ਸਿੱਖ ਮੁਸਲਿਮ ਸੰਬੰਧਾਂ ਨੂੰ ਮੁੱਖ ਰੱਖਦਿਆਂ ਅਸੀਂ ਇਤਿਹਾਸ ਦੀਆਂ ਪੰਨਿਆਂ ਨੂੰ ਜਦੋਂ ਵੀ ਫਰੋਲਦੇ ਹਾਂ ਤਾਂ ਸਾਨੂੰ ਇਸਰਾਂ ਕਿਉਂ ਹਰ ਸ਼ੈ ਵੱਖਰੀ ਵੱਖਰੀ ਅਤੇ ਹੋਰੀਂ ਜਾਪਦੀ ਹੈ ? " ਜਸਵੰਤ ਸਿੰਘ ਨੇ ਸਵਾਲ ਕੀਤਾ।

" ਵੇਖੋ ਇਸਰਾਂ ਨਹੀਂ ਹੈ ਜਦੋਂ ਅਸੀਂ ਇਤਿਹਾਸ ਦੇ ਪੜਿਆਰ ਬਣ ਕੇ ਕੁਝ ਗੌਰ ਕਰਨੇ ਹਾਂ ਤੇ ਸਾਨੂੰ ਇਹ ਗੱਲ ਸਭ ਤੋਂ ਪਹਿਲਾਂ ਸਮਝਣੀ ਚਾਹੀਦੀ ਹੈ ਪਈ ਇਤਿਹਾਸ ਨੂੰ ਇਕ ਖ਼ਾਸ ਨਜ਼ਰ ਦੀ ਐਨਕ ਨਾਲ਼ ਵੇਖਣ ਵਾਲੇ ਇਸਰਾਂ ਸਮਝਦੇ ਨੇ ਪਈ ਕੁੱਝ ਵੀ ਚੰਗਾ ਨਹੀਂ ਸੀ। ਸਾਨੂੰ ਐਨਕ ਲਾਣੀ ਜ਼ਰੂਰ ਚਾਹੀਦੀ ਹੈ ਪਰ ਮੁਹੱਬਤ ਦੀ ਐਨਕ ਲਾਣੀ ਚਾਹੀਦੀ ਹੈ। ਜਿਸ ਕਰਕੇ ਇਤਿਹਾਸ ਦੀਆਂ ਪੰਨਿਆਂ ਉਪਰ ਜੰਮੀ ਨਫ਼ਰਤ ਦੀ ਧੂੜ ਖ਼ਤਮ ਹੋ ਜਾਂਦੀ ਹੈ ", ਪ੍ਰੋਫ਼ੈਸਰ ਜਤਿੰਦਰ ਸਿੰਘ ਹੋਰਾਂ ਨੇ ਕਿਹਾ। ਪੰਜਾਬੀ ਯੂਨੀਵਰਸਿਟੀ ਦੀ ਇਤਿਹਾਸ ਦੀ ਕਲਾਸ ਵਿਚ ਅੱਜ ਵੀ ਹਮੇਸ਼ ਵਾਕਣ ਬਹਿਸ ਜਾਰੀ ਸੀ।

" ਅਸੀਂ ਸਿੱਖ ਮੁਸਲਿਮ ਸੰਬੰਧਾਂ ਬਾਰੇ ਹਨੇਰਿਆਂ ਵਿਚ ਹਾਂ। ਹੱਕੀ ਗੱਲ ਤੇ ਇਹ ਪਈ ਸਿੱਖ ਮੁਸਲਿਮ ਸੰਬੰਧ ਹਮੇਸ਼ ਤੋਂ ਬਹੁਤ ਚੰਗੇ ਰਹੇ ਨੇ ", ਪ੍ਰੋਫ਼ੈਸਰ ਜਤਿੰਦਰ ਸਿੰਘ ਬੋਲਦਾ ਪਿਆ ਸੀ। " ਪਰ ਸਰ ਅਸੀਂ ਆਪਣੇ ਪੁਰਖਿਆਂ ਕੋਲ਼ੋਂ ਹਮੇਸ਼ਾ ਤੋਂ ਇਹ ਹੀ ਸੁਣਦੇ ਆ ਰਹੇ ਹਾਂ ਪਈ ਮੁਸਲਮਾਨਾਂ ਨਾਲ਼ ਸਾਡਾ ਸੰਬੰਧ ਕੋਈ ਇੰਨਾਂ ਵਧੀਆ ਨਹੀਂ ਰਿਹਾ ", ਸਤਵੰਤ ਕੌਰ ਨੇ ਸਵਾਲ ਕੀਤਾ।

" ਤੁਸੀ ਆਪਣੀ ਜਗਾ ਉੱਤੇ ਠੀਕ ਆਖ ਰਹੇ ਓ। ਪਰ ਹੱਕੀ ਗੱਲ ਤੇ ਇਹ ਵੀ ਸਾਡੇ ਵਾਕਣ ਸਾਡੇ ਪੁਰਖੇ ਵੀ ਇਤਿਹਾਸ ਨੂੰ ਇੱਕ ਖ਼ਾਸ ਨਜ਼ਰ ਦੀ ਐਨਕ ਨਾਲ਼ ਵੇਖਦੇ ਰਹੇ ਨੇ। ਪਰ ਦੁੱਖ ਵਾਲ਼ੀ ਗੱਲ ਇਹ ਹੈ ਪਈ ਉਨਾਂ ਵਿਚੋਂ ਘੱਟ ਲੋਕਾਂ ਨੇ ਮੁਹੱਬਤ ਦੀ ਐਨਕ ਵਰਤੀ। ਮੈਂ ਸਿੱਖੀ ਇਤਿਹਾਸ ਨੂੰ ਮੁੱਖ ਰੱਖਦਿਆਂ ਕੁੱਝ ਵੰਨਗੀਆਂ ਤੁਹਾਡੇ ਸਾਮਣੇ ਰੱਖਣਾਂ ਤਾਂ ਜੋ ਤੁਹਾਡੇ ਸਾਮਣੇ ਸਾਰੀ ਗੱਲ ਨਿੱਤਰ ਕੇ ਆ ਜਾਵੇ ", ਪ੍ਰੋਫ਼ੈਸਰ ਜਤਿੰਦਰ ਸਿੰਘ ਨੇ ਕਿਹਾ।

" ਸਿੱਖੀ ਦੇ ਮੋਢੀ ਸ੍ਰੀ ਬਾਬਾ ਗੁਰ ਨਾਨਕ ਜੀ ਮਹਾਰਾਜ ਦੀ ਜਨਮ ਭੂਮੀ ਦਾ ਨਾਂ ਰਾਏ ਭੋਇ ਦੀ ਤਲਵੰਡੀ ਸੀ। ਤੁਹਾਨੂੰ ਪਤਾ ਹੈ ਪਈ ਸਰਦਾਰ ਮਾਣਕ ਰਾਏ ਬੁਲਾਰ ਮੁਹੰਮਦ ਭੱਟੀ ਮੁਸਲਮਾਨ ਸੀ। ਸਿੱਖ ਇਤਿਹਾਸ ਦੱਸਦਾ ਹੈ ਪਈ ਨਾਨਕ ਪਿਆਰ ਅੰਦਰ ਰਾਏ ਬੁਲਾਰ ਮੁਹੰਮਦ ਭੱਟੀ ਨੇ ਰਾਏ ਭੋਇ ਦੀ ਤਲਵੰਡੀ ਦਾ ਨਾਂ ਨਨਕਾਣਾ ਸਾਹਿਬ ਰੱਖ ਦਿੱਤਾ। ਅੱਛਾ, ਗੱਲ ਨਿਰੀ ਉਥੇ ਨਹੀਂ ਮੁੱਕਦੀ ਰਾਏ ਬੁਲਾਰ ਮੁਹੰਮਦ ਭੱਟੀ ਪੰਦਰਾਂ ਸੌ ਮੁਰੱਬਿਆਂ ਦਾ ਮਾਲਕ ਸੀ। ਉਹਨੇ ਅਠਾਰਾਂ ਸੌ ਪੀਲੀ ( ?) ਜ਼ਮੀਨ ਸ੍ਰੀ ਗੁਰ ਨਾਨਕ ਸਾਹਿਬ ਦੇ ਨਾਂ ਅਰਪਣ ਕਰ ਦਿੱਤੀ। ਜਿਨਾਂ ਉੱਪਰ ਹੁਣ ਨਨਕਾਣਾ ਸਾਹਿਬ ਆਬਾਦ ਹੈ ", ਪ੍ਰੋਫ਼ੈਸਰ ਜਤਿੰਦਰ ਸਿੰਘ ਬੋਲ ਰਿਹਾ ਸੀ।

" ਸਰ ਜੀ ਇਹ ਤੇ ਬੜੀ ਹੈਰਾਨੀ ਵਾਲ਼ੀ ਗੱਲ ਹੈ। " ਇਕ ਸ਼ਾਗਿਰਦ ਬੋਲਿਆ।

" ਹੈਰਾਨੀ ਵਾਲ਼ੀ ਗੱਲ ਤੇ ਆਪੇ ਲੱਗਣੀ ਹੈ ਜਦੋਂ ਅਸੀਂ ਮੁਹੱਬਤ ਦੀ ਐਨਕ ਲਗਾਣ ਦੀ ਤਕਲੀਫ਼ ਹੀ ਨਹੀਂ ਕੀਤੀ। ਇਕ ਹੋਰ ਵੰਨਗੀ ਦੇਖੋ ", ਪ੍ਰੋਫ਼ੈਸਰ ਜਤਿੰਦਰ ਸਿੰਘ ਨੇ ਕਿਹਾ।

" ਤੁਸੀ ਦੇਖੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰ ਗ੍ਰੰਥ ਸਾਹਿਬ ਦੇ ਵਿਚ ਮੁਸਲਮਾਨ ਬਜ਼ੁਰਗਾਂ ਦੀ ਬਾਣੀ ਦਰਜ ਕਰਨਾ ਤੇ ਸਿੱਖ ਸੰਗਤਾਂ ਦਾ ਇਸ ਬਾਣੀ ਨੂੰ ਬੜੇ ਅਦਬ ਨਾਲ਼ ਪੜਨਾ, ਸਿੱਖ ਮੁਸਲਿਮ ਏਕਤਾ ਦੀ ਬੜੀ ਅਣਮਿਟ ਯਾਦਗਾਰ ਹੈ। ਸਿੱਖ ਇਤਿਹਾਸ ਦੱਸਦਾ ਹੈ ਜਦੋਂ ਗੁਰੂ ਅਰਜਨ ਦੇਵ ਜੀ ਸ੍ਰੀ ਹਰਮਿੰਦਰ ਸਾਹਿਬ ਦੀ ਬੁਨਿਆਦ ਰੱਖਣ ਲੱਗੇ ਤਾਂ ਉਸ ਸਮੇ ਉਨਾਂ ਨੇ ਕਈ ਸਾਧੂਆਂ, ਸੰਗਤਾਂ, ਪੀਰਾਂ ਫ਼ਕੀਰਾਂ ਨੂੰ ਸੱਦਾ ਦਿੱਤਾ ਸੀ। ਇਸ ਇਕੱਠ ਵਿਚ ਗੁਰੂ ਸਾਹਿਬ ਨੇ ਸ੍ਰੀ ਹਰਮਿੰਦਰ ਸਾਹਿਬ ਦੀ ਬੁਨਿਆਦ ਰੱਖਣ ਯੋਗ ਕਿਸੇ ਨੂੰ ਸਮਝਿਆ ਤੇ ਉਹ ਸਾਈਂ ਮੀਆਂ ਮੀਰ ਜੀ ਸਨ।" ਪ੍ਰੋਫ਼ੈਸਰ ਜਤਿੰਦਰ ਸਿੰਘ ਦੀ ਆਵਾਜ਼ ਕਲਾਸ ਰੂਮ ਵਿਚ ਗੂੰਜ ਰਹੀ ਸੀ।

ਮੈਂ ਇਕ ਹੋਰ ਵੰਨਗੀ ਤੁਹਾਡੇ ਸਾਮਣੇ ਪੇਸ਼ ਕਰਨਾਂ। ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਮੁਸਲਮਾਨ ਸੱਯਦ ਪੀਰ ਮੁਹੰਮਦ ਤੋਂ ਅਰਬੀ, ਫ਼ਾਰਸੀ ਅਤੇ ਉਰਦੂ ਦੀਆਂ ਜ਼ਬਾਨਾਂ ਪੜੀਆਂ। ਏਸ ਕਾਰਨ ਗੁਰੂ ਗੋਬਿੰਦ ਸਿੰਘ ਜੀ ਸੱਯਦ ਪੀਰ ਮੁਹੰਮਦ ਹੋਰਾਂ ਦਾ ਅੰਤਾਂ ਦਾ ਇਹਤਰਾਮ ਕਰਦੇ ਸਨ। ਉਨਾਂ ਨੂੰ ਆਪਣਾ ਉਸਤਾਦ ਸਮਝਦੇ ਸਨ। ਇਥੇ ਮੈਂ ਇਕ ਗੱਲ ਹੋਰ ਦੱਸ ਦੇਵਾਂ ਕਿ ਜਦੋਂ ਘੇਰਾ ਪੈ ਗਿਆ, ਇਹ ਗੱਲ ਬਾਦਸ਼ਾਹ ਨੇ ਆਖ ਦਿੱਤੀ ਪਈ ਗੁਰੂ ਗੋਬਿੰਦ ਸਿੰਘ ਹੋਰੀਂ ਜਿਸ ਘਰੋਂ ਮਿਲਣਗੇ ਉਸ ਘਰ ਵਾਲ਼ਿਆਂ ਨੂੰ ਵੀ ਮਾਰ ਦਿੱਤਾ ਜਾਏਗਾ। ਉਸ ਸਮੇਂ ਪੰਜਾਬਾ ਸਿੰਘ ਅਤੇ ਹੁਕਮ ਸਿੰਘ ਗੁਰੂ ਗੋਬਿੰਦ ਸਿੰਘ ਜੀ ਹੋਰਾਂ ਅੱਗੇ ਹੱਥ ਬੰਨ ਖਲੋਤੇ। ਉਸ ਵਕਤ ਭਾਈ ਗ਼ਨੀ ਖ਼ਾਨ ਤੇ ਨਬੀ ਖ਼ਾਨ ਅੱਗੇ ਵਧੇ ਤੇ ਉਨਾਂ ਨੇ ਗੁਰੂ ਹੋਰਾਂ ਨੂੰ ਪਾਲਕੀ ਵਿਚ ਬਿਠਾ ਕੇ ਓਥੋਂ ਕੱਢਿਆ। ਜਦੋਂ ਸੰਤਰੀਆਂ ਨੇ ਪੁੱਛਿਆ ਇਹ ਪਾਲਕੀ ਵਿਚ ਕੌਣ ਨੇ ? ਭਾਈ ਨਬੀ ਖ਼ਾਨ ਅਤੇ ਗ਼ਨੀ ਖ਼ਾਨ ਹੋਰਾਂ ਨੇ ਕਿਹਾ ਪਈ ਇਹ ਉੱਚੇ ਪੀਰ ਨੇ। ਸੰਤਰੀਆਂ ਕੋਲ਼ ਗੁਰੂ ਗੋਬਿੰਦ ਸਿੰਘ ਸਾਹਿਬ ਹੋਰਾਂ ਦੀ ਤਸਵੀਰ ਤੇ ਹੈ ਕੋਈ ਨਹੀਂ ਸੀ। ਉਨਾਂ ਨੂੰ ਸ਼ੱਕ ਗੁਜ਼ਰਿਆ ਤੇ ਉਹ ਤਸਦੀਕ ਲਈ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਉਸਤਾਦ ਪੀਰ ਸੱਯਦ ਮੁਹੰਮਦ ਸ਼ਾਹ ਹੋਰਾਂ ਨੂੰ ਲੈ ਆਏ ਤਾਂ ਜੋ ਉਨਾਂ ਨੂੰ ਪੁੱਛਿਆ ਜਾਏ ਪਈ ਇਹ ਕੌਣ ਨੇਂ। ਪੀਰ ਸੱਯਦ ਮੁਹੰਮਦ ਸ਼ਾਹ ਹੋਰਾਂ ਦੀ ਉਮਰ ਬਹੁਤ ਹੋ ਚੁੱਕੀ ਸੀ, ਉਹ ਚੋਖੇ ਬੁੱਢੇ ਹੋ ਚੁੱਕੇ ਸਨ। ਉਸਤਾਦ ਆਪਣੇ ਸ਼ਾਗਿਰਦ ਨੂੰ ਇਕ ਮਿੰਟ ਤੋਂ ਪਹਿਲਾਂ ਪਛਾਣ ਲੈਂਦਾ ਹੈ। ਉਨਾਂ ਨੇ ਜਦੋਂ ਵੇਖਿਆ ਤਾਂ ਉਨਾਂ ਨੇ ਵੀ ਪਛਾਣ ਲਿਆ। ਪਰ ਉਹ ਕਿਉਂ ਜੋ ਸੱਯਦ ਸਨ ਅਤੇ ਆਲਮਦੀਨ ਸਨ। ਉਨਾਂ ਨੇ ਝੂਠ ਬੋਲਣਾ ਚੰਗਾ ਨਾ ਸਮਝਿਆ। ਉਨਾਂ ਨੇ ਸੰਤਰੀਆਂ ਨੂੰ ਪੁੱਛਿਆ ਪਈ ਇਹ ਕੀ ਆਖਦੇ ਨੇ ਪਈ ਇਹ ਕੌਣ ਨੇ। ਸੰਤਰੀਆਂ ਆਖਿਆ ਜੀ ਇਹ ਆਖਦੇ ਨੇ ਪਈ ਇਹ ਉੱਚੇ ਪੀਰ ਨੇ।ਸੱਯਦ ਪੀਰ ਮੁਹੰਮਦ ਸ਼ਾਹ ਹੋਰਾਂ ਨੇ ਆਖਿਆ ਪਈ ਹਾਂ ਇਹ ਮੈਨੂੰ ਵੀ ਕੋਈ ਉੱਚੇ ਪੀਰ ਈ ਲਗਦੇ ਨੇ। ਇਸਰਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਨਬੀ ਖ਼ਾਨ ਅਤੇ ਗ਼ਨੀ ਖ਼ਾਨ ਤੇ ਉਸਤਾਦ ਪੀਰ ਮੁਹੰਮਦ ਸ਼ਾਹ ਹੋਰਾਂ ਨੇ ਓਥੋਂ ਵਕਤ ਦੇ ਜ਼ਾਲਮ ਬਾਦਸ਼ਾਹ ਦੀ ਫ਼ੌਜ ਕੋਲ਼ੋਂ ਕੱਢ ਲਿਆਂਦਾ।ਇਸਰਾਂ ਈ ਬਾਜ਼ਾਂ ਵਾਲ਼ੇ ਗੁਰੂ ਜੀ ਦੇ ਨਾਂ ਨਾਲ਼ ਮਸ਼ਹੂਰ ਹੋਣ ਵਾਲ਼ੇ ਗੁਰੂ ਜੀ ਨੂੰ ਬਾਜ਼ ਤੁਹਾਨੂੰ ਪਤਾ ਕਿਸ ਨੇ ਦਿੱਤੇ ਸਨ ?" ਜਤਿੰਦਰ ਸਿੰਘ ਨੇ ਪੁੱਛਿਆ ਸਭੇ ਪੜਿਆਰ ਚੁੱਪ ਕਰ ਗਏ।

" ਉਨਾਂ ਨੂੰ ਬਾਜ਼ ਪਟਨਾ ਦੇ ਰਹੀਮ ਬਖ਼ਸ਼ ਅਤੇ ਕਰੀਮ ਬਖ਼ਸ਼ ਹੋਰਾਂ ਨੇ ਦਿੱਤੇ ਸਨ।ਵਿਚਾਰਨ ਵਾਲ਼ੀ ਗੱਲ ਇਹ ਪਈ ਗਿਫ਼ਟ ਤਾਂ ਉਨਾਂ ਦਾ ਕਬੂਲਿਆ ਜਾਂਦਾ ਹੈ ਜਿਨਾਂ ਨਾਲ਼ ਡੂੰਘਾ ਅੰਗ ਸਾਕ ਹੋਵੇ। ਇਸਰਾਂ ਹੀ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ ਨੇ ਹਜ਼ਰਤ ਅਲੀ ਪਾਕ ਯਾਂ ਹਜ਼ਰਤ ਇਮਾਮ ਹੁਸੈਨ ਪਾਕ ਦੀ ਤਲਵਾਰ ਗੁਰੂ ਸਾਹਿਬ ਨੂੰ ਦਿੱਤੀ ਜਿਹੜੀ ਅੱਜ ਵੀ ਸ੍ਰੀ ਆਨੰਦਪੁਰ ਸਾਹਿਬ ਵਿਚ ਮੌਜੂਦ ਹੈ।" ਪ੍ਰੋਫ਼ੈਸਰ ਜਤਿੰਦਰ ਸਿੰਘ ਹੋਰੀਂ ਸਵਾਹਰੇ ਬੋਲਦੇ ਪਏ ਸਨ ਤੇ ਸ਼ਾਗਿਰਦ ਉਨਾਂ ਦੇ ਸ਼ਬਦਾਂ ਨੂੰ ਅੱਖਰਾਂ ਦਾ ਬਾਣਾ ਪਵਾ ਰਹੇ ਸਨ। ਸਭੇ ਸ਼ਾਗਿਰਦ ਹੈਰਾਨੀ ਦੇ ਸਮੁੰਦਰ ਵਿਚ ਡੁੱਬੇ ਸਨ।

" ਜ਼ੁਲਮ ਬੜਾ ਹੋਇਆ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰ ਦਿੱਤਾ ਗਿਆ। ਜ਼ਾਲਮਾਂ ਨੇ ਜ਼ੁਲਮ ਦੀ ਹੱਦ ਮੁਕਾ ਛੱਡੀ। ਇਸ ਤੋਂ ਅੱਡ ਹੋਰ ਵੀ ਗੁਰੂ ਸਾਹਿਬਾਂ ਨੂੰ ਬਹੁਤ ਤਕਲੀਫਾਂ ਦਿੱਤੀਆਂ ਗਈਆਂ। ਪਰ ਅੱਜ ਵਕਤ ਦੀ ਲੋੜ ਹੈ ਮੁਹੱਬਤ ਦੀ ਐਨਕ ਪਾਈ ਜਾਵੇ ਤੇ ਭਾਈਚਾਰੇ ਦਾ ਪ੍ਰਚਾਰ ਕੀਤਾ ਜਾਵੇ। ਜਿਨਾਂ ਜ਼ੁਲਮ ਕੀਤਾ ਉਹ ਮੁਸਲਮਾਨ ਨਹੀਂ ਸਨ, ਮੁਸਲਮਾਨਾਂ ਦੇ ਨਾਂ ਤੇ ਇੱਕ ਧੱਬਾ ਸਨ। ਬਾਬਾ ਫ਼ਰੀਦ, ਸ੍ਰੀ ਗੁਰੂ ਨਾਨਕ ਮਹਾਰਾਜ, ਬੁੱਲਾ, ਵਾਰਸ ਮੁਹੱਬਤ ਦੇ ਪ੍ਰਚਾਰ ਕਰਨ ਵਾਲ਼ੇ ਸਨ। ਸੂਫ਼ੀ ਅਮਨ ਦਾ ਪ੍ਰਚਾਰਕ ਹੁੰਦਾ ਏ। ਮੁਹੱਬਤ ਦਾ ਪੈਗ਼ਾਮ ਦੇਣ ਵਾਲਾ ਹੁੰਦਾ ਹੈ।" ਪ੍ਰੋਫ਼ੈਸਰ ਆਪਣੀ ਕਲਾਸ ਨੂੰ ਖ਼ਬਰੇ ਕਿੰਨਾ ਕੁੱਝ ਝੱਟ ਵਿੱਚ ਦੱਸ ਗਿਆ।

ਪ੍ਰੋਫ਼ੈਸਰ ਜਤਿੰਦਰ ਸਿੰਘ ਦੀ ਕਲਾਸ ਮੁੱਕਣ ਤਾਈਂ ਸਭੇ ਸ਼ਾਗਿਰਦਾਂ ਨੂੰ ਮੁਹੱਬਤ ਦੀ ਐਨਕ ਪਵਾ ਚੁੱਕਾ ਸੀ।

## ਭਾਰਤ ਉਪਰ ਜੰਗ ਦਾ ਖਤਰਾ...

ਸੈਨਾ ਤੇ ਪੁਲਿਸ ਦੀਆਂ ਬੰਬ ਨਕਾਰਾ ਦਸਤੇ ਦੀਆਂ ਟੀਮਾਂ ਵੀ ਹਵਾਈ ਅੱਡੇ ਦੀ ਤਲਾਸ਼ੀ ਵਿਚ ਜੁਟੀਆਂ ਹੋਈਆਂ ਹਨ ।ਇਸ ਦੌਰਾਨ ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਜਿਹੜੇ ਕਿ ਲੱਦਾਖ ਦੇ 3 ਦਿਨ ਦੌਰੇ 'ਤੇ ਐਤਵਾਰ ਨੂੰ ਪਹੁੰਚੇ ਹਨ, ਨੇ ਇਸ ਸਬੰਧ ਵਿਚ ਹਵਾਈ ਸੈਨਾ ਦੇ ਡਿਪਟੀ ਚੀਫ਼ ਏਅਰ ਮਾਰਸ਼ਲ ਐਚ.ਐਸ. ਅਰੋੜਾ ਨਾਲ ਗੱਲਬਾਤ ਕਰਕੇ ਜਾਣਕਾਰੀ ਲਈ। ਇਸ ਘਟਨਾ ਦੇ ਮੱਦੇਨਜ਼ਰ ਜੰਮੂ, ਊਧਮਪੁਰ, ਅਵੰਤੀਪੁਰਾ, ਪਠਾਨਕੋਟ ਤੇ ਅੰਬਾਲਾ ਦੇ ਹਵਾਈ ਸੈਨਾ ਦੇ ਅੱਡਿਆਂ ਦੀ ਸੁਰੱਖਿਆ ਨੂੰ ਵਧਾ ਦਿੱਤਾ ਗਿਆ ਹੈ।

ਦੋ ਸ਼ੱਕੀ ਹਿਰਾਸਤ ਵਿਚ

ਧਮਾਕੇ ਵਾਲੀਆਂ ਥਾਵਾਂ 'ਤੇ ਕਰੀਬ 5 ਘੰਟੇ ਤੋਂ ਜ਼ਿਆਦਾ ਸਮਾਂ ਜਾਂਚ ਪੜਤਾਲ ਕਰਨ ਬਾਅਦ ਐਨ.ਆਈ.ਏ. ਨੇ ਸ਼ਹਿਰ ਦੇ ਬਾਹਰਵਾਰ ਪੈਂਦੇ ਬੇਲੀਚਿਰਾਨਾ ਇਲਾਕੇ ਤੋਂ ਦੋ ਸ਼ੱਕੀਆਂ ਨੂੰ ਹਿਰਾਸਤ ਵਿਚ ਲਿਆ ਹੈ । ਐਸ.ਪੀ. ਰਾਕੇਸ਼ ਬਲਵਾਲ ਦੀ ਅਗਵਾਈ ਵਾਲੀ ਐਨ.ਆਈ.ਏ. ਟੀਮ ਵਲੋਂ ਜਲਦ ਇਸ ਮਾਮਲੇ ਨੂੰ ਆਪਣੇ ਹੱਥਾਂ ਵਿਚ ਲੈਣ ਦੀ ਸੰਭਾਵਨਾ ਹੈ ।

**ਚੀਨ-ਭਾਰਤ ਸਰਹੱਦ 'ਤੇ ਤਣਾਉ**

ਖ਼ਬਰਾਂ ਅਨੁਸਾਰ ਚੀਨ ਨੇ ਚੀਨ-ਭਾਰਤ ਸਰਹੱਦ ਦੇ ਪੱਛਮੀ ਹਿੱਸੇ ਵਿਚ ਵੱਡੀ ਪੱਧਰ 'ਤੇ ਫ਼ੌਜਾਂ ਜਮਾਂ ਕੀਤੀਆਂ ਹਨ। ਵੀਰਵਾਰ ਭਾਰਤ ਨੇ ਸਰਹੱਦ ਨੇੜੇ ਫ਼ੌਜਾਂ ਜਮਾਂ ਕਰਨ 'ਤੇ ਇਤਰਾਜ਼ ਜਤਾਉਂਦਿਆਂ ਦੋਸ਼ ਲਾਇਆ ਕਿ ਚੀਨ ਦੋਹਾਂ ਦੇਸ਼ਾਂ ਦੇ ਇਸ ਵੇਲੇ ਕਬਜ਼ੇ ਹੇਠ ਇਲਾਕਿਆਂ ਵਾਲੀ ਸੀਮਾ-ਰੇਖਾ ਵਿਚ ਬਦਲਾਉ ਲਿਆਉਣਾ ਚਾਹੁੰਦਾ ਹੈ। ਭਾਰਤ ਨੇ ਇਹ ਵੀ ਕਿਹਾ ਕਿ ਚੀਨ ਦੀਆਂ ਇਹ ਕਾਰਵਾਈਆਂ ਦੋਹਾਂ ਦੇਸ਼ਾਂ ਵਿਚਕਾਰ 1993 ਅਤੇ 1996 ਵਿਚ ਹੋਏ ਸਮਝੌਤਿਆਂ ਦੇ ਵਿਰੁੱਧ ਹਨ। ਇਸ ਤੋਂ ਪਹਿਲਾਂ ਚੀਨ ਨੇ ਕਿਹਾ ਸੀ ਕਿ ਉਸ ਦੁਆਰਾ ਆਪਣੇ ਕਬਜ਼ੇ ਹੇਠਲੇ ਇਲਾਕੇ ਵਿਚ ਫ਼ੌਜਾਂ ਭੇਜਣਾ ਆਪਣੀ ਸੁਰੱਖਿਆ ਨੂੰ ਮਜ਼ਬੂਤ ਕਰਨ ਵੱਲ ਇਕ ਕਦਮ ਹੈ।

ਕੂਟਨੀਤਕ ਮਾਹਿਰ ਚੀਨ ਦੀਆਂ ਕਾਰਵਾਈਆਂ ਨੂੰ ਕਈ ਦ੍ਰਿਸ਼ਟੀਕੋਣਾਂ ਤੋਂ ਦੇਖਦੇ ਹਨ। ਉਨਾਂ ਅਨੁਸਾਰ ਚੀਨ ਨੇ ਪਿਛਲੇ ਸਾਲ ਤੋਂ ਸੀਮਾ-ਰੇਖਾ ਦੀ ਉਲੰਘਣਾ ਕਰਕੇ ਨਾ ਸਿਰਫ਼ ਦੋਹਾਂ ਦੇਸ਼ਾਂ ਵਿਚ ਤਣਾਉ ਵਧਾਇਆ ਹੈ ਸਗੋਂ ਭਾਰਤ ਵਾਸਤੇ ਇਹ ਲਾਜ਼ਮੀ ਹੋ ਗਿਆ ਹੈ ਕਿ ਉਹ ਸਰਹੱਦ 'ਤੇ ਆਪਣੀਆਂ ਫ਼ੌਜਾਂ ਦੀ ਮੌਜੂਦਗੀ ਲਗਾਤਾਰ ਬਣਾਈ ਰੱਖੇ। ਇਹ ਸਰਹੱਦ ਬਹੁਤ ਲੰਮੀ ਹੈ ਅਤੇ ਵੱਡੀ ਗਿਣਤੀ ਵਿਚ ਫ਼ੌਜਾਂ ਦੀ ਮੌਜੂਦਗੀ ਕਾਰਨ ਦੇਸ਼ ਨੂੰ ਬੇਤਹਾਸ਼ਾ ਪੈਸਾ ਖਰਚ ਕਰਨਾ ਪੈਂਦਾ ਹੈ ਜਿਸ ਦਾ ਅਸਰ ਰੱਖਿਆ ਵਿਭਾਗ ਦੇ ਬਜਟ 'ਤੇ ਪੈਂਦਾ ਹੈ। ਕੁਝ ਹੋਰ ਕੂਟਨੀਤਕ ਮਾਹਿਰਾਂ ਅਨੁਸਾਰ ਭਾਰਤ ਦੁਆਰਾ ਚੀਨ-ਭਾਰਤ ਸਰਹੱਦ 'ਤੇ ਫ਼ੌਜਾਂ ਦੀ ਤਾਇਨਾਤੀ ਕਾਰਨ ਭਾਰਤ ਦੀ ਪਾਕਿਸਤਾਨ ਵਿਰੁੱਧ ਕਾਰਵਾਈ ਕਰਨ ਦੀ ਸਮਰੱਥਾ ਵੀ ਪ੍ਰਭਾਵਿਤ ਹੁੰਦੀ ਹੈ। ਇਹ ਮੰਨਿਆ ਜਾ ਰਿਹਾ ਹੈ ਕਿ ਭਾਰਤ ਉਪਰ ਜੰਗ ਦੇ ਖਤਰੇ ਮੰਡਰਾ ਰਹੇ ਹਨ।

ਕਈ ਕੂਟਨੀਤਕ ਮਾਹਿਰ ਚੀਨ ਤੇ ਭਾਰਤ ਵਿਚ ਤਣਾਉ ਨੂੰ ਅਗਸਤ 2019 ਵਿਚ ਭਾਰਤ ਦੁਆਰਾ ਸੰਵਿਧਾਨ ਦੀ ਧਾਰਾ 370 ਮਨਸੂਖ਼ ਕਰਕੇ ਜੰਮੂ ਕਸ਼ਮੀਰ ਨੂੰ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ ਵੰਡਣ ਦੀ ਕਾਰਵਾਈ ਨਾਲ ਜੋੜਦੇ ਹਨ। ਚੀਨ ਲੱਦਾਖ਼ ਦੇ ਕੁਝ ਹਿੱਸਿਆਂ 'ਤੇ ਦਾਅਵਾ ਕਰਦਾ ਰਿਹਾ ਹੈ ਅਤੇ ਮਾਹਿਰਾਂ ਅਨੁਸਾਰ ਕੇਂਦਰ ਦੁਆਰਾ ਇਸ ਇਲਾਕੇ ਦਾ ਸੰਵਿਧਾਨਕ ਰੁਤਬਾ ਬਦਲਣ ਕਾਰਨ ਚੀਨ ਨੇ ਇਹ ਸੁਨੇਹਾ ਦੇਣ ਲਈ ਫ਼ੌਜੀ ਕਾਰਵਾਈ ਕੀਤੀ ਹੈ ਕਿ ਉਹ ਭਾਰਤ ਦੁਆਰਾ ਚੁੱਕੇ ਕਦਮ ਤੋਂ ਨਾਖੁਸ਼ ਹੈ। ਕੁਝ ਹੋਰ ਕੂਟਨੀਤਕ ਮਾਹਿਰਾਂ ਅਨੁਸਾਰ ਚੀਨ ਭਾਰਤ ਤੇ ਅਮਰੀਕਾ ਵਿਚ ਵਧ ਰਹੀ ਨਜ਼ਦੀਕੀ ਤੋਂ ਨਾਰਾਜ਼ ਹੈ। ਪਿਛਲੇ ਸਾਲ ਸਰਹੱਦਾਂ 'ਤੇ ਤਣਾਉ ਅਤੇ ਫ਼ੌਜਾਂ ਵਿਚਕਾਰ ਝੜਪਾਂ ਤੋਂ ਬਾਅਦ ਭਾਰਤ ਨੇ ਚੀਨ ਦੀਆਂ ਵਪਾਰਕ ਫਰਮਾਂ ਤੇ ਇੰਟਰਨੈੱਟ ਪਲੇਟਫਾਰਮਾਂ 'ਤੇ ਕਈ ਤਰਾਂ ਦੀਆਂ ਪਾਬੰਦੀਆਂ ਲਗਾਈਆਂ ਹਨ। ਭਾਰਤ ਇਸ ਸਿਆਸੀ-ਭੂਗੋਲਿਕ ਸੱਚਾਈ ਤੋਂ ਇਨਕਾਰ ਨਹੀਂ ਕਰ ਸਕਦਾ ਕਿ ਉਸ ਦਾ ਗੁਆਂਢੀ ਦੇਸ਼ ਚੀਨ ਇਸ ਸਮੇਂ ਸੰਸਾਰ ਦੀ ਵੱਡੀ ਆਰਥਿਕ ਅਤੇ ਫ਼ੌਜੀ ਸ਼ਕਤੀ ਹੈ। ਭਾਰਤ ਦੇ ਹੋਰ ਗੁਆਂਢੀ ਦੇਸ਼ਾਂ ਨਾਲ ਸਬੰਧ ਵੀ ਕੋਈ ਸੁਖਾਵੇਂ ਨਹੀਂ ਜਦੋਂਕਿ ਚੀਨ ਨੇਪਾਲ, ਬੰਗਲਾਦੇਸ਼, ਪਾਕਿਸਤਾਨ ਅਤੇ ਸ੍ਰੀਲੰਕਾ ਵਿਚ ਆਪਣਾ ਅਸਰ ਵਧਾ ਰਿਹਾ ਹੈ। ਮਾਹਿਰ ਮਹਿਸੂਸ ਕਰਦੇ ਹਨ ਕਿ ਚੀਨ ਵਰਗੀ ਵੱਡੀ ਤਾਕਤ ਦਾ ਸਾਹਮਣਾ ਕਰਨ ਲਈ ਭਾਰਤ ਨੂੰ ਗੁਆਂਢੀ ਦੇਸ਼ਾਂ ਨਾਲ ਸੁਲਾ-ਸਫ਼ਾਈ ਦੀ ਨੀਤੀ ਅਪਣਾ ਕੇ ਦੱਖਣੀ ਏਸ਼ੀਆ ਖੇਤਰੀ ਸਹਿਯੋਗ ਸੰਗਠਨ ਨੂੰ ਮਜ਼ਬੂਤ ਕਰਨ ਦੀ ਜ਼ਰੂਰਤ ਹੈ ਤਾਂ ਕਿ ਅਜਿਹੀ ਸੰਸਥਾ ਚੀਨ ਅਤੇ ਅਮਰੀਕਾ ਦੇ ਨਾਲ ਨਾਲ ਆਸੀਆਨ ਅਤੇ ਯੂਰੋਪੀਅਨ ਯੂਨੀਅਨ ਜਿਹੀਆਂ ਸੰਸਥਾਵਾਂ ਨਾਲ ਵਪਾਰ, ਕਾਰੋਬਾਰ ਤੇ ਹੋਰ ਮਾਮਲਿਆਂ ਵਿਚ ਸਮਝੌਤੇ ਕਰਕੇ ਆਪਣੀ ਕੂਟਨੀਤਕ ਸਮਰੱਥਾ ਵਧਾ ਸਕੇ।

**ਜੰਮੂ ਕਸ਼ਮੀਰ 'ਚ ਜਮਹੂਰੀ ਅਮਲ**

ਬੀਤੇ ਹਫਤੇ ਪ੍ਰਧਾਨ ਮੰਤਰੀ ਦੀ ਜੰਮੂ ਕਸ਼ਮੀਰ ਦੇ ਆਗੂਆਂ ਨਾਲ ਮੀਟਿੰਗ, ਕੇਂਦਰ ਸਰਕਾਰ ਅਤੇ ਇਸ ਖੇਤਰ ਦੇ ਨੁਮਾਇੰਦਿਆਂ ਵਿਚਕਾਰ ਪਿਛਲੇ 2 ਸਾਲਾਂ ਵਿਚ ਹੋਈ ਪਹਿਲੀ ਮੁਲਾਕਾਤ ਹੈ। ਇਸ ਮੀਟਿੰਗ ਦਾ ਮੁੱਖ ਮਹੱਤਵ ਇਸ ਤੱਥ ਵਿਚ ਹੈ ਕਿ ਕੇਂਦਰ ਸਰਕਾਰ ਨੇ ਜੰਮੂ ਕਸ਼ਮੀਰ ਦੀਆਂ ਪਾਰਟੀਆਂ ਦੇ ਉਨਾਂ ਆਗੂਆਂ ਨਾਲ ਮੁਲਾਕਾਤ ਕੀਤੀ ਜਿਨਾਂ ਨੂੰ ਭਾਜਪਾ ਲੋਕਾਂ ਦੇ ਨੁਮਾਇੰਦੇ ਮੰਨਣ ਤੋਂ ਇਨਕਾਰ ਕਰਦੀ ਰਹੀ ਹੈ। ਮੀਟਿੰਗ ਵਿਚ ਗੁਪਕਾਰ ਐਲਾਨਨਾਮੇ ਵਾਲੇ ਗੱਠਜੋੜ ਦੀਆਂ ਪਾਰਟੀਆਂ ਦੇ ਆਗੂ ਜਿਨਾਂ ਵਿਚ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ, ਉਮਰ ਅਬਦੁੱਲਾ, ਮਹਿਬੂਬਾ ਮੁਫ਼ਤੀ ਅਤੇ ਇਸ ਗੱਠਜੋੜ ਦਾ ਮੁੱਖ ਵਕਤਾ ਮੁਹੰਮਦ ਤਾਰੀਗਾਮੀ ਸ਼ਾਮਿਲ ਸਨ, ਨੇ ਹਿੱਸਾ ਲਿਆ। ਗੁਲਾਮ ਨਬੀ ਆਜ਼ਾਦ ਨੇ ਕਾਂਗਰਸ ਦੀ ਪ੍ਰਤੀਨਿਧਤਾ ਕੀਤੀ ਅਤੇ ਭਾਜਪਾ ਤੇ ਕਈ ਹੋਰ ਛੋਟੀਆਂ ਪਾਰਟੀਆਂ ਦੇ ਆਗੂ ਵੀ ਮੀਟਿੰਗ ਵਿਚ ਸ਼ਾਮਿਲ ਹੋਏ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ, ਜੰਮੂ ਕਸ਼ਮੀਰ ਦੇ ਉਪ-ਰਾਜਪਾਲ ਮਨੋਜ ਸਿਨਹਾ ਅਤੇ ਗ੍ਰਹਿ ਮੰਤਰਾਲੇ ਦੇ ਉੱਚ ਅਧਿਕਾਰੀਆਂ ਨੇ ਵੀ ਮੀਟਿੰਗ ਵਿਚ ਹਿੱਸਾ ਲਿਆ।

5 ਅਗਸਤ 2019 ਨੂੰ ਧਾਰਾ 370 ਮਨਸੂਖ ਕਰ ਕੇ ਜੰਮੂ ਕਸ਼ਮੀਰ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ 'ਚ ਵੰਡ ਦਿੱਤਾ ਗਿਆ ਸੀ। ਭਾਜਪਾ ਇਸ ਨੂੰ ਆਪਣੀ ਪ੍ਰਮੁੱਖ ਸਿਆਸੀ ਪ੍ਰਾਪਤੀ ਸਮਝਦੀ ਹੈ ਅਤੇ ਹੋਰ ਸੂਬਿਆਂ ਵਿਚ ਹੋਈਆਂ ਚੋਣਾਂ ਵਿਚ ਇਸ ਦਾ ਵਧ ਚੜ ਕੇ ਪ੍ਰਚਾਰ ਕੀਤਾ ਗਿਆ। ਪਿਛਲੇ ਦੋ ਵਰਿਆਂ ਦੌਰਾਨ ਜੰਮੂ ਕਸ਼ਮੀਰ ਦੇ ਸਿਆਸੀ ਆਗੂਆਂ ਨੂੰ ਨਜਰਬੰਦ ਕਰ ਦਿੱਤਾ ਗਿਆ ਅਤੇ ਭਾਜਪਾ ਦਾ ਦਾਅਵਾ ਸੀ ਕਿ ਸੂਬੇ ਵਿਚ ਨਵੀਂ ਲੀਡਰਸ਼ਿਪ ਉੱਭਰੇਗੀ। 2019 ਵਿਚ ਨੈਸ਼ਨਲ ਕਾਨਫਰੰਸ, ਪੀਡੀਪੀ, ਸੀਪੀਐੱਮ, ਅਵਾਮੀ ਨੈਸ਼ਨਲ ਕਾਨਫਰੰਸ ਅਤੇ ਜੰਮੂ ਕਸ਼ਮੀਰ ਪੀਪਲਜ ਮੂਵਮੈਂਟ ਪਾਰਟੀ ਨੇ ਸ੍ਰੀਨਗਰ ਦੀ ਗੁਪਕਰ ਸੜਕ 'ਤੇ ਸਥਿਤ ਫਾਰੂਕ ਅਬਦੁੱਲਾ ਦੇ ਘਰ (ਗੁਪਕਰ ਰੈਜੀਡੈਂਸ) ਵਿਚ ਮੀਟਿੰਗ ਕਰ ਕੇ ਇਹ ਗੱਠਜੋੜ ਬਣਾਇਆ ਜਿਸ ਦਾ ਮੁੱਖ ਮਕਸਦ 5 ਅਗਸਤ 2019 ਤੋਂ ਪਹਿਲਾਂ ਵਾਲੀ ਸਥਿਤੀ ਨੂੰ ਬਹਾਲ ਕਰਾਉਣਾ ਹੈ। ਮੀਟਿੰਗ ਵਿਚ ਕੇਂਦਰ ਨੇ ਦਾਅਵਾ ਕੀਤਾ ਕਿ ਜੰਮੂ ਕਸ਼ਮੀਰ ਵਿਚ ਪਹਿਲੀ ਵਾਰ ਬਲਾਕ ਪੱਧਰ ਤੇ ਜਮਹੂਰੀ ਸੰਸਥਾਵਾਂ ਨੇ ਕੰਮ ਕਰਨਾ ਸ਼ੁਰੂ ਕੀਤਾ ਹੈ। ਪ੍ਰਧਾਨ ਮੰਤਰੀ ਨੇ ਸਾਰੀਆਂ ਪਾਰਟੀਆਂ ਨੂੰ ਚੋਣ ਹਲਕਿਆਂ ਦੀਆਂ ਸੀਮਾਵਾਂ ਬਦਲਣ ਦੀ ਪ੍ਰਕਿਰਿਆ 'ਚ ਸਹਿਯੋਗ ਦੇਣ ਦੀ ਅਪੀਲ ਕੀਤੀ। ਇਸ ਪ੍ਰਕਿਰਿਆ ਨਾਲ ਜੰਮੂ ਕਸ਼ਮੀਰ ਦੀ ਵਿਧਾਨ ਸਭਾ ਸੀਟਾਂ ਵਧਣਗੀਆਂ ਅਤੇ ਉਸ ਦਾ ਫਾਇਦਾ ਜੰਮੂ ਖੇਤਰ ਨੂੰ ਮਿਲਣ ਦੀ ਸੰਭਾਵਨਾ ਹੈ। ਮੀਟਿੰਗ ਦਾ ਮੁੱਖ ਮਕਸਦ ਇਹ ਪ੍ਰਭਾਵ ਦੇਣਾ ਜਾਪਦਾ ਹੈ ਕਿ ਕੇਂਦਰ ਸਰਕਾਰ ਜੰਮੂ ਕਸ਼ਮੀਰ ਵਿਚ ਵਿਧਾਨ ਸਭਾ ਦੀਆਂ ਚੋਣਾਂ ਕਰਵਾਉਣ ਵਲ ਕਦਮ ਵਧਾ ਰਹੀ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਜਮਹੂਰੀ ਪ੍ਰਕਿਰਿਆ ਨੂੰ ਬਹਾਲ ਕਰਨ ਲਈ ਚੋਣ ਹਲਕਿਆਂ ਦੀਆਂ ਸੀਮਾਵਾਂ ਬਾਰੇ ਗੱਲਬਾਤ ਕਰਨੀ ਜਰੂਰੀ ਹੈ। ਮੀਟਿੰਗ ਵਿਚ ਜੰਮੂ ਕਸ਼ਮੀਰ ਦੇ ਸਰਬ-ਪੱਖੀ ਵਿਕਾਸ ਦੀ ਗੱਲ ਵੀ ਦੁਹਰਾਈ ਗਈ।

ਗੁਪਕਰ ਗੱਠਜੋੜ ਦੀਆਂ ਮੁੱਖ ਪਾਰਟੀਆਂ ਨੈਸ਼ਨਲ ਕਾਨਫ਼ਰੰਸ ਅਤੇ ਪੀਡੀਪੀ ਨੇ ਮੀਟਿੰਗ 'ਚ ਜੰਮੂ ਕਸ਼ਮੀਰ ਨੂੰ ਸੂਬਾ ਬਣਾਉਣ ਅਤੇ ਵਿਸ਼ੇਸ਼ ਰੁਤਬਾ ਬਹਾਲ ਕਰਨ ਦੀ ਮੰਗ ਉਠਾਈ ਪਰ ਇਸ ਬਾਰੇ ਜ਼ਿਆਦਾ ਗੱਲ ਨਹੀਂ ਹੋ ਸਕੀ। ਮੀਟਿੰਗ ਤੋਂ ਬਾਅਦ ਉਮਰ ਅਬਦੁੱਲਾ ਅਤੇ ਮਹਿਬੂਬਾ ਮੁਫ਼ਤੀ ਨੇ ਕਿਹਾ ਕਿ ਕਸ਼ਮੀਰੀਆਂ ਨੂੰ ਕੇਂਦਰ ਸਰਕਾਰ ਦੁਆਰਾ ੫ ਅਗਸਤ 2019 ਨੂੰ ਕੀਤਾ ਗਿਆ ਫ਼ੈਸਲਾ ਮਨਜ਼ੂਰ ਨਹੀਂ ਹੈ। ਮਹਿਬੂਬਾ ਨੇ ਕਿਹਾ ਕਿ ਕਸ਼ਮੀਰੀ ਆਪਣੀ ਜੱਦੋ-ਜਹਿਦ ਸ਼ਾਂਤਮਈ ਢੰਗ ਨਾਲ ਜਾਰੀ ਰੱਖਣਗੇ। ਪਰ ਕਸ਼ਮੀਰ ਦਾ ਮਾਮਲਾ ਮੋਦੀ ਸਰਕਾਰ ਲਈ ਗਲੇ ਦੀ ਹੱਡੀ ਬਣਿਆ ਹੋਇਆ ਹੈ।

# ਟੋਕੀਓ ਓਲੰਪਿਕ ਖੇਡਾਂ 2021

# ਜੇਤੂ ਤਮਗ਼ਿਆਂ ਵਿੱਚ ਪੰਜਾਬ ਦੇ ਖਿਡਾਰੀਆਂ ਦਾ ਕਿੰਨਾ ਕੁ ਹੋਵੇਗਾ ਯੋਗਦਾਨ ?



**ਜਗਰੂਪ ਸਿੰਘ ਜਰਖੜ**
+91-9814300722

ਟੋਕੀਓ ਓਲੰਪਿਕ ਖੇਡਾਂ ਜੋ 23 ਜੁਲਾਈ ਤੋਂ 8 ਅਗਸਤ ਤੱਕ ਜਾਪਾਨ ਦੇ ਸ਼ਹਿਰ ਟੋਕੀਓ ਵਿਖੇ ਹੋ ਰਹੀਆਂ ਹਨ। ਉਸ ਲਈ ਭਾਰਤ ਦਾ 190 ਮੈਂਬਰੀ ਵਫ਼ਦ ਜਿਸ ਵਿੱਚ 125 ਦੇ ਕਰੀਬ ਅਥਲੀਟ ਹੋਣਗੇ, ਹਿੱਸਾ ਲੈ ਰਿਹਾ ਹੈ। ਟੋਕੀਓ ਓਲੰਪਿਕ ਖੇਡਾਂ 2021 ਵਿੱਚ ਭਾਰਤ ਕੁੱਲ 16 ਪ੍ਰਤੀਯੋਗਤਾਵਾਂ ਵਿਚ ਹਿੱਸਾ ਲਵੇਗਾ ਜਿਸ ਵਿੱਚ ਹਾਕੀ ਮਰਦ ਅਤੇ ਇਸਤਰੀਆਂ, ਕੁਸ਼ਤੀਆਂ, ਵੇਟਲਿਫਟਿੰਗ, ਨਿਸ਼ਾਨੇਬਾਜ਼ੀ, ਬਾਕਸਿੰਗ, ਬੈਡਮਿੰਟਨ, ਅਰਚਰੀ, ਟੇਬਲ ਟੈਨਿਸ ਫੈਂਸਿੰਗ ਗੋਲਫ਼, ਜਿਮਨਾਸਟਿਕ, ਜੂਡੋ, ਰੋਇੰਗ, ਸੇਲਿੰਗ ਆਦਿ ਖੇਡਾਂ ਹਨ। ਜਿੱਥੋਂ ਤੱਕ ਭਾਰਤ ਨੂੰ ਤਮਗ਼ਿਆਂ ਦੀ ਆਸ ਹੈ ਉਹ ਹਾਕੀ ਮਰਦ, ਬਾਕਸਿੰਗ ਨਿਸ਼ਾਨੇਬਾਜ਼ੀ , ਬੈਡਮਿੰਟਨ ,ਅਰਚਰੀ ਕੁਸ਼ਤੀਆਂ ਅਤੇ ਵੇਟਲਿਫਟਿੰਗ ਆਦਿ ਖੇਡਾਂ ਤੋਂ ਹੈ। ਜਦਕਿ ਬਾਕੀ ਖੇਡਾਂ ਵਿੱਚ ਤਾਂ ਭਾਰਤ ਦੀ ਸਿਰਫ ਖਾਨਾਪੂਰਤੀ ਹੀ ਹੋਵੇਗੀ, ਜੇਕਰ ਇਨਾਂ ਖੇਡਾਂ ਵਿੱਚ ਕੋਈ ਤਮਗ਼ਾ ਆਉਂਦਾ ਹੈ ਤਾਂ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ ਹੋਵੇਗਾ। ਜੇਕਰ ਟੋਕੀਓ ਓਲੰਪਿਕ ਖੇਡਾਂ ਵਿੱਚ ਪੰਜਾਬ ਦੇ ਖਿਡਾਰੀਆਂ ਦੀ ਸ਼ਮੂਲੀਅਤ ਦੀ ਗੱਲ ਕਰੀਏ ਤਾਂ ਪੰਜਾਬ ਦਾ ਸਭ ਤੋਂ ਵੱਡਾ ਦਬਦਬਾ ਪੁਰਸ਼ ਹਾਕੀ ਵਿੱਚ ਹੀ ਹੈ ਜਿਸ ਵਿੱਚ ਪੰਜਾਬ ਨਾਲ ਸਬੰਧਤ 8 ਖਿਡਾਰੀ ਭਾਰਤੀ ਟੀਮ ਦਾ ਹਿੱਸਾ ਬਣੇ ਹਨ, ਜਿਨਾਂ ਵਿੱਚ ਰੁਪਿੰਦਰਪਾਲ ਸਿੰਘ, ਹਰਮਨਪ੍ਰੀਤ ਸਿੰਘ, ਮਨਦੀਪ ਸਿੰਘ, ਕਪਤਾਨ ਮਨਪ੍ਰੀਤ ਸਿੰਘ, ਸ਼ਮਸ਼ੇਰ ਸਿੰਘ, ਦਿਲਪ੍ਰੀਤ ਸਿੰਘ, ਹਾਰਦਿਕ ਸਿੰਘ, ਗੁਰਜੰਟ ਸਿੰਘ ਵਿਰਕ ਤੋਂ ਇਲਾਵਾ ਕੁੜੀਆਂ ਦੀ ਹਾਕੀ ਵਿੱਚ ਗੁਰਜੀਤ ਕੌਰ ਚੁਣੀ ਗਈ ਹੈ ਜਦਕਿ ਅਥਲੈਟਿਕਸ ਵਿੱਚ ਸ਼ਾਟਪੁੱਟਰ ਤਜਿੰਦਰਪਾਲ ਸਿੰਘ ਤੂਰ, ਡਿਸਕਸ ਥ੍ਰੋ ਵਿੱਚ ਕਮਲਪ੍ਰੀਤ ਕੌਰ, ਜਦਕਿ ਮੁੱਕੇਬਾਜ਼ੀ ਵਿਚ ਸਿਮਰਨਜੀਤ ਕੌਰ ਚਕਰ ਆਦਿ ਖਿਡਾਰੀਆਂ ਦੇ ਨਾਮ ਵਰਨਣਯੋਗ ਹਨ। ਜੇਕਰ ਹਾਕੀ ਖੇਡ ਵਿੱਚ ਭਾਰਤ ਨੂੰ ਕੋਈ ਤਮਗ਼ਾ ਆਉਂਦਾ ਹੈ ਤਾਂ ਪੰਜਾਬ ਦੀ ਪੂਰੇ ਮੁਲਕ ਵਿੱਚ ਬੱਲੇ ਬੱਲੇ ਹੋਵੇਗੀ ਜਦਕਿ ਅਥਲੈਟਿਕਸ ਤੋਂ ਸੰਭਾਵਨਾਵਾਂ ਬਹੁਤ ਘੱਟ ਹਨ ਕਿਉਂਕਿ ਆਲਮੀ ਪੱਧਰ ਦੇ ਅਥਲੀਟ ਸਾਡੇ ਨਾਲੋਂ ਬਹੁਤ ਅੱਗੇ ਹਨ। ਪੰਜਾਬ ਦੀ ਧੀ ਸਿਮਰਨਜੀਤ ਕੌਰ ਚਕਰ ਮੁੱਕੇਬਾਜ਼ੀ ਵਿੱਚ ਕੋਈ ਵੱਡਾ ਕ੍ਰਿਸ਼ਮਾ ਦਿਖਾ ਸਕਦੀ ਹੈ। ਪੰਜਾਬ ਤੋਂ ਇਲਾਵਾ ਗੁਆਂਢੀ ਸੂਬਾ ਹਰਿਆਣਾ ਦੇ ਖਿਡਾਰੀ ਵੱਡੀ ਗਿਣਤੀ ਵਿੱਚ ਓਲੰਪਿਕ ਖੇਡਾਂ ਦਾ ਹਿੱਸਾ ਬਣਨ ਜਾ ਰਹੇ ਹਨ ਉਨਾਂ ਦੀ ਖੇਡ ਨੀਤੀ ਅਤੇ ਅਤੇ ਖਿਡਾਰੀਆਂ ਦੇ ਚੰਗੇ ਹੁਨਰ ਮੁਤਾਬਿਕ ਕੁਝ ਤਮਗੇ ਆਉਣ ਦੀ ਆਸ ਹੈ ਕਿਉਂਕਿ ਹਰਿਆਣਾ ਕੁਸ਼ਤੀ, ਨਿਸ਼ਾਨੇਬਾਜ਼ੀ, ਮੁੱਕੇਬਾਜ਼ੀ ਆਦਿ ਹੋਰ ਵਿਅਕਤੀਗਤ ਖੇਡਾਂ ਵਿੱਚ ਪੰਜਾਬ ਨਾਲੋਂ ਕਾਫੀ ਅੱਗੇ ਹੈ। ਭਾਰਤੀ ਹਾਕੀ ਟੀਮ ਵਿਚ ਹਰਿਆਣਾ ਦੀਆਂ 9 ਖਿਡਾਰਨਾਂ ਹਨ, ਸ਼ਾਹਬਾਦ ਮਾਰਕੰਡਾ ਅਤੇ ਸੋਨੀਪਤ ਸੈਂਟਰ ਕੁੜੀਆਂ ਦੀ ਹਾਕੀ ਦਾ ਗੜ੍ਹ ਬਣ ਚੁੱਕੇ ਹਨ। ਜਦਕਿ ਪੰਜਾਬ ਦੀ ਸਿਰਫ਼ ਇੱਕ ਖਿਡਾਰਨ ਗੁਰਜੀਤ ਕੌਰ ਆਪਣੇ ਦਮ 'ਤੇ ਟੀਮ ਵਿੱਚ ਆਈ ਹੈ । ਸੱਚ ਇਹ ਹੈ ਕਿ ਪੰਜਾਬ ਦਾ ਓਲੰਪਿਕ ਖੇਡਾਂ ਵਿਚ ਪਹਿਲਾਂ ਵਾਲਾ ਜਲਵਾ ਨਹੀਂ ਰਿਹਾ ਕਿਉਂਕਿ ਪੰਜਾਬ ਸਰਕਾਰ ਦੀਆਂ ਖੇਡਾਂ ਪ੍ਰਤੀ ਵੱਡੀਆਂ ਅਣਦੇਖੀਆਂ ਅਤੇ ਖੇਡ ਨੀਤੀ ਦਾ ਖਿਡਾਰੀਆਂ ਦੇ ਹਿੱਤ ਵਿੱਚ ਨਾ ਹੋਣਾ ਪੰਜਾਬ ਲਈ ਬੜਾ ਘਾਤਕ ਹੋ ਰਿਹਾ । ਜੇਕਰ ਪੰਜਾਬ ਸਰਕਾਰ ਨੇ ਖੇਡਾਂ ਪ੍ਰਤੀ ਗੰਭੀਰਤਾ ਨਾ ਦਿਖਾਈ ਤਾਂ



ਓਲੰਪਿਕ ਖੇਡਾਂ ਵਿੱਚੋਂ ਤਗ਼ਮੇ ਜਿੱਤਣਾ ਤਾਂ ਦੂਰ ਦੀ ਗੱਲ ਅਗਲੀਆਂ ਓਲੰਪਿਕ ਖੇਡਾਂ ਵਿੱਚ ਪੰਜਾਬ ਦੇ ਖਿਡਾਰੀਆਂ ਦੀ ਥੋੜੀ ਬਹੁਤੀ ਐਂਟਰੀ ਵੀ ਮੁਸ਼ਕਿਲ ਨਾਲ ਹੀ ਹੋਵੇਗੀ। ਦੂਸਰੇ ਪਾਸੇ ਭਾਰਤੀ ਓਲੰਪਿਕ ਐਸੋਸੀਏਸ਼ਨ ਜੋ ਟੋਕੀਓ ਓਲੰਪਿਕ ਖੇਡਾਂ ਵਿੱਚ ਅੱਜ ਤੋਂ 4 ਵਰੇ ਪਹਿਲਾਂ 25 ਤਮਗ਼ੇ ਜਿੱਤਣ ਦੇ ਟੀਚੇ ਦੀਆਂ ਗੱਲਾਂ ਕਰਦੀ ਸੀ ਪਰ ਹੁਣ ਭਾਰਤੀ ਓਲੰਪਿਕ ਐਸੋਸੀਏਸ਼ਨ ਦੇ ਪ੍ਰਧਾਨ ਨਰਿੰਦਰ ਬਤਰਾ ਭਾਵੇਂ 2 ਡਿਜਟ (ਦੋ ਅੱਖਰੀ) ਵਿੱਚ ਤਗ਼ਮੇ ਜਿੱਤਣ ਦੀ ਗੱਲ ਤਾਂ ਕਹਿੰਦੇ ਹਨ ਪਰ ਨਿਰਾਸ਼ਤਾ ਉਨਾਂ ਦੇ ਚਿਹਰੇ ਤੋਂ ਸਾਫ਼ ਝਲਕਦੀ ਦਿਸ ਰਹੀ ਹੈ ਕਿ ਅਸੀਂ ਓਲੰਪਿਕ ਮੁਕਾਬਲੇ ਮੁਤਾਬਿਕ ਤਿਆਰੀ ਨਹੀਂ ਕਰ ਸਕੇ ਹਾਂ। ਓਲੰਪਿਕ ਖੇਡਾਂ ਦੇ ਇਤਿਹਾਸ ਵਿੱਚ ਭਾਰਤ ਦੀ ਵਧੀਆ ਕਾਰਗੁਜ਼ਾਰੀ ਲੰਡਨ ਓਲੰਪਿਕ ਵਿੱਚ ਰਹੀ ਸੀ ਜਿਸ ਵਿੱਚ ਭਾਰਤ ਨੇ 6 ਤਮਗ਼ੇ ਜਿੱਤੇ ਸਨ ਇਸ ਤੋਂ ਇਲਾਵਾ ਕੁੱਲ 31 ਐਡੀਸ਼ਨਾਂ ਵਿੱਚ ਭਾਰਤ ਨੇ ਹੁਣ ਤਕ ਓਲੰਪਿਕ ਖੇਡਾਂ ਦੇ ਇਤਿਹਾਸ ਵਿੱਚ 28 ਤਮਗ਼ੇ ਜਿੱਤੇ ਹਨ ਜਿਨਾਂ ਵਿੱਚੋਂ 11 ਤਮਗ਼ੇ ਹਾਕੀ ਵਿੱਚ ਹੀ ਜਿੱਤੇ ਹਨ ਜਿਸ ਵਿਚ 8 ਸੋਨ ਤਮਗ਼ੇ ਇਕ ਚਾਂਦੀ ਦਾ ਅਤੇ 2 ਕਾਂਸੀ ਦੇ ਤਮਗ਼ੇ ਹਨ, ਪੰਜਾਬ ਨੇ ਆਖ਼ਰੀ ਵਾਰ 2008 ਬੀਜਿੰਗ ਓਲੰਪਿਕ ਖੇਡਾਂ ਵਿੱਚ ਆਪਣਾ ਆਖਰੀ ਤਮਗ਼ਾ ਜਿੱਤਿਆ ਸੀ, ਉਹ ਵੀ ਅਭਿਨਵ ਬਿੰਦਰਾ ਦੇ ਸੋਨ ਤਮਗ਼ੇ ਦੀ ਜਿੱਤ ਵਿਚ ਪੰਜਾਬ ਸਰਕਾਰ ਅਤੇ ਖੇਡ ਵਿਭਾਗ ਦੀ ਕੋਈ ਭੂਮਿਕਾ ਨਹੀਂ ਸੀ । ਕੁੱਲ ਮਿਲਾ ਕੇ ਟੋਕੀਓ ਓਲੰਪਿਕ ਖੇਡਾਂ ਵਿਚ ਜੇਕਰ ਪੰਜਾਬ ਦੀ ਕਾਰਗੁਜ਼ਾਰੀ ਦੀ ਘੋਖ ਕਰੀਏ ਤਾਂ ਮਰਦਾਂ ਦੀ ਹਾਕੀ ਨੂੰ ਛੱਡ ਕੇ ਪੰਜਾਬ ਦੇ ਖਿਡਾਰੀਆਂ ਤੋਂ ਕੋਈ ਵੱਡੀ ਆਸ ਨਹੀਂ ਕੀਤੀ ਜਾ ਸਕਦੀ। ਸਿਰਫ਼ ਕੋਈ ਕ੍ਰਿਸ਼ਮਾ ਹੀ ਪੰਜਾਬ ਦੇ ਖਿਡਾਰੀਆਂ ਨੂੰ ਤਮਗ਼ਾ ਜਿਤਾ ਸਕਦਾ ਹੈ, ਬਾਕੀ ਓਲੰਪਿਕ ਖੇਡਾਂ ਤੋਂ ਬਾਅਦ ਫਿਰ ਉਹੀ ਰੋਣਾ ਧੋਣਾ ਹੋਵੇਗਾ ਅਤੇ ਅਗਲੀਆਂ ਓਲੰਪਿਕ ਖੇਡਾਂ ਨੂੰ ਸਾਡਾ ਮੁੱਖ ਟੀਚਾ ਦੱਸ ਕੇ ਸਾਡੇ ਖੇਡ ਪ੍ਰਬੰਧਕ ਅਤੇ ਰਾਜਨੀਤਕ ਲੋਕ ਖਹਿੜਾ ਛੁਡਾਉਣਗੇ। ਤਮਗਿਆਂ ਦਾ ਟੀਚਾ ਛੱਡ ਕੇ ਪੰਜਾਬ ਸਰਕਾਰ ਖਿਡਾਰੀਆਂ ਅਤੇ ਖੇਡਾਂ ਪ੍ਰਤੀ ਸੁਹਿਰਦ ਹੋਵੇ, ਉਨਾਂ ਨੂੰ ਬਣਦੀਆਂ ਸਹੂਲਤਾਂ ਅਤੇ ਖਿਡਾਰੀਆਂ ਲਈ ਰੋਜ਼ਗਾਰ ਦਾ ਪ੍ਰਬੰਧ ਕਰੇ, ਇਕ ਅਜਿਹੀ ਠੋਸ ਖੇਡ ਨੀਤੀ ਬਣੇ ਜਿਸ ਨਾਲ ਆਪਣੇ ਆਪ ਖੇਡ ਸੱਭਿਆਚਾਰ ਪ੍ਰਫੁੱਲਤ ਹੋਣ ਵੱਲ ਵਧੇ, ਫੇਰ ਹੀ ਕਿਸੇ ਨਤੀਜੇ ਦੀ ਆਸ ਰੱਖੀ ਜਾ ਸਕਦੀ ਹੈ। ਪ੍ਰਮਾਤਮਾ ਸਾਡੇ ਖੇਡ ਆਕਾ ਨੂੰ ਸੁਮੱਤ ਬਖ਼ਸ਼ੇ, ਪੰਜਾਬ ਦੇ ਖਿਡਾਰੀਆਂ ਦਾ ਟੋਕੀਓ ਓਲੰਪਿਕ ਖੇਡਾਂ 2021 ਵਿਚ ਕੀ ਹੋਵੇਗਾ, ਰੱਬ ਰਾਖਾ।

# ਹਾਕੀ ਨੂੰ ਉਤਸ਼ਾਹਿਤ ਕਰਨ ਵਿੱਚ ਸਿੱਖ ਖਿਡਾਰੀਆਂ ਦਾ ਯੋਗਦਾਨ



**ਹਰਕੀਰਤ ਕੌਰ**
97791-18066

ਭਾਰਤੀ ਹਾਕੀ ਇਤਿਹਾਸ ਦੇ ਸੁਨਹਿਰੀ ਪੰਨੇ ਜੇ ਕਦੇ ਪਰਤ ਕੇ ਦੇਖੀਏ ਤਾਂ ਉਨਾਂ ਵਿਚੋਂ ਕੁਝ ਖਾਸ ਪੰਨੇ ਮੋੜਣ ਨੂੰ ਜੀਅ ਕਰਦਾ ਹੈ। ਇਹ ਉਹ ਨੇ ਜਿਨਾਂ ਤੇ ਪੰਜਾਬ ਦੇ ਮਾਣਮੱਤੇ, ਜੋਸ਼ੀਲੇ, ਅਣਖੀਲੇ ਅਤੇ ਹਾਕੀ ਖੇਡ ਦੇ ਮੈਦਾਨ ਵਿੱਚ ਆਪਣੀ ਜਿੰਦ ਜਾਨ ਲੁਟਾਉਣ ਵਾਲੇ ਸਿੱਖ ਹਾਕੀ ਖਿਡਾਰੀਆਂ ਦਾ ਗੌਰਵਮਈ ਜ਼ਿਕਰ ਹੈ। ਸਮੁੱਚੀ ਸਿੱਖ ਕੌਮ ਦੇ ਹੀਰੋਆਂ ਦੀ ਗਾਥਾ ਹੈ। ਇੱਕ ਅਜਿਹੀ ਬੇਮਿਸਾਲ ਕਹਾਣੀ ਹੈ ਸਿੱਖ ਕੌਮ ਦੀ ਜੋ ਅਸੀਂ ਸਮਝਦੇ ਹਾਂ ਕਿ ਭਵਿੱਖ ਵਿੱਚ ਵੀ ਸਿੱਖ ਬੱਚਿਆਂ ਲਈ ਪ੍ਰੇਰਨਾ ਅਤੇ ਇੱਕ ਉਤਸ਼ਾਹ ਬਣੀ ਰਹਿਣੀ ਚਾਹੀਦੀ ਹੈ। ਜਦੋਂ ਹਾਕੀ ਖੇਡ ਅਧਿਐਨੀਆਂ ਵੱਲੋਂ ਵੱਖਰੇ ਵੱਖਰੇ ਦੇਸ਼ਾਂ ਜਿਵੇਂ ਕਿ ਆਸਟ੍ਰੇਲੀਆ, ਜਰਮਨੀ, ਹਾਲੈਂਡ, ਸਪੇਨ, ਬੈਲਜੀਅਮ, ਕੀਨੀਆ, ਮਲੇਸ਼ੀਆ ਆਦਿ ਦੇਸ਼ਾਂ ਦੇ ਸਾਬਕਾ ਹਾਕੀ ਉਲੰਪੀਅਨਾਂ ਦੇ ਭਾਰਤੀ ਹਾਕੀ ਬਾਰੇ ਵਿਚਾਰ ਜਾਣੇ ਤਾਂ ਉਨਾਂ ਅਨੁਸਾਰ ਜੂੜੇ ਤੇ ਚਿੱਟੇ ਰੁਮਾਲ ਵਾਲੇ ਸਿੱਖ ਖਿਡਾਰੀਆਂ ਦੀ ਦਹਿਸ਼ਤ ਪੂਰੇ ਵਿਸ਼ਵ ਹਾਕੀ ਜਗਤ ਵਿੱਚ ਬਹੁਤ ਸੀ। ਵਿਸ਼ਵ ਭਰ ਦੇ ਹਾਕੀ ਪ੍ਰੇਮੀ



ਸਿੱਖ ਹਾਕੀ ਖਿਡਾਰੀਆਂ ਦੀ ਖੇਡ ਨਾਲ ਡਾਹਢੇ ਅਨੰਦਿਤ ਅਤੇ ਰੁਮਾਂਚਿਤ ਹੋਇਆ ਕਰਦੇ ਸਨ। ਉਸ ਆਲਮ ਵਿੱਚ ਹਾਕੀ ਦੀ ਬਦੌਲਤ ਵੀ ਪੂਰੇ ਵਿਸ਼ਵ ਵਿੱਚ ਸਿੱਖ ਕੌਮ ਦਾ ਮਾਣ ਸਤਿਕਾਰ, ਸਿੱਖ ਜਗਤ ਲਈ ਨਿਹਾਇਤ ਫ਼ਖਰ ਤੇ ਸਨਮਾਨ ਵਾਲੀ ਗੱਲ ਸੀ।

ਭਾਰਤੀ ਹਾਕੀ ਇਤਹਾਸ ਇਸ ਗੱਲ ਦਾ ਗਵਾਹ ਹੈ ਕਿ ਪੰਜਾਬ ਦਾ ਮਾਣ ਤੇ ਪੰਜਾਬ ਦੀ ਸ਼ਾਨ ਗੁਰਮੀਤ ਸਿੰਘ ਨੇ 1932 ਲਾਸ ਏਂਜਲਸ ਵਿਖੇ ਉਲੰਪਿਕ ਸੋਨ ਤਮਗਾ ਜੇਤੂ ਪਹਿਲਾਂ ਸਿੱਖ ਖਿਡਾਰੀ ਸੀ, ਜਿਸ ਨੇ ਇਹ ਵੀ ਸਾਬਿਤ ਕੀਤਾ ਕਿ ਜੋ ਜੋਸ਼, ਜੋ ਅਣਖ, ਜੋ ਬਹਾਦਰੀ ਸਿੱਖ ਕੌਮ ਦੇ ਖਿਡਾਰੀਆਂ ਵਿੱਚ ਹੈ, ਉਸ ਨੂੰ ਆਉਣ ਵਾਲਾ ਸਮਾਂ ਹੀ ਦੱਸੇਗਾ। ਫਿਰ ਆਏ ਤਿਰਲੋਚਨ ਸਿੰਘ, ਬਲਬੀਰ ਸਿੰਘ, ਧਰਮ ਸਿੰਘ, ਉਧਮ ਸਿੰਘ, ਬਖਸ਼ੀਸ਼ ਸਿੰਘ, ਗੁਰਦੇਵ ਸਿੰਘ, ਪ੍ਰਿਥੀਪਾਲ ਸਿੰਘ, ਚਰਨਜੀਤ ਸਿੰਘ, ਹਰਚਰਨ ਸਿੰਘ ਆਦਿ ਬੇਸ਼ੁਮਾਰ ਖਿਡਾਰੀ ਜਿਨਾਂ ਨੇ ਗੁਰਮੀਤ ਸਿੰਘ ਮਗਰੋਂ ਭਾਰਤੀ ਹਾਕੀ ਦੇ ਝੰਡੇ ਨੂੰ ਬੁਲੰਦ ਰੱਖਣ ਲਈ ਆਪਣੀ ਜਿੰਦ ਜਾਨ ਲੁਟਾਈ। ਅਸੀਂ ਮੰਨਦੇ ਹਾਂ ਕਿ ਇਨਾਂ ਖਿਡਾਰੀਆਂ ਨੇ ਭਾਰਤੀ ਹਾਕੀ ਦੇ ਨਾਲ ਨਾਲ ਸਿੱਖੀ ਦਾ ਝੰਡਾ ਵੀ ਬੁਲੰਦ ਕੀਤਾ, ਸਿੱਖ ਕੌਮ ਦੇ ਗੌਰਵ ਨੂੰ ਵੀ ਵਧਾਇਆ।

ਇਸ ਉਪਰੰਤ ਹਜ਼ਾਰਾਂ ਖਿਡਾਰੀ ਸਿੰਘ ਨਾਂ ਅਧੀਨ ਭਾਰਤੀ ਹਾਕੀ ਟੀਮ ਲਈ ਖੇਡਦੇ ਰਹੇ ਪਰ ਅਫਸੋਸ ਬਹੁਤਿਆਂ ਦੇ ਕੇਸ ਕੱਟੇ ਹੋਏ ਸਨ। ਸਾਡੇ ਇਨਾਂ ਜੋਸ਼ੀਲੇ ਨੌਜਵਾਨ ਖਿਡਾਰੀਆਂ ਨੂੰ ਇਸ ਗੱਲ ਵੱਲ ਖਾਸ ਧਿਆਨ ਦੀ ਜ਼ਰੂਰਤ ਹੈ। ਸਾਬਕਾ ਸਿੱਖ ਹਾਕੀ ਖਿਡਾਰੀਆਂ ਦਾ ਕਹਿਣਾ ਹੈ ਕਿ ਭਾਰਤੀ ਹਾਕੀ ਟੀਮ ਵਿੱਚ ਹਰ ਸਿੱਖ ਹਾਕੀ ਖਿਡਾਰੀ ਜੂੜੇ ਤੇ ਚਿੱਟੇ ਰੁਮਾਲ ਨੂੰ ਯਕੀਨੀ ਬਣਾਏ, ਜੋ ਉਨਾਂ ਦੀ ਪ੍ਰੰਪਰਾ ਹੈ।

ਇੱਥੇ ਇੱਕ ਗੱਲ ਹੋਰ ਚਿੰਤਾਜਨਕ ਹੈ ਕਿ ਅੱਜ ਬਹੁਤੀ ਸਿੱਖ ਪਨੀਰੀ ਹਾਕੀ ਵਰਗੀ ਜੋਸ਼ੀਲੀ ਅਤੇ ਤੇਜ਼ ਤਰਾਰ ਖੇਡ ਤੋਂ ਮੂੰਹ ਫੇਰ ਚੁੱਕੀ ਹੈ ਅਤੇ ਤੇਜ਼ੀ ਨਾਲ ਇਸ ਖੇਡ ਤੋਂ ਦੂਰ ਹੋ ਰਹੀ ਹੈ। ਅੱਜ ਦੀ ਪੀੜੀ ਨੂੰ ਆਪਣੇ ਪੁਰਖਿਆਂ ਵੱਲੋਂ ਵਿਸ਼ਵ ਪੱਧਰ ਤੇ ਹਾਕੀ ਦੇ ਸਿਰਜੇ ਇਤਿਹਾਸ ਦੀ ਗਾਥਾ ਦਾ ਪਤਾ ਹੀ ਨਹੀਂ ਹੈ।

ਵਿਸ਼ਵ ਪੱਧਰ ਤੇ ਜਿੰਨੀਆਂ ਵੀ ਸਿੱਖ ਜਥੇਬੰਦੀਆਂ, ਸਿੱਖ ਸੰਸਥਾਵਾਂ ਸਿੱਖੀ ਗੌਰਵ ਨੂੰ ਬਰਕਰਾਰ ਰੱਖਣ ਲਈ ਯਤਨਸ਼ੀਲ ਹਨ, ਉਨਾਂ ਨੂੰ ਸਿੱਖ ਖੇਡ ਸੰਸਾਰ ਵੱਲ ਵੀ ਖਾਸ ਤਵੱਜੋ ਦੇਣੀ ਚਾਹੀਦੀ ਹੈ। ਅਫਸੋਸ ਇਹ ਹੈ ਕਿ ਅਜੋਕੇ ਸਮੇਂ ਵਿੱਚ ਅਸੀਂ ਆਪਣੇ ਪੁਰਾਤਨ ਸਿੱਖ ਹਾਕੀ ਖਿਡਾਰੀਆਂ ਦੇ ਇਤਿਹਾਸ ਦੇ ਚਰਚੇ ਤਾਂ ਬਹੁਤ ਕਰਦੇ ਹਾਂ ਪਰ ਇਹ ਚਿੰਤਾ ਨਹੀਂ ਕਰਦੇ ਕਿ ਸਾਡੀ ਅਜੋਕੀ ਨੌਨਿਹਾਲ ਪੀੜੀ ਲਈ ਇਹ ਇਤਿਹਾਸ ਪ੍ਰੇਰਨਾ ਸਰੋਤ ਕਿਉਂ ਨਹੀਂ ਬਣ ਸਕਿਆ ?

ਇਹ ਵਿਸ਼ਾ ਸਿੱਖ ਕੌਮ ਅਤੇ ਹਾਕੀ ਜਗਤ ਦੇ ਸਿੱਖ ਖਿਡਾਰੀਆਂ ਲਈ ਬਹੁਤ ਹੀ ਸੰਵੇਦਨਸ਼ੀਲ ਹੈ। ਇਸ ਉੱਪਰ ਧਿਆਨ ਕੇਂਦਰਿਤ ਕਰਨਾ ਬਹੁਤ ਜਰੂਰੀ ਹੈ ਤਾਂ ਜੋ ਵਿਸ਼ਵ ਪੱਧਰ 'ਤੇ ਸਿੰਘ ਨਾਮ ਦੀ ਪਹਿਚਾਣ ਮਕਬੂਲ ਹੋ ਸਕੇ।

## ਮਾਮਲਾ ਜੰਮੂ-ਕਸ਼ਮੀਰ 'ਚ ਸਿੱਖ...

ਕੇਂਦਰ ਸਰਕਾਰ ਜੰਮੂ-ਕਸ਼ਮੀਰ ਵਿਚ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਵੇ। ਉਨਾਂ ਕਿਹਾ ਕਿ ਸਿੱਖ ਘੱਟ ਗਿਣਤੀ ਹੋਣ ਦੇ ਬਾਵਜੂਦ ਸਿੱਖਾਂ ਨੂੰ ਘੱਟ ਗਿਣਤੀ ਵਾਲੀਆਂ ਸਹੂਲਤਾਂ ਨਹੀਂ ਦਿੱਤੀਆਂ ਜਾ ਰਹੀਆਂ, ਜਿਸ ਦੀ ਲੰਬੇ ਸਮੇਂ ਤੋਂ ਮੰਗ ਕੀਤੀ ਜਾ ਰਹੀ ਹੈ। ਉਨਾਂ ਕਿਹਾ ਕਿ ਜਲਦੀ ਹੀ ਕੇਂਦਰੀ ਗ੍ਰਹਿ ਮੰਤਰੀ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧੀ ਪੱਤਰ ਲਿਖਿਆ ਜਾਵੇਗਾ। ਬੀਬੀ ਜਗੀਰ ਕੌਰ ਨੇ ਸਿੱਖ ਪਰਿਵਾਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਸਿੱਖ ਧਰਮ ਦੀਆਂ ਮੁੱਲਵਾਨ ਕਦਰਾਂ-ਕੀਮਤਾਂ ਤੋਂ ਜਾਣੂ ਕਰਵਾਉਣ ਤਾਂ ਕਿ ਬੱਚੇ ਆਪਣੇ ਧਰਮ ਤੋਂ ਦੂਰ ਨਾ ਹੋਣ। ਇਥੇ ਜਿਕਰਯੋਗ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕਸ਼ਮੀਰ ਵਿਚ ਦੋ ਸਿੱਖ ਲੜਕੀਆਂ ਨੂੰ ਅਗਵਾ ਕਰਨ, ਜਬਰੀ ਧਰਮ ਪਰਿਵਰਤਨ ਕਰਕੇ 45 ਤੋਂ 60 ਸਾਲ ਦੇ ਮੁਸਲਿਮ ਵਿਅਕਤੀਆਂ ਨਾਲ ਨਿਕਾਹ ਕਰਨ ਦੇ ਮਾਮਲੇ 'ਚ ਜੰਮੂ-ਕਸਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ ਨਾਲ ਮੁਲਾਕਾਤ ਕਰ ਕੇ ਸਾਰੇ ਮਾਮਲੇ ਦੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਤੇ ਦੱਸਿਆ ਕਿ ਕਿਵੇਂ ਇਥੇ ਦੀ ਬਹੁ ਗਿਣਤੀ ਵਲੋਂ ਘੱਟ ਗਿਣਤੀ ਸਿੱਖਾਂ ਨਾਲ ਧੱਕੇਸਾਹੀ ਕੀਤੀ ਜਾ ਰਹੀ ਹੈ ।ਸਿਰਸਾ ਨੇ ਦੱਸਿਆ ਕਿ ਉਪ ਰਾਜਪਾਲ ਨੇ ਉਨਾਂ ਨੂੰ ਭਰੋਸਾ ਦਿਵਾਇਆ ਹੈ ਕਿ ਸਿੱਖ ਬੱਚੀਆਂ ਨਾਲ ਜਬਰ ਨਹੀਂ ਹੋਣ ਦਿੱਤਾ ਜਾਵੇਗਾ ।ਉਨਾਂ ਨੇ ਇਕ ਅਗਵਾ ਲੜਕੀ ਨੂੰ ਮਾਪਿਆਂ ਹਵਾਲੇ ਕਰਨ ਲਈ ਤੁਰੰਤ ਕਾਨੂੰਨੀ ਕਾਰਵਾਈ ਕਰਨ ਦੀ ਹਦਾਇਤ ਪੁਲਿਸ ਨੂੰ ਦਿੱਤੀ ।ਮੁਲਾਕਾਤ ਮਗਰੋਂ ਸਿਰਸਾ ਨੇ ਦੱਸਿਆ ਕਿ 18 ਸਾਲ ਉਮਰ ਦੀਆਂ ਦੋ ਲੜਕੀਆਂ ਅਗਵਾ ਕੀਤੀਆਂ ਗਈਆਂ ਸਨ, ਜਿਸ ਵਿਚੋਂ ਇਕ ਵਾਪਸ ਆ ਗਈ ਹੈ ਜਦਕਿ ਦੂਜੀ ਨਹੀਂ ਆਈ ।ਇਸ ਮੌਕੇ ਸਿਰਸਾ ਨੇ ਜਥੇਦਾਰ ਅਕਾਲ ਤਖ਼ਤ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਵਲੋਂ ਭੇਜੀ ਚਿੱਠੀ ਵੀ ਉਪ ਰਾਜਪਾਲ ਨੂੰ ਸੌਂਪੀ ਜਿਸ ਵਿਚ ਸਿੱਖ ਬੱਚੀਆਂ ਨੂੰ ਅਗਵਾ ਕਰਨ ਦਾ ਮਾਮਲਾ ਚੁੱਕਿਆ ਗਿਆ ਸੀ ।ਵਫਦ 'ਚ ਸਥਾਨਕ ਕਸਮੀਰੀ ਸਿੱਖ ਆਗੂ ਵੀ ਸ਼ਾਮਿਲ ਸਨ ।

ਵਿਆਹ ਦੇ ਨਾਂ 'ਤੇ ਧਰਮ ਤਬਦੀਲ ਕਰਨ ਵਾਲੀਆਂ ਦੋ ਲੜਕੀਆਂ ਵਿਚੋਂ ਇਕ ਮਹਿਜੂਰ ਨਗਰ ਦੀ ਹੈ ਤੇ ਦੂਜੀ ਰੈਨਾਵਾੜੀ ਦੀ ਹੈ।ਰੈਨਾਵਾੜੀ ਦੀ ਲੜਕੀ ਦੇ ਮਾਮਲੇ ਨੇ ਹੀ ਵਾਦੀ ਵਿਚ ਸਿੱਖਾਂ ਨੂੰ ਸੜਕਾਂ 'ਤੇ ਆਉਣ ਲਈ ਮਜਬੂਰ ਕੀਤਾ ਹੈ।12ਵੀਂ ਜਮਾਤ ਦੀ ਵਿਦਿਆਰਥਣ ਦਾ ਕੁਝ ਸਮਾਂ ਪਹਿਲਾਂ ਸਿਰ ਦਾ ਅਪ੍ਰੇਸ਼ਨ ਹੋਇਆ ਸੀ। ਵਿਆਹ ਕਰਨ ਵਾਲੇ ਵਿਅਕਤੀ ਦੀ ਉਮਰ ਕਰੀਬ 46 ਸਾਲ ਹੈ ਤੇ ਉਹ ਪਹਿਲਾਂ ਵੀ ਦੋ ਵਿਆਹ ਕਰਵਾ ਚੁੱਕਾ ਹੈ। ਉਸ ਦੀ ਇਕ ਅੱਠ ਸਾਲ ਦੀ ਬੇਟੀ ਵੀ ਹੈ। ਦੂਜੀ ਲੜਕੀ ਮਹਿਜੂਰ ਨਗਰ ਦੀ ਰਹਿਣ ਵਾਲੀ ਹੈ।

ਆਲ ਪਾਰਟੀ ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਚੇਅਰਮੈਨ ਜਗਮੋਹਨ ਸਿੰਘ ਰੈਨਾ ਨੇ ਕਿਹਾ ਕਿ ਸਿੱਖ ਭਾਈਚਾਰੇ ਨਾਲ ਬੇਇਨਸਾਫ਼ੀ ਹੋ ਰਹੀ ਹੈ।ਨੈਸ਼ਨਲ ਸਿੱਖ ਫਰੰਟ ਦੇ ਚੇਅਰਮੈਨ ਵਰਿੰਦਰਜੀਤ ਸਿੰਘ ਨੇ ਕਿਹਾ ਕਿ ਮਾਮਲਿਆਂ ਵਿਚ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ।

**ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵਲੋਂ ਸਿਰਸਾ ਦੀ ਨਿਖੇਧੀ**

ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਕੈਂਪਸ ਵਿੱਚ ਇਕੱਠੇ ਹੋਏ ਸਿੱਖ ਬੁੱਧੀਜੀਵੀਆਂ ਜਸਪਾਲ ਸਿੰਘ ਸਿੱਧੂ ਪੱਤਰਕਾਰ, ਗੁਰਬਚਨ ਸਿੰਘ ਸੰਪਾਦਕ ਦੇਸ ਪੰਜਾਬ, ਡਾ: ਕੁਲਦੀਪ ਸਿੰਘ ਸਰਜਨ ਪਟਿਆਲਾ, ਰਜਿੰਦਰ ਸਿੰਘ (ਖਾਲਸਾ ਪੰਚਾਇਤ), ਡਾ. ਪਿਆਰੇ ਲਾਲ ਗਰਗ, ਇੰਜ. ਗੁਰਪਾਲ ਸਿੰਘ ਸਿੱਧੂ, ਪ੍ਰੋਫੈਸਰ ਮਨਜੀਤ ਸਿੰਘ, ਗੁਰਪ੍ਰੀਤ ਸਿੰਘ ਪ੍ਰਧਾਨ ਗਲੋਬਲ ਸਿੱਖ ਕੌਂਸਲ ਅਤੇ ਸੁਰਿੰਦਰ ਸਿੰਘ ਕਿਸ਼ਨਪੁਰਾ, ਖੁਸ਼ਹਾਲ ਸਿੰਘ ਜਨਰਲ ਸਕੱਤਰ ਕੇਂਦਰੀ ਸਿੰਘ ਸਭਾ ਨੇ ਕਿਹਾ ਦੋ ਕਸ਼ਮੀਰੀ ਸਿੱਖ ਲੜਕੀਆਂ ਦੇ ਮੁਸਲਮਾਨਾਂ ਨਾਲ ਵਿਆਹ ਕਰਾਉਣ ਦੇ ਮਸਲੇ ਨੂੰ ਤੱਥਾਂ ਤੋਂ ਪਰੇ ਉਛਾਲਕੇ/ਭੜਕਾ ਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਅਤੇ ਹੋਰ ਸਿੱਖ ਲੀਡਰ ਭਾਜਪਾ ਮੁਸਲਮਾਨ-ਵਿਰੋਧੀ 'ਲਵ-ਜੇਹਾਦ' ਦੀ ਸਿਆਸਤ ਦੀ ਸੇਵਾ ਕਰ ਰਹੇ ਹਨ।

ਕੇਂਦਰੀ ਸਿੰਘ ਸਭਾ ਨਾਲ ਜੁੜੇ ਸਿੱਖ ਬੁੱਧੀਜੀਵੀਆਂ ਨੇ ਕਿਹਾ ਕਿ ਕਸ਼ਮੀਰੀ ਸਿੱਖ ਕੁੜੀ ਦੇ ਮੁਸਲਿਮ ਨਾਲ ਵਿਆਹ ਅਤੇ ਧਰਮ ਬਦਲੀ ਦੇ ਸਬੰਧ ਵਿੱਚ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਜੰਮੂ ਕਸ਼ਮੀਰ ਦੇ ਲੈਫਟੀਨੈਂਟ ਗਵਰਨਰ ਨੂੰ ਚਿੱਠੀ ਲਿਖ ਕੇ ਧਰਮ ਬਦਲੀ ਵਿਰੋਧੀ ਕਾਨੂੰਨ ਬਣਾਉਣ ਉੱਤੇ ਜ਼ੋਰ ਦੇਣਾ ਸੰਘ ਪਰਿਵਾਰ ਦੇ 'ਲਵ-ਜਹਾਦ' ਬਾਰੇ ਹਾਮੀ ਭਰਨਾ ਹੈ। ਪੱਤਰਕਾਰ ਜਸਪਾਲ ਸਿੰਘ ਸਿੱਧੂ, ਰਾਜਵਿੰਦਰ ਸਿੰਘ ਰਾਹੀ, ਦੇਸ ਪੰਜਾਬ ਦੇ ਸੰਪਾਦਕ ਗੁਰਬਚਨ ਸਿੰਘ, ਬਾਕੀ ਸ.ਫਾ 27 'ਤੇ

## ਸੱਚ ਦੀ ਇਬਾਦਤ ਤੇ ਸਬਰ..

ਬੇਸ਼ੱਕ ਅੱਜ ਦਾ ਇਨਸਾਨ ਲੱਖਾਂ ਥਾਵਾਂ 'ਤੇ ਜਾ ਕੇ ਮੱਥਾ ਟੇਕਦਾ ਹੈ ਕਿਉਂਕਿ ਉਸ ਦਾ ਭਰੋਸਾ ਗੁਰਬਾਣੀ ਤੇ ਨਹੀਂ ਹੁੰਦਾ, ਇਸੇ ਲਈ ਉਹ ਭਟਕਦਾ ਹੈ। ਗੁਰਬਾਣੀ ਉਤੇ ਪੂਰਨ ਵਿਸ਼ਵਾਸ ਨਾਲ ਉਹ ਕਾਰਜ ਵੀ ਹੋ ਜਾਂਦੇ ਹਨ ਜਿਨਾਂ ਨੂੰ ਵਿਗਿਆਨ ਵੀ ਕਰਨ ਤੋਂ ਅਸਮਰਥ ਹੁੰਦਾ ਹੈ। ਸੋ ਗੁਰੂ ਗ੍ਰੰਥ ਸਾਹਿਬ ਇਕ ਅਜਿਹੀ ਆਗਾਮੀ ਸ਼ਕਤੀ ਹੈ ਜੋ ਮਨੁੱਖ ਦੀ ਸੋਚ ਤੇ ਸਮਝ ਸ਼ਕਤੀ ਤੋਂ ਪਰੇ ਹੈ।

## ਲੰਘੇ ਵੇਲਿਆਂ ਦੀ ਗੱਲ

ਸਵ. ਧਰਮਪ੍ਰੀਤ ਦੇ 'ਟੁੱਟੇ ਦਿੱਲ ਨੀ ਜੁੜਦੇ ਅੜੀਏ ਤੋੜੀ ਨਾਂ' ਗੀਤ ਵਾਲੀ ਕੈਸਟ ਬੱਸਾਂ ਤੋਂ ਲੈ ਕੇ ਟਰੈਕਟਰਾਂ ਤਕ ਰੂਹ ਨਾਲ ਸੁਣੀ ਗਈ।ਸੋਹਣੇ ਸੁਨੱਖੇ ਨੌਜਵਾਨ ਮਨਜੀਤ ਰੂਪੋਵਾਲੀਆ ਦਾ ਆਪਣਾ ਇੱਕ ਵੱਖਰਾ ਸਥਾਨ ਸੀ ਉਸ ਨੇ ਗੀਤ ਭਾਵੇਂ ਘੱਟ ਗਾਏ ਪਰ 'ਜੇ ਕਹਿਤਾ ਜੀਅ ਨੀਂ ਲੱਗਣਾ ਫੇਰ ਕਿਹੜਾ ਵਾਪਸ ਆਜੇਂਗੀ, 'ਇਹ ਕੁੜੀ ਓਹੀ ਹੋਣੀ ਐ' ਸਦਾ ਲਈ ਨੌਜਵਾਨ ਸਰੋਤਿਆਂ ਦੇ ਮੂੰਹੋਂ ਚੜ ਗਏ। ਹਰਦੇਵ ਮਾਹੀਨੰਗਲ ਨੇ 'ਰਾਤੀਂ ਘੋਲ ਕੇ ਸ਼ਰਾਬ ਵਿਚ ਪੀ ਗਿਆ' ਤੇ 'ਮਾਹੀ ਚਾਹੁੰਦਾ ਕਿਸੇ ਹੋਰ ਨੂੰ' ਵਰਗੇ ਗੀਤਾਂ ਨੂੰ ਜਦ ਆਪਣੀ ਆਵਾਜ਼ ਰਾਹੀਂ ਕਾਇਨਾਤ ਦੀ ਸੰਦਲੀ ਫ਼ਿਜ਼ਾ ਵਿੱਚ ਬਿਖੇਰਿਆ ਤਾਂ ਉਸ ਨੂੰ ਵੱਡੇ ਮਾਣ ਸਨਮਾਨ ਮਿਲੇ । ਉਸ ਸਮੇਂ ਕਈ ਪੰਜਾਬੀ ਗਾਇਕੀ ਦੇ ਪੰਡਤਾਂ ਵੱਲੋਂ ਉਸ ਗਾਇਕੀ ਨੂੰ ਹਟਕੋਰਿਆਂ ਤੇ ਹਉਕਿਆਂ ਦੀ ਗਾਇਕੀ ਕਹੇ ਜਾਣ ਦੇ ਨਾਲ-ਨਾਲ ਬਹੁਤੇ ਲੋਕ ਟੁੱਟੇ ਦਿਲਾਂ ਤੇ ਵਿਛੋੜੇ ਦੀ ਵੇਦਨਾ ਦਾ ਸ਼ਿਕਾਰ ਨੌਜਵਾਨਾਂ ਲਈ ਇਸ ਗਾਇਕੀ ਨੂੰ ਵੱਡਾ ਵਾਰਸ ਵੀ ਮੰਨਦੇ ਸਨ ।

ਗਰੀਬ ਘਰ 'ਚੋਂ ਉੱਠੇ ਦਵਿੰਦਰ ਕੋਹੇਨੂਰ ਤੇ ਕਰਮਜੀਤ ਰੰਧਾਵਾ ਨੇ ਜ਼ਿਆਦਾਤਰ ਬਚਨ ਬੇਦਿਲ ਦੀ ਕਲਮ ਵਿਚੋਂ ਨਿਕਲੇ ਗੀਤਾਂ ਨੂੰ ਆਪਣੀ ਆਵਾਜ਼ ਦਿੱਤੀ ਤੇ ਬੇਸ਼ੱਕ ਲੰਮਾ ਸਮਾਂ ਪੰਜਾਬੀ ਗਾਇਕੀ ਅੰਦਰ ਟਿਕ ਨਾ ਸਕੇ ਪਰ ਇੱਕ ਸਥਾਨ ਜ਼ਰੂਰ ਬਣਾ ਗਏ । ਦਵਿੰਦਰ ਨੇ 'ਤੇਨੂੰ ਦਿਲ ਦੇ ਖ਼ੂਨ ਦੀ ਮਹਿੰਦੀ ਦਿੰਦੇ ਤਲੀਆਂ ਉੱਤੇ ਲਾਉਣ ਲਈ' ਵਰਗੇ ਗੀਤ ਗਾਏ ਤਾਂ ਨੌਜਵਾਨੀ ਨੇ ਇਕਦਮ ਉਸ ਨੂੰ ਅੱਖਾਂ ਦੀਆਂ ਪਲਕਾਂ ਤੇ ਚੁੱਕ ਲਿਆ । ਰੰਧਾਵਾ ਨੇ ਜ਼ਿਆਦਾਤਰ ਕਿਸਾਨੀ ਨਾਲ ਸਬੰਧਤ ਗੀਤਾਂ ਨੂੰ ਆਪਣੀ ਆਵਾਜ਼ ਦਿੱਤੀ। ਪੰਜਾਬੀ ਗਾਇਕੀ ਦੇ ਇਤਿਹਾਸ ਅੰਦਰ ਕਈ ਦਹਾਕੇ ਇਨਾਂ ਕਲਾਕਾਰਾਂ ਨੇ ਆਪਣੇ ਸਰੋਤਿਆਂ ਦੇ ਮਨਾਂ ਤੇ ਰੱਜ ਕੇ ਰਾਜ ਕੀਤਾ ਤੇ ਚੋਖਾ ਨਾਵਾਂ ਵੀ ਕਮਾਇਆ ਪਰ ਇਨਾਂ ਵਿੱਚੋਂ ਬਹੁਤੇ 'ਗਲੈਮਰ ਦੀਆਂ ਫੇਟਾਂ' ਨੂੰ ਝੱਲ ਨਾ ਸਕੇ ਤੇ ਛੇਤੀ ਹੀ ਪਰਦੇ ਤੋਂ ਅਲੋਪ ਹੋ ਗਏ । ਕਈਆਂ ਨੇ ਸਮੇਂ ਦੇ ਨਾਲ ਬਦਲਣ ਦੀ ਡਾਢਵੀ ਕੋਸ਼ਿਸ਼ ਵੀ ਕੀਤੀ ਤੇ ਥੋੜਾ ਬਹੁਤਾ ਸਫਲ ਵੀ ਹੋਏ ਪਰ ਜ਼ਿਆਦਾਤਰ ਨੂੰ ਅਸਫ਼ਲਤਾ ਦਾ ਮੂੰਹ ਹੀ ਵੇਖਣਾ ਪਿਆ । ਪੰਜਾਬੀ ਗਾਇਕੀ ਦੇ ਇਕ ਖੇਤਰ ਦੇ ਇਨਾਂ ਫ਼ਨਕਾਰਾਂ ਵਿੱਚੋਂ ਕੁਝ ਇਕ ਇਸ ਸੰਸਾਰ ਤੋਂ ਕੂਚ ਵੀ ਕਰ ਚੁੱਕੇ ਹਨ ਤੇ ਕਈਆਂ ਨੇ ਆਪਣਾ ਰੈਣ ਬਸੇਰਾ ਵਿਦੇਸ਼ੀ ਧਰਤੀ ਤੇ ਬਣਾ ਲਿਆ ਹੈ ।

ਇਨਾਂ ਉਦਾਸ ਗੀਤਾਂ ਨੂੰ ਆਪਣੀ ਆਵਾਜ਼ ਦੇਣ ਵਾਲੇ ਕਲਾਕਾਰਾਂ ਤੋਂ ਪਹਿਲਾਂ ਅਤੇ ਬਾਅਦ ਵਿਚ ਵੀ ਭਾਵੇਂ ਟੁੱਟਵੇਂ-ਟੁੱਟਵੇਂ ਗੀਤ ਮਾਰਕੀਟ ਵਿਚ ਆਉਂਦੇ ਰਹੇ ਪਰ ਇਹ ਉਹ ਸਮਾਂ ਸੀ ਜਦ ਜ਼ਿਆਦਾਤਰ ਤੂਤੀ ਇਨਾਂ ਕਲਾਕਾਰਾਂ ਦੇ ਉਦਾਸ ਗੀਤਾਂ ਦੀ ਹੀ ਮਾਰਕੀਟ ਅੰਦਰ ਬੋਲਦੀ ਸੀ। ਉਦਾਸ ਗੀਤ ਭਾਵੇਂ ਰਾਜ ਬਰਾੜ, ਕਰਮਜੀਤ ਅਨਮੋਲ, ਇੰਦਰਜੀਤ ਨਿੱਕੂ, ਰਵਿੰਦਰ ਗਰੇਵਾਲ, ਫਕੀਰ ਚੰਦ ਪਤੰਗਾ ਸਮੇਤ ਹੋਰਨਾਂ ਕਈ ਕਲਾਕਾਰਾਂ ਨੇ ਵੀ ਗਾਏ ਪਰ ਉਪਰਲੇ ਕਲਾਕਾਰਾਂ ਵੱਲੋਂ ਕੇਵਲ ਤੇ ਕੇਵਲ ਲੰਮਾ ਸਮਾਂ ਉਦਾਸ ਗੀਤਾਂ ਜ਼ਰੀਏ ਮਾਰਕੀਟ ਅੰਦਰ ਆਪਣੇ ਨਾਮ ਦਾ ਡੰਕਾ ਵਜਵਾਇਆ ਗਿਆ। ਇਕ ਸਮਾਂ ਸੀ ਜਦ ਨੌਜਵਾਨੀ ਇਨਾਂ ਕਲਾਕਾਰਾਂ ਨੂੰ ਉਦਾਸ ਗੀਤਾਂ ਵਾਲੇ ਕਲਾਕਾਰਾਂ ਦੇ ਨਾਮ ਨਾਲ ਬੁਲਾਉਣ ਲੱਗੀ ਸੀ। ਖ਼ੈਰ ਕੁਝ ਵੀ ਸੀ ਪਰ ਉਸ ਸਮੇਂ ਉਦਾਸ ਗੀਤਾਂ ਜ਼ਰੀਏ ਇਨਾਂ ਕਲਾਕਾਰਾਂ ਵੱਲੋਂ ਕੀਤੀ ਡੰਡੀ ਪੰਜਾਬੀ ਗਾਇਕੀ ਦੇ ਇਤਿਹਾਸ ਦਾ ਹਿੱਸਾ ਜ਼ਰੂਰ ਬਣ ਗਈ । ਕਿਤੇ ਨਾ ਕਿਤੇ ਸੱਥਾਂ ਵਿੱਚ ਬੈਠੇ ਲੋਕ ਅੱਜ ਵੀ ਕਹਿ ਦਿੰਦੇ ਨੇ ਕਿ ਅੱਜ ਦੇ ਆਹ 'ਫੁਕਰਾਪੰਥੀ ਕਲਾਕਾਰਾਂ' ਨਾਲੋਂ ਉਨਾਂ ਕਲਾਕਾਰਾਂ ਦੀ ਗਾਇਕੀ ਕਈ ਦਰਜੇ ਜ਼ਿਆਦਾ ਚੰਗੀ ਸੀ । ਇਹ ਗੱਲ ਠੀਕ ਹੈ ਕਿ ਉਸ ਸਮੇਂ ਵੀ ਕਈ ਕਲਾਕਾਰਾਂ ਤੇ ਆਪਣੇ ਗੀਤਾਂ ਜ਼ਰੀਏ ਨੌਜਵਾਨੀ ਨੂੰ ਵਿਗਾੜਨ ਦੇ ਦੋਸ਼ ਲੱਗੇ ਪਰ ਅੱਜ ਦੇ ਮੁਕਾਬਲੇ ਉਸ ਨੂੰ 'ਤੁੱਛ' ਗਿਣਿਆ ਜਾਵੇਗਾ । ਬਿਨਾਂ ਸ਼ੱਕ ਉਦਾਸ ਗੀਤਾਂ ਨੇ ਲੰਬਾ ਸਮਾਂ ਪੰਜਾਬੀ ਗਾਇਕੀ ਦੀ 'ਸੰਦਲੀ ਫ਼ਿਜ਼ਾ' ਅੰਦਰ ਆਪਣੀ 'ਕਲਾ ਦਾ ਜਲਵਾ' ਬਿਖੇਰਿਆ । ਜਿਸ ਨੂੰ ਅੱਜ ਕਈ ਦਹਾਕੇ ਬੀਤ ਜਾਣ ਦੇ ਬਾਅਦ ਵੀ ਉਸ ਸਮੇਂ ਦੇ ਸਮਕਾਲੀ ਲੋਕ 'ਠੰਡੀ ਹਾਅ' ਭਰ ਕੇ ਯਾਦ ਕਰਦੇ ਹਨ ।

## ਮੇਰੀਆਂ ਯਾਦਾਂ : ਜਸਵੰਤ...

ਸ਼੍ਰੋਮਣੀ ਕਮੇਟੀ ਦਾ ਮੁਲਾਜ਼ਮ ਹੋਣ ਦੇ ਬਾਵਜੂਦ ਉਸ ਨੇ ਅੰਮ੍ਰਿਤ ਨਹੀਂ ਛਕਿਆ, ਸਿੱਖੀ ਬਾਣਾ ਨਹੀਂ ਪਾਇਆ ਤੇ ਨਾ ਹੀ ਕਿਸੇ ਕਮਿਊਨਿਸਟ ਪਾਰਟੀ ਦਾ ਕਾਰਡ ਹੋਲਡਰ ਬਣਿਆ। ਨਾ ਘਰ 'ਤੇ ਕਿਸੇ ਪਾਰਟੀ ਦਾ ਝੰਡਾ ਚੜਾਇਆ। ਢੁੱਡੀਕੇ ਅਤੇ ਇਲਾਕੇ ਦੇ ਵਿਕਾਸ ਲਈ ਪੰਚਾਇਤਾਂ ਨੂੰ ਨਾਲ ਲੈ ਕੇ ਲਾਲਾ ਲਾਜਪਤ ਰਾਏ ਦੇ ਨਾਂ 'ਤੇ ਕਾਲਜ ਬਣਵਾਇਆ, ਲਾਲੇ ਦੀ ਜਗਾ ਵੱਡਾ ਹਾਲ ਤੇ ਲਾਇਬ੍ਰੇਰੀ ਬਣਵਾਈ, ਹਸਪਤਾਲ, ਡਾਕਘਰ, ਵਾਟਰ ਵਰਕਸ ਤੇ ਲਿੰਕ ਸੜਕਾਂ ਦੀਆਂ ਸਹੂਲਤਾਂ 1950ਵਿਆਂ ਤੋਂ 60ਵਿਆਂ ਵਿਚ ਹੀ ਪਿੰਡ ਲੈ ਆਂਦੀਆਂ। ਗਦਰੀ ਬਾਬਿਆਂ ਦੇ ਨਾਂ 'ਤੇ ਸਕੂਲ ਤੇ ਸੜਕਾਂ ਦੇ ਨਾਂ ਰੱਖੇ। ਕੈਰੋਂ ਦੇ ਰਾਜ ਵੇਲੇ ਕਾਮਰੇਡਾਂ ਨਾਲ ਜੇਲ ਵਿਚ ਰਿਹਾ। ਕਾਂਗਰਸ ਤੇ ਜਨਸੰਘ ਨੂੰ ਪੰਜਾਬ ਦੀਆਂ ਦੁਸ਼ਮਣ ਸਿਆਸੀ ਪਾਰਟੀਆਂ ਸਮਝਦਾ ਰਿਹਾ। ਆਰਾਂ ਅਕਾਲੀਆਂ ਨੂੰ ਵੀ ਲਾਉਂਦਾ ਰਿਹਾ। ਬਖ਼ਸ਼ੀਆਂ ਕਮਿਊਨਿਸਟ ਪਾਰਟੀਆਂ ਵੀ ਨਹੀਂ। ਉਹਦਾ ਦਿਲ ਸਦਾ ਕਿਰਤੀਆਂ ਕਿਸਾਨਾਂ ਲਈ ਧੜਕਦਾ ਰਿਹਾ। ਜੀਂਦਾ ਹੁੰਦਾ ਤਾਂ ਕਿਸਾਨ ਅੰਦੋਲਨ ਦੇ ਧਰਨੇ 'ਚ ਬੈਠਾ ਹੁੰਦਾ।

ਉਹ ਬਹੁਪੱਖੀ ਲੇਖਕ ਸੀ ਤੇ ਬਹੁਪੱਖੀ ਮਨੁੱਖ। ਉਸ ਨੇ ਸਕੂਲੀ ਪੜਾਈ ਕਰਦਿਆਂ ਮਾਲ ਡੰਗਰ ਚਾਰੇ, ਫਿਰ ਮਲਾਇਆ 'ਚ ਜਾਗੇ ਦੀ ਨੌਕਰੀ ਕੀਤੀ, ਮੁੜ ਕੇ ਹਲ ਵਾਹਿਆ, ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਦੀ ਕਲੱਰਕੀ ਕੀਤੀ ਅਤੇ ਦੇਸ਼ ਦੀ ਵੰਡ ਸਮੇਂ ਪਿੰਡ ਦੇ ਮੁਸਲਮਾਨਾਂ ਨੂੰ ਸੁਰੱਖਿਅਤ ਕੈਂਪਾਂ 'ਚ ਪੁਚਾਇਆ। ਉਹ ਦੋ ਵਾਰ ਢੁੱਡੀਕੇ ਦਾ ਸਰਪੰਚ ਬਣਿਆ। ਉਹਦੀ ਸਰਪੰਚੀ 'ਚ ਪੰਚਾਇਤ ਨੇ ਨੈਸ਼ਨਲ ਅਵਾਰਡ ਜਿੱਤਿਆ। ਅਗਲੀਆਂ ਪਿਛਲੀਆਂ ਸਾਰੀਆਂ ਪੰਚਾਇਤਾਂ ਸਾਥ ਦਿੰਦੀਆਂ ਰਹੀਆਂ। ਪੇਂਡੂਆਂ ਨੂੰ ਭਰਾ ਮਾਰੂ ਪਾਰਟੀਬਾਜ਼ੀ 'ਚੋਂ ਕੱਢ ਕੇ ਖੇਡ ਮੁਕਾਬਲਿਆਂ ਵੱਲ ਮੋੜਿਆ। ਲਾਲਾ ਲਾਜਪਤ ਰਾਏ ਦੇ ਜਨਮ ਦਿਵਸ 'ਤੇ ਖੇਡ ਮੇਲਾ ਸ਼ੁਰੂ ਕੀਤਾ ਜੀਹਦੇ ਉਹ 65 ਸਾਲ ਅੰਗ ਸੰਗ ਰਿਹਾ।

ਆਪਣੀ ਪਹਿਲੀ ਪੁਸਤਕ 'ਜੀਵਨ ਕਣੀਆਂ' ਤੋਂ ਆਖ਼ਰੀ ਪੁਸਤਕ 'ਧੁਰ ਦਰਗਾਹ' ਤਕ ਪੁੱਜਦਿਆਂ ਕੰਵਲ ਨੇ ਜੀਵਨ ਦੇ ਅਨੇਕਾਂ ਰੰਗ ਵੇਖੇ ਤੇ ਪਾਠਕਾਂ ਨੂੰ ਵਿਖਾਏ। ਚੜਦੀ ਜੁਆਨੀ 'ਚ ਉਹ ਹੀਰ ਗਾਉਂਦਾ, ਕਵਿਤਾਵਾਂ ਲਿਖਦਾ, ਗੁਰਪੁਰਬਾਂ 'ਤੇ ਸੁਣਾਉਂਦਾ, ਸਾਧਾਂ ਸੰਤਾਂ ਤੇ ਵੈਲੀਆਂ ਬਦਮਾਸ਼ਾਂ ਦੀ ਸੰਗਤ ਕਰਦਾ, ਵੇਦਾਂਤ ਤੇ ਮਾਰਕਸਵਾਦ ਪੜਦਾ, ਸੱਜੇ ਖੱਬੇ ਕਾਮਰੇਡਾਂ ਤੇ ਨਕਸਲੀਆਂ ਦਾ ਹਮਦਰਦ ਬਣਦਾ, ਪ੍ਰੋ. ਕਿਸ਼ਨ ਸਿੰਘ ਦੇ ਮਾਰਕਸੀ ਨਜ਼ਰੀਏ ਤੋਂ 'ਸਿੱਖ ਲਹਿਰ' ਦੇ ਸਿੱਖ ਇਨਕਲਾਬ ਵੱਲ ਮੋੜਾ ਪਾਉਂਦਾ, ਸਿੱਖ ਹੋਮਲੈਂਡ ਦਾ ਸਮਰਥਨ ਕਰਦਾ, ਖਾੜਕੂਆਂ ਦਾ ਸਲਾਹਕਾਰ ਬਣਿਆ। ਫਿਰ ਉਨਾਂ ਦੀ ਆਲੋਚਨਾ ਵੀ ਕੀਤੀ। ਭਾਰਤ ਦੇ ਹੁਕਮਰਾਨਾਂ ਤੇ ਸਿਆਸੀ ਨੇਤਾਵਾਂ ਨੂੰ ਖੁੱਲੀਆਂ ਚਿੱਠੀਆਂ ਲਿਖਦਾ, ਅਖ਼ਬਾਰਾਂ 'ਚ ਛਪਵਾਉਂਦਾ, ਫਿਰ ਪੰਥ-ਪੰਥ ਤੇ ਪੰਜਾਬ-ਪੰਜਾਬ ਕੂਕਣ ਲੱਗ ਪਿਆ। ਅਖ਼ੀਰ ਉਹ 'ਰੂੜ ਚੱਲਿਆ ਪੰਜਾਬ' ਤੇ 'ਪੰਜਾਬ ਤੇਰਾ ਕੀ ਬਣੂੰ?' ਦੇ ਝੋਰੇ ਝੁਰਨ ਲੱਗ ਪਿਆ। ਜਾਂਦੀ ਵਾਰ ਉਹ ਪੰਜਾਬ ਦੋਖੀਆਂ ਦੇ ਵੈਣ ਪਾਉਂਦਾ ਗਿਆ।

ਉਸ ਨੇ ਲਿਖਿਆ, 'ਖਰਾ ਤੇ ਅਗਾਂਹਵਧੂ ਸਾਹਿਤ ਉਹ ਹੁੰਦਾ ਹੈ, ਜਿਹੜਾ ਮਨੁੱਖ ਨੂੰ ਚੜਦੀ ਕਲਾ ਵਿਚ ਲੈ ਜਾਵੇ ਤੇ ਵਧੀਆ ਮਨੁੱਖ ਬਣਾਵੇ। ਜਿਹੜਾ ਸਾਹਿਤ ਸੋਸ਼ਲਿਜ਼ਮ ਲਿਆਉਣ ਲਈ ਇਨਕਲਾਬ ਦਾ ਰਾਹ ਪਧਰਾਵੇ, ਉਹੀ ਸਮਾਜਵਾਦੀ ਯਥਾਰਥਵਾਦ ਹੁੰਦਾ। ਲੋਕਾਂ ਦੇ ਲੇਖਕ ਨੂੰ ਸਰਮਾਏਦਾਰੀ ਦੇ ਵਾਦਾਂ ਕੁਵਾਦਾਂ ਤੋਂ ਕੁਝ ਵਧੇਰੇ ਹੀ ਖ਼ਬਰਦਾਰ ਰਹਿਣਾ ਚਾਹੀਦਾ ਹੈ। ਇਹਨਾਂ ਵਾਦਾਂ ਦੀਆਂ ਫੁਰਲੀਆਂ ਛੱਡਣ ਵਾਲੇ ਅਖੌਤੀ ਬੁੱਧੀਜੀਵੀ ਸਰਮਾਏਦਾਰਾਂ ਦੇ ਜ਼ਰਖ਼ਰੀਦ ਹੁੰਦੇ ਹਨ। ਭਾਵੇਂ ਉਹ ਯੂਨੀਵਰਸਿਟੀਆਂ ਦੇ ਹੈੱਡ ਹੀ ਕਿਉਂ ਨਾ ਹੋਣ। ਉਨਾਂ ਦਾ ਚਲਾਊ ਗਿਆਨ ਇਨਕਲਾਬੀਆਂ ਨੂੰ ਨਿਕੰਮੇ ਤੇ ਲੋਕਾਂ ਨੂੰ ਕੁਰਾਹੇ ਪਾਉਣ ਵਾਸਤੇ ਵਰਤਿਆ ਜਾਂਦਾ ਹੈ। ਆਰਥਕ ਪੱਖ ਤੋਂ ਲੈ ਕੇ ਜ਼ਿੰਦਗੀ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਸਰਮਾਏਦਾਰੀ ਸਮਾਜ ਦਾ ਖ਼ਾਤਮਾ ਤੇ ਸਮਾਜਵਾਦ ਦੀ ਮੁਕੰਮਲ ਸਥਾਪਨਾ ਵਿਚ ਹੈ।'

ਉਸ ਨੇ ਕਿੱਸੇ, ਸੂਫੀ ਸਾਹਿਤ ਤੇ ਗੁਰਬਾਣੀ ਪੜਨ ਦੇ ਨਾਲ ਰੂਸੋ, ਵਾਲਟੇਅਰ, ਵਿਕਟਰ ਹਿਊਗੋ, ਮੈਕਸਿਮ ਗੋਰਕੀ, ਲਿਓ ਤਾਲਸਤਾਏ, ਤੁਰਗਨੇਵ, ਮੇਜਨੀ, ਚਾਰਲਸ ਡਿਕਨਜ਼ ਤੇ ਸ਼ੋਲੋਖੋਵ ਆਦ ਵਿਸ਼ਵ ਪ੍ਰਸਿੱਧ ਲੇਖਕਾਂ ਦੀਆਂ ਕਿਤਾਬਾਂ ਚੜਦੀ ਉਮਰ 'ਚ ਪੜੀਆਂ। ਉਨਾਂ ਨਾਲ ਉਹਦੇ ਗਿਆਨ 'ਚ ਵਾਧਾ ਹੁੰਦਾ ਗਿਆ ਤੇ ਲਿਖਣ ਦੀ ਚੇਟਕ ਲੱਗ ਗਈ। ਉਸ ਨੇ ਕਾਵਿਕ ਵਾਰਤਕ ਵਿਚ ਕਾਵਿ ਖ਼ਿਆਲ ਲਿਖਣੇ ਸ਼ੁਰੂ ਕਰ ਲਏ। ਫਿਰ ਉਸ ਨੇ ਕਾਵਿ ਖ਼ਿਆਲਾਂ ਦਾ ਛੋਟਾ ਜਿਹਾ ਕਿਤਾਬੀ ਖਰੜਾ ਤਿਆਰ ਕਰ ਲਿਆ। ਉਹ 1940 ਵਿਚ ਅੰਮ੍ਰਿਤਸਰ ਦੇ ਬਾਜ਼ਾਰ ਮਾਈ ਸੇਵਾਂ ਵਾਲੇ ਪਬਲਿਸ਼ਰ ਹਰਨਾਮ ਸਿੰਘ ਐਂਡ ਸੰਨਜ਼ ਨੂੰ ਮਿਲਿਆ। ਖਰੜਾ ਕਹਾਣੀਕਾਰ ਸੁਜਾਨ ਸਿੰਘ ਨੂੰ ਵਿਖਾਇਆ ਗਿਆ ਅਤੇ ਉਹਦੀ ਸਲਾਹ ਨਾਲ 'ਜੀਵਨ ਕਣੀਆਂ' ਨਾਂ ਦੀ ਪੁਸਤਕ ਛਾਪ ਦਿੱਤੀ ਗਈ। 76 ਪੰਨਿਆਂ ਦੀ ਇਸ ਨਿੱਕੀ ਜਿਹੀ ਪੁਸਤਕ ਵਿਚ ਪਿੱਛੋਂ ਹਜ਼ਾਰਾਂ ਪੰਨਿਆਂ 'ਤੇ ਛਪੀ ਕੰਵਲ ਦੀ ਸਾਰੀ ਸਾਹਿਤਕ ਰਚਨਾ ਦਾ ਬੀਜ ਸੀ। ਓਹਦੇ ਮੁਖ ਬੰਦ ਦਾ ਅੰਤਲਾ ਪੈਰਾ ਸੀ : ਹੋ ਸਕਦਾ ਹੈ, ਜੋ ਕੁੱਝ ਮੈਂ ਲਿਖਿਆ ਹੈ, ਉਸ ਵਿੱਚ ਬਹੁਤ ਕੁੱਝ ਭਾਵੁਕ ਹੋਵੇ। ਪਰ ਜਜ਼ਬੇ ਦੀ ਬੁਨਿਆਦ ਹੀ ਜ਼ਿੰਦਗੀ ਹੈ। ਇਹ ਇੱਕ ਪਿੱਛੋਂ ਆਏ ਲਿਖਾਰੀ ਦੇ ਖਿਲਰੇ ਖ਼ਿਆਲਾਂ ਦਾ ਸੰਗ੍ਰਹਿ ਹੈ ਜਾਂ ਹਿਰਦੇ ਦੀਆਂ ਅਣਸਾਂਭੀਆਂ ਲਹਿਰਾਂ। ਪੰਜਾਬੀ ਪਾਠਕ ਪਿਆਰ ਤੋਹਫ਼ਾ ਜਾਣ ਕੇ ਪ੍ਰਵਾਨ ਕਰਨ। ਇਹ ਖ਼ਿਆਲ ਮੈਂ ਵੀਹ-ਬਾਈ ਸਾਲ ਦੀ ਉਮਰ ਵਿੱਚ ਲਿਖੇ ਹਨ।

-ਜਸਵੰਤ ਸਿੰਘ ਕੰਵਲ

'ਜੀਵਨ ਕਣੀਆਂ' ਵਿਚਲੇ ਖਿਲਰੇ ਖ਼ਿਆਲ ਜਾਂ ਅਣਸਾਂਭੀਆਂ ਲਹਿਰਾਂ ਦੇ ਕੁਝ ਵਾਕ ਹਨ:

-ਲਗਨ ਕਾਮਯਾਬੀ ਦਾ ਬੂਹਾ ਖੜਕਾਉਂਦੀ ਹੈ, ਕਾਮਯਾਬੀ ਜ਼ਿੰਦਗੀ ਦਾ ਮਕਸਦ ਪੂਰਾ ਕਰਦੀ ਹੈ।

-ਪ੍ਰੇਮ ਕਬਰ ਵਿੱਚ ਪੈਂਦਾ ਹੈ, ਇਨਸਾਫ਼ ਉਸ 'ਤੇ ਛਾਂ ਕਰਦਾ ਹੈ ਤੇ ਫ਼ਰਜ਼ ਫੁੱਲ ਬਣ ਕੇ ਉਸ ਦੀ ਕਬਰ 'ਤੇ ਖਿੜਦਾ ਹੈ।

-ਹੁਸਨ ਰੱਬ ਦਾ ਰੂਪ ਹੈ, ਜਵਾਨੀ ਰੱਬ ਦਾ ਮਾਣ ਤੇ ਪਿਆਰ ਉਹਦਾ ਸੁਭਾਅ।

-ਗੁਰਦੇਵ ਦੀਵਾ ਹੈ, ਜਿਸ ਵਿੱਚ ਸ਼ਿਸ਼ ਦੀ ਅੰਨੀ ਆਤਮਾ ਚਾਨਣ ਪਾਉਂਦੀ ਹੈ।

-ਗੁਰਦੇਵ ਉਹ ਸੋਮਾ ਹੈ ਜਿਸ ਵਿੱਚ ਨਹਾ ਕੇ ਸ਼ਿਸ਼ ਦੇ ਗੁਨਾਹ ਨੇਕੀਆਂ ਬਣ ਜਾਂਦੇ ਹਨ।

-ਹਨੇਰਾ ਚੰਗਾ ਹੈ ਜੇ ਚਾਨਣ ਵਿੱਚ ਕੋਈ ਲਿਸ਼ਕ ਨਹੀਂ, ਮੌਤ ਚੰਗੇਰੀ ਹੈ ਜੇ ਜੀਵਨ ਵਿੱਚ ਕੋਈ ਸੁਆਦ ਨਹੀਂ।

-ਯਾਦ ਬੀਤੇ ਆਨੰਦ ਨੂੰ ਸਾਂਭ ਕੇ ਰੱਖਦੀ ਹੈ। ਉਦਾਸ ਹੋਈ ਜ਼ਿੰਦਗੀ ਇਸ ਦੀ ਹੋਂਦ ਸਦਕਾ ਖਿੜ ਪੈਂਦੀ ਹੈ।

-ਇਨਾਂ ਪੰਜਾਂ ਦਾ ਕੋਈ ਮਜ਼ਬ ਨਹੀਂ ਹੁੰਦਾ: ਬੱਚਾ, ਸ਼ਾਇਰ, ਪਾਗ਼ਲ, ਗਿਆਨੀ ਤੇ ਵੇਸਵਾ।

-ਕੁਦਰਤ ਦਾ ਕਿੰਨਾ ਹੀ ਗਿਆਨ ਹਾਲੇ ਮਨੁੱਖ ਦੀ ਦੌੜ ਤੋਂ ਸਦੀਆਂ ਅੱਗੇ ਪਿਆ ਹੈ।

-ਮਾਂ ਧਰਤੀ ਦੀ ਮਾਲਣ ਹੈ ਤੇ ਬੱਚੇ ਟਹਿਕਦੇ ਫੁੱਲ। ਜੇ ਧਰਤੀ ਨੂੰ ਸਵਰਗ ਬਣਾਉਣਾ ਚਾਹੁੰਦੇ ਹੋ, ਬੱਚਿਆਂ ਵੱਲ ਧਿਆਨ ਦਿਓ।

-ਡਾਕੂ ਆਪੀਂ ਪੈਦਾ ਨਹੀਂ ਹੁੰਦੇ, ਸਗੋਂ ਸਾਡੀਆਂ ਬੇਇਨਸਾਫ਼ੀਆਂ ਹੀ ਅਣਭੋਲ ਆਦਮੀਆਂ ਨੂੰ ਭੇੜੇ ਬਣਾਉਂਦੀਆਂ ਹਨ।

-ਕੰਮ, ਜ਼ਿੰਦਗੀ ਦਾ ਸਾਰ ਹੈ, ਰੁਝੇਵਾਂ ਹੈ। ਇਹ ਧਨ, ਇੱਜ਼ਤ ਤੇ ਖ਼ੁਸ਼ੀ ਪੈਦਾ ਕਰਦਾ ਹੈ।

-ਸਫ਼ਾਈ ਮਨੁੱਖ ਦੀ ਆਪਣੀ ਪੈਦਾ ਕੀਤੀ ਸੁੰਦਰਤਾ ਹੈ। ਅਰੋਗਤਾ ਦੀ ਗਰੰਟੀ ਹੈ।

-ਖ਼ੁਸ਼ੀ ਉਹ ਬਹਾਰ ਹੈ, ਜਿਹੜੀ ਸੁੱਕੀਆਂ ਟਹਿਣੀਆਂ ਵਿੱਚੋਂ ਖੇੜਾ ਪੈਦਾ ਕਰਦੀ ਹੈ।

-ਚੰਦ ਛੁਪ ਜਾਣ ਲਈ ਚੜਦਾ ਹੈ, ਫੁੱਲ ਟੁੱਟ ਜਾਣ ਲਈ ਖਿੜਦਾ ਹੈ, ਬੰਦਾ ਮਰ ਜਾਣ ਲਈ ਜੰਮਦਾ ਹੈ।

ਕੰਵਲ ਦੀਆਂ ਲਿਖਤਾਂ ਵਿਚ ਕਹਿਰਾਂ ਦਾ ਜਜ਼ਬਾ ਤੇ ਸ਼ੂਕਦਾ ਵੇਗ ਹੈ ਜੋ ਪਾਠਕਾਂ ਨੂੰ ਆਮੁਹਾਰੇ ਆਪਣੇ ਨਾਲ ਵਹਾ ਲੈ ਜਾਂਦਾ ਹੈ। ਪ੍ਰਿੰਸੀਪਲੀ ਤੋਂ ਰਿਟਾਇਰ ਹੋਣ ਪਿੱਛੋਂ ਮੈਂ ਕੈਨੇਡਾ ਚਲਾ ਗਿਆ ਤਾਂ ਕੈਨੇਡਾ ਤੋਂ ਪੰਜਾਬ ਆ ਕੇ ਵੀ ਉਸ ਨੂੰ ਮਿਲਦਾ ਗਿਲਦਾ ਰਿਹਾ। ਅਖ਼ੀਰ ਉਮਰੇ ਉਸ ਨੂੰ ਦਿਸਦਾ ਤਾਂ ਸਾਫ ਸੀ ਪਰ ਸੁਣਦਾ ਉੱਚਾ ਸੀ। ਉਹ ਹਰ ਰੋਜ਼ ਕੁਝ ਨਾ ਕੁਝ ਪੜਦਾ ਲਿਖਦਾ ਸੀ। ਕੋਈ ਹਾਲ ਚਾਲ ਪੁੱਛਦਾ ਤਾਂ ਆਂਹਦਾ ਸੀ, 'ਮੇਰਾ ਤਾਂ ਚੰਗਾ ਪਰ ਪੰਜਾਬ ਦਾ ਮਾੜੈ।'

ਕਦੇ ਉਸ ਨੂੰ 'ਪੂਰਨਮਾਸ਼ੀ' ਵਾਲਾ ਕੰਵਲ, ਕਦੇ 'ਰਾਤ ਬਾਕੀ ਹੈ' ਵਾਲਾ ਕਾਮਰੇਡ, ਕਦੇ 'ਲਹੂ ਦੀ ਲੋਅ' ਵਾਲਾ ਨਕਸਲੀ ਤੇ ਕਦੇ 'ਐਨਿਆਂ 'ਚੋਂ ਉਠੋ ਸੂਰਮਾ' ਵਾਲਾ ਖਾੜਕੂ ਲੇਖਕ ਕਹਿ ਕੇ ਵਡਿਆਇਆ ਜਾਂਦਾ ਰਿਹਾ। ਕਦੇ ਉਸ ਨੂੰ ਨਾਵਲਕਾਰ ਨਾਨਕ ਸਿੰਘ ਦਾ ਵਾਰਸ ਤੇ ਕਦੇ ਪੰਜਾਬ ਦੇ ਪੇਂਡੂ ਜੀਵਨ, ਖ਼ਾਸ ਕਰ ਕੇ ਕਿਸਾਨੀ ਜੀਵਨ ਦਾ ਮੋਢੀ ਨਾਵਲਕਾਰ ਕਿਹਾ ਜਾਂਦਾ। ਉਸ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਜਨਰਲ ਸਕੱਤਰੀ, ਪ੍ਰਧਾਨਗੀ ਤੇ ਸਰਪ੍ਰਸਤੀ ਵੀ ਨਿਭਾਈ। ਪੰਜਾਬੀ ਸਾਹਿਤ ਟਰੱਸਟ ਢੁੱਡੀਕੇ ਦਾ ਤਾਂ ਉਹ ਜੀਵਨ ਭਰ ਲਈ ਜਨਰਲ ਸਕੱਤਰ ਸੀ ਜਿਸ ਨੇ ਸੌ ਕੁ ਲੇਖਕਾਂ ਨੂੰ ਸਾਹਿਤਕ ਪੁਰਸਕਾਰ ਦਿੱਤੇ। ਉਹ ਪੰਜਾਬੀ ਕਨਵੈਨਸ਼ਨਾਂ ਦਾ ਕਨਵੀਨਰ ਤੇ ਇੰਗਲੈਂਡ ਵਿਚ ਪਹਿਲੀ ਵਿਸ਼ਵ ਪੰਜਾਬੀ ਕਾਨਫਰੰਸ ਕਰਾਉਣ ਵਾਲੀ ਟੀਮ ਦਾ ਅੰਗ ਬਣਿਆ। ਉਸ ਨੇ ਪੰਜਾਬੀ ਨੂੰ ਦੇਵਨਾਗਰੀ ਲਿੱਪੀ ਵਿਚ ਲਿਖਣ ਤੇ ਹਿੰਦੀ ਸੰਸਕ੍ਰਿਤ ਦੀ ਸ਼ਬਦਾਵਲੀ 'ਚ ਖਚਤ ਹੋਣ ਤੋਂ ਬਚਾਉਣ ਵਿਚ ਅਹਿਮ ਰੋਲ ਨਿਭਾਇਆ।

ਪੰਜਾਬੀ ਵਿਚ ਉਸ ਦੇ ਸਭ ਤੋਂ ਬਹੁਤੇ ਪਾਠਕ ਸਨ/ਹਨ। ਉਸ ਨੇ ਦੇਸ਼ ਵਿਦੇਸ਼ ਦੀਆਂ ਖ਼ੂਬ ਸੈਰਾਂ ਕੀਤੀਆਂ। ਅਨੇਕਾਂ ਅਜਾਇਬ ਘਰ ਵੇਖੇ। ਮਹਿੰਜੋਦੜੋ ਦੇ ਖੰਡਰਾਂ ਦੀ ਬਾਤ ਪਾਈ। ਖੇਡ ਮੇਲਿਆਂ ਵਿਚ ਕਬੱਡੀ ਦੇ ਮੈਚ ਖਿਡਾਏ ਤੇ ਕੁਮੈਂਟਰੀ ਕੀਤੀ। ਦਸਵੰਧ ਲੋੜਵੰਦਾਂ ਨੂੰ ਦਿੱਤਾ। 27 ਜੂਨ 2019 ਨੂੰ ਜਦੋਂ ਉਹ ਸੌ ਸਾਲਾਂ ਦਾ ਹੋਇਆ ਤਾਂ ਉਸ ਦੀ ਜਨਮ ਸ਼ਤਾਬਦੀ ਸਮੇਂ ਢੁੱਡੀਕੇ ਪੰਜ ਰੋਜ਼ਾ 'ਕੰਵਲ ਸ਼ਤਾਬਦੀ ਸੰਗ ਪੂਰਨਮਾਸ਼ੀ ਪੰਜਾਬੀ ਜੋੜ ਮੇਲਾ' ਮਨਾਇਆ ਗਿਆ। 2018 ਵਿਚ ਮੈਂ ਉਸ ਨੂੰ ਮੱਲੋ-ਮੱਲੀ ਢੁੱਡੀਕੇ ਦੇ ਖੇਡ ਮੇਲੇ 'ਚ ਲੈ ਗਿਆ ਸਾਂ। 2019 ਵਿਚ ਮੇਲੇ 'ਚ ਲਿਜਾ ਕੇ ਸੈਂਚਰੀ ਮਾਰਨ ਦੀ ਝੰਡੀ ਕਰਵਾ ਆਇਆ ਸਾਂ। 2020 ਦਾ ਮੇਲਾ ਵਿਖਾਉਣ ਲਈ ਬਥੇਰਾ ਕਿਹਾ : ਓੜਕ ਨੂੰ ਮਰ ਜਾਣਾ ਚੱਲ ਮੇਲੇ ਚੱਲੀਏ... ਪਰ ਉਹ ਜਾਂਦੀ ਵਾਰ ਦਾ ਮੇਲਾ ਵੇਖਣ ਜੋਗਾ ਨਹੀਂ ਸੀ ਰਿਹਾ।

## ਪੰਜਾਬੀ ਤੇ ਪੰਜਾਬੀਅਤ...

ਉਥੇ ਕਾਲੇ ਪਾਣੀ ਦੀ ਜੇਲ, ਜਿਨਾਂ ਦੇਸ਼ ਦੀ ਆਜ਼ਾਦੀ ਲਈ ਸਜ਼ਾਵਾਂ ਕੱਟੀਆਂ, ਉਨਾਂ ਵਿਚ ਤਕਰੀਬਨ 75 ਫ਼ੀਸਦੀ ਪੰਜਾਬੀ ਸਨ। ਮੁਲਕ ਦੀ ਆਜ਼ਾਦੀ ਤੋਂ ਬਾਅਦ ਵੀ ਪੰਜਾਬੀਆਂ ਦੀ ਕੁਰਬਾਨੀ ਸਭ ਤੋਂ ਜ਼ਿਆਦਾ ਹੈ। ਸਭ ਤੋਂ ਪਹਿਲਾ 'ਪਰਮਵੀਰ ਚੱਕਰ' ਲੈਣ ਦਾ ਸਿਹਰਾ ਵੀ ਇਕ ਪੰਜਾਬੀ 'ਮੇਜਰ ਸੋਮ ਨਾਥ ਸ਼ਰਮਾ' ਨੂੰ ਜਾਂਦਾ ਹੈ। ਬੜੀ ਨਮੋਸ਼ੀ ਦੀ ਗੱਲ ਹੈ ਕਿ ਕੁਝ ਵਕਤ ਤੋਂ ਫ਼ੌਜ ਵਿਚ ਪੰਜਾਬੀਆਂ ਦੀ ਨੁਮਾਇੰਦਗੀ ਦਿਨੋ-ਦਿਨ ਘਟਦੀ ਜਾ ਰਹੀ ਹੈ। ਬੇਸ਼ੱਕ ਜਵਾਨਾਂ ਦੀ ਭਰਤੀ ਹਰ ਸੂਬੇ ਦੀ ਆਬਾਦੀ ਦੇ ਆਧਾਰ 'ਤੇ ਹੁੰਦੀ ਹੈ। ਅਫ਼ਸਰਾਂ ਦੀ ਭਰਤੀ 'ਤੇ ਅਜਿਹੀ ਕੋਈ ਬੰਦਿਸ਼ ਨਹੀਂ। ਇਕ ਵਕਤ ਸੀ ਕਿ ਹਰ ਤੀਜਾ-ਚੌਥਾ ਅਫ਼ਸਰ ਪੰਜਾਬੀ ਹੁੰਦਾ ਸੀ। ਹੁਣ ਹਾਲਤ ਇਹ ਹੈ ਕਿ ਦਸੰਬਰ 2020 ਦੇ ਆਈ.ਐਮ. ਏ ਕੋਰਸ ਵਿਚ ਪੰਜਾਬੀਆਂ ਦਾ ਨੰਬਰ 8ਵਾਂ ਹੈ ਤੇ ਕੁੱਲ 427 ਕੈਡਿਟਾਂ ਵਿਚੋਂ ਪੰਜਾਬ ਦਾ ਹਿੱਸਾ ਸਿਰਫ਼ 14 ਹੀ ਸੀ। ਖ਼ੁਸ਼ੀ ਦੀ ਗੱਲ ਹੈ ਕਿ ਮੁਹਾਲੀ ਵਿਚ ਸੂਬਾ ਸਰਕਾਰ ਵਲੋਂ ਚਲਾਈ ਜਾ ਰਹੀ ਅਕੈਡਮੀ ਦੇ ਸਦਕਾ ਪੰਜਾਬੀਆਂ ਦੀ ਨੁਮਾਇੰਦਗੀ ਵਧਣ ਦੀ ਉਮੀਦ ਜਾਗੀ ਹੈ। ਵਕਤ ਆ ਗਿਆ ਹੈ ਕਿ ਅਸੀਂ ਸਾਰੇ ਪੰਜਾਬੀ ਆਪਣੀ ਜ਼ਮੀਰ ਨੂੰ ਝੰਜੋੜੀਏ ਤੇ ਕਿਸੇ ਨੂੰ ਆਖਣ ਤੋਂ ਪਹਿਲਾਂ ਇਹ ਸੋਚੀਏ ਕਿ ਮੈਂ ਪੰਜਾਬੀ ਤੇ ਪੰਜਾਬੀਅਤ ਲਈ ਕੀ ਕਰ ਰਿਹਾ ਹਾਂ? ਵਿਰਸੇ ਦੀ ਸੰਭਾਲ ਦਾ ਕੰਮ ਸਿਰਫ ਸਰਕਾਰ ਜਾਂ ਸਮਾਜੀ ਤਨਜ਼ੀਮਾਂ 'ਤੇ ਨਹੀਂ ਛੱਡ ਸਕਦੇ ਬਲਕਿ ਜ਼ਾਤੀ ਕੋਸ਼ਿਸ਼ਾਂ ਤੋਂ ਬਗੈਰ ਇਹ ਮੁਹਿੰਮ ਸਫਲ ਨਹੀਂ ਹੋ ਸਕਦੀ। ਅਸੀਂ ਆਪਣੀਆਂ ਸਦੀਆਂ ਪੁਰਾਣੀਆਂ ਕਦਰਾਂ-ਕੀਮਤਾਂ ਨੂੰ ਸਾਂਭ ਕੇ ਰੱਖਣਾ ਹੈ। ਆਓ! ਆਪਣੀ ਤਰਜ਼ੇ-ਜ਼ਿੰਦਗੀ ਨੂੰ ਇਸ ਤਰਾਂ ਢਾਲੀਏ ਕਿ ਆਉਣ ਵਾਲੀਆਂ ਪੁਸ਼ਤਾਂ ਆਪਣੇ ਵਿਰਸੇ ਅਤੇ ਪੰਜਾਬੀਅਤ ਨਾਲ ਜੁੜੀਆਂ ਰਹਿਣ ਅਤੇ ਇਸ 'ਤੇ ਫ਼ਖ਼ਰ ਕਰਨ।

## ਗੁਰਦੁਆਰਾ ਅਕਾਲਜੋਤ...

ਇਥੇ ਜ਼ਿਕਰਯੋਗ ਹੈ ਕਿ ਸਿੱਖ ਰਾਈਡਰਜ਼ ਆਫ ਅਮਰੀਕਾ ਵਿਚ ਪਹਿਚਾਣ ਅਤੇ ਲੋਕ ਭਲਾਈ ਕਾਰਜਾਂ ਲਈ ਮੋਹਰੀ ਰੋਲ ਅਦਾ ਕਰਦੀ ਆ ਰਹੀ ਹੈ। ਇਸ ਤਰਾਂ ਹੀ ਡੀਐਫ਼ ਡਬਲਿਊ ਇੰਟਰਨੈਸ਼ਨਲ ਸਪੋਰਟਸ ਕਲੱਬ ਵੀ ਪੰਜਾਬ ਦੀਆਂ ਵਿਰਾਸਤੀ ਖੇਡਾਂ ਲਈ ਹਮੇਸ਼ਾ ਯਤਨਸ਼ੀਲ ਹੈ ਅਤੇ ਸੰਸਥਾ ਪਿਛਲੇ ਸਾਲਾਂ ਦੌਰਾਨ ਕੌਮਾਂਤਰੀ ਪੱਧਰ ਦੇ ਕਬੱਡੀ ਮੁਕਾਬਲੇ ਅਤੇ ਹੋਰ ਖੇਡਾਂ ਦਾ ਪ੍ਰਬੰਧ ਕਰਦੀ ਆ ਰਹੀ ਹੈ। ਹੋਰਨਾਂ ਤੋਂ ਇਲਾਵਾ ਇਸ ਮੀਟਿੰਗ ਵਿਚ ਅਜਮੇਰ ਸਿੰਘ, ਪੈਨੀ ਸਿੱਧੂ, ਸੋਨੂੰ ਢਿੱਲੋਂ, ਜਗਜੀਤ ਮਾਂਗਟ, ਗੁਰਮੇਲ ਸੂਚ, ਗੁਰਦੇਵ ਹੇਅਰ, ਗੋਲਡੀ ਸਿੰਘ, ਸਨੀ ਕੁਮਾਰ, ਜਸਵਿੰਦਰ ਰੰਧਾਵਾ, ਜੀਤਾ ਮੰਡਾਰਾ, ਮਨਪ੍ਰੀਤ ਮੈਨੀ, ਰਾਜਰ ਸੰਘਾ, ਬਹਾਦਰ ਢੇਸੀ ਅਤੇ ਹਰਜੀਤ ਢੇਸੀ ਸ਼ਾਮਲ ਹੋਏ। ਅੰਤ ਵਿਚ ਗੁਰਦੁਆਰਾ ਅਕਾਲਜੋਤ ਦੀ ਇੰਤਜ਼ਾਮੀਆ ਕਮੇਟੀ ਵਲੋਂ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਗੁਰੂ ਸਾਹਿਬ ਦਾ ਫੁਰਮਾਨ ਹੈ :

**ਘਾਲਿ ਖਾਇ ਕਿਛੁ ਹਥਹੁ ਦੇਇ ॥**
**ਨਾਨਕ ਰਾਹੁ ਪਛਾਣਹਿ ਸੇਇ ॥**

ਬਾਅਦ ਵਿਚ ਪ੍ਰਧਾਨ ਸੋਨੂੰ ਨੇ ਗੱਲਬਾਤ ਦੌਰਾਨ ਕਿਹਾ ਕਿ ਭਲੇ ਦੇ ਕੰਮ ਲਈ ਦਿੱਤੀ ਗਈ ਮਦਦ ਕਰਦੇ ਵਿਅਰਥ ਨਹੀਂ ਜਾਂਦੀ, ਇਹ ਪੁੰਨ ਦਾ ਕੰਮ ਹੁੰਦੀ ਹੈ।

## ਵਿਸ਼ਵ ਪੱਧਰ ’ਤੇ ਕੋਵਿਡ...

ਅਸੀਂ ਆਪਣੀ ਜਿੰਦਗੀਆਂ ਦੀ ਦੌੜ ਵਿੱਚ ਸ਼ਾਮਲ ਹਾਂ, ਪਰ ਇਹ ਦੌੜ ਨਿਆਂਕਾਰੀ ਨਹੀਂ ਹੈ, ਅਤੇ ਬਹੁਤੇ ਦੇਸ਼ਲ਼ ਦੌੜ ਸ਼ੁਰੂ ਹੋਣ ਵਾਲੀ ਲਾਈਨ ਤੋਂ ਅਜੇ ਮਸਾਂ ਤੁਰੇ ਹੀ ਹਨ। ਅਸੀਂ ਦਾਨ ਦੇ ਉਦਾਰ ਐਲਾਨਾਂ ਦਾ ਸਵਾਗਤ ਕਰਦੇ ਹਾਂ ਅਤੇ ਲੀਡਰਾਂ ਦਾ ਧੰਨਵਾਦ ਕਰਦੇ ਹਨ। ਪਰ ਸਾਨੂੰ ਹੋਰ ਜ਼ਿਆਦਾ (ਵੈਕਸੀਨਾਂ) ਦੀ ਲੋੜ ਹੈ ਅਤੇ ਉਹ ਸਾਨੂੰ ਜਲਦੀ ਤੋਂ ਜਲਦੀ ਮਿਲਣੇ ਚਾਹੀਦੇ ਹਨ।’ ਵਿਸ਼ਵ ਪੱਧਰ ਤੇ ਸਮਾਜਿਕ ਇਨਸਾਫ ਲਈ ਕੰਮ ਕਰਦੀ ਸੰਸਥਾ ਔਕਸਫੈਮ ਦੀ ਹੈਲਥ ਪਾਲਿਸੀ ਮੈਨੇਜਰ ਐਨਾ ਮੈਰੀਓਟ ਦਾ ਮੱਤ ਹੈ ਕਿ ਜੀ 7 ਦੇਸ਼ਾਂ ਵੱਲੋਂ ਵੈਕਸੀਨਾਂ ਦਾ ਕੀਤਾ ਇਹ ਦਾਨ ਬਹੁਤ ਹੀ ਨਿਗੁਣਾ ਹੈ। ਉਸ ਅਨੁਸਾਰ ‘ਜੇ ਜੀ-7 ਲੀਡਰ ਵੈਕਸੀਨਾਂ ਦੀਆਂ ਸਿਰਫ 1 ਅਰਬ (ਬਿਲੀਅਨ) ਖੁਰਾਕਾਂ ਹੀ ਦਾਨ ਕਰ ਸਕਦੇ ਹਨ ਤਾਂ ਇਹ ਸਿਖਰ ਸੰਮੇਲਨ ਦੀ ਅਸਫਲਤਾ ਹੈ। ਇਹ ਅੰਦਾਜਾ ਲਾਇਆ ਗਿਆ ਹੈ ਕਿ ਮਹਾਂਮਾਰੀ ਦੇ ਖਾਤਮੇ ਲਈ ਦੁਨੀਆ ਨੂੰ 11 ਅਰਬ (ਬਿਲੀਅਨ) ਵੈਕਸੀਨਾਂ ਦੀ ਲੋੜ ਹੈ। (ਵੈਕਸੀਨ ਦੀਆਂ) ਖੁਰਾਕਾਂ ਦਾ ਦਾਨ ਮਸਲੇ ਦਾ ਹੱਲ ਹੋ ਸਕਦਾ ਹੈ, ਜੇ (ਇਹ ਵੈਕਸੀਨ) ਇਕਦਮ ਦਿੱਤੇ ਜਾਣ, ਪਰ ਦਾਨ ਵੈਕਸੀਨਾਂ ਦੀ ਸਪਲਾਈ ਦੇ ਵੱਡੇ ਸੰਕਟ ਨੂੰ ਹੱਲ ਨਹੀਂ ਕਰ ਸਕੇਗਾ। (ਵੈਕਸੀਨਾਂ) ਦਾ ਉਤਪਾਦਨ ਵਧਾਉਣ ਲਈ ਜੀ-7 ਦੇਸ਼ਾਂ ਨੂੰ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਦੀ ਅਜਾਰੇਦਾਰੀ ਖ਼ਤਮ ਕਰਨੀ ਚਾਹੀਦੀ ਹੈ ਅਤੇ ਇਹ ਜ਼ੋਰ ਪਾਉਣਾ ਚਾਹੀਦਾ ਹੈ ਕਿ ਵੈਕਸੀਨਾਂ ਬਾਰੇ ਵਿਗਿਆਨ ਅਤੇ ਗਿਆਨ ਦੁਨੀਆ ਭਰ ਦੇ ਯੋਗ ਉਤਪਾਦਕਾਂ ਨਾਲ ਸਾਂਝਾ ਕੀਤਾ ਜਾਵੇ। ਵਿਕਾਸਸ਼ੀਲ ਮੁਲਕਾਂ ਦੇ ਕਰੋੜਾਂ ਲੋਕਾਂ ਦੀਆਂ ਜਿੰਦਗੀਆਂ ਕਦੇ ਵੀ ਅਮੀਰ ਮੁਲਕਾਂ ਅਤੇ ਮੁਨਾਫੇ ਦੀਆਂ ਭੁੱਖੀਆਂ ਦਵਾਈਆਂ ਬਣਾਉਣ ਵਾਲੀਆਂ ਕਾਰਪੋਰੇਸ਼ਨਾਂ ਦੀ ਸਦਭਾਵਨਾ ਤੇ ਨਿਰਭਰ ਨਹੀਂ ਹੋਣੀਆਂ ਚਾਹੀਦੀਆਂ।’

ਇਸ ਤਰਾਂ ਅਸੀਂ ਦੇਖ ਸਕਦੇ ਹਾਂ ਕਿ ਅਮੀਰ ਦੇਸ਼ਾਂ ਵਲੋਂ ਵੈਕਸੀਨਾਂ ਦੀ ਜਮਾਂਖੋਰੀ ਅਤੇ ਕੁਝ ਕੁ ਕਾਰਪੋਰੇਸ਼ਨਾਂ ਦੀ ਅਜਾਰੇਦਾਰੀ ਅਧੀਨ ਕੋਵਿਡ-19 ਦੇ ਵੈਕਸੀਨਾਂ ਦਾ ਉਤਪਾਦਨ ਦੁਨੀਆ ਭਰ ਵਿੱਚ ਵੈਕਸੀਨਾਂ ਤੱਕ ਨਾ-ਬਰਾਬਰ ਪਹੁੰਚ ਦਾ ਕਾਰਨ ਹੈ। ਵੈਕਸੀਨਾਂ ਤੱਕ ਇਹ ਨਾ-ਬਰਾਬਰ ਪਹੁੰਚ ਗਰੀਬ ਅਤੇ ਵਿਕਾਸਸ਼ੀਲਾਂ ਦੇਸ਼ਾਂ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਦੀ ਮੌਤ ਦਾ ਕਾਰਨ ਜਾਂ ਉਨਾਂ ਦੀ ਸਿਹਤ ਲਈ ਵੱਡਾ ਖਤਰਾ ਬਣ ਸਕਦੀ ਹੈ। ਅਮੀਰ ਦੇਸ਼ਾਂ ਦੀਆਂ ਸਰਕਾਰਾਂ ਵੱਲੋਂ ਆਪਣੀਆਂ ਅਬਾਦੀਆਂ ਦੀਆਂ ਲੋੜਾਂ ਤੋਂ 2-3 ਗੁਣਾਂ ਵੱਧ ਗਿਣਤੀ ਵਿੱਚ ਵੈਕਸੀਨਾਂ ਦੀ ਜਮਾਂਖੋਰੀ ਇਹ ਦਰਸਾਉਂਦੀ ਹੈ ਕਿ ਗਰੀਬ ਅਤੇ ਵਿਕਾਸਸ਼ੀਲ ਲੋਕਾਂ ਦੀਆਂ ਜਿੰਦਗੀਆਂ ਦੀ ਕੀਮਤ ਦੇ ਮੁਕਾਬਲੇ ਅਮੀਰ ਦੇਸ਼ਾਂ ਦੇ ਲੋਕਾਂ ਦੀਆਂ ਜਿੰਦਗੀਆਂ ਦੀ ਕੀਮਤ ਵੱਧ ਹੈ। ਇਸ ਲਈ ਵਿਸ਼ਵ ਪੱਧਰ ’ਤੇ ਸਮਾਜਿਕ ਨਿਆਂ ਅਤੇ ਬਰਾਬਰੀ ਦੇ ਚਾਹਵਾਨ ਲੋਕ ਇਹ ਮੰਗ ਕਰ ਰਹੇ ਹਨ ਕਿ ਇਨਸਾਨਾਂ ਦੀਆਂ ਜਿੰਦਗੀਆਂ ਦਾ ਵੱਖ-ਵੱਖ ਮੁੱਲ ਪਾਉਣ ਵਾਲਾ ਅਜੋਕਾ ਵੈਕਸੀਨ ਉਤਪਾਦਨ ਪ੍ਰਬੰਧ ਕਾਇਮ ਰਹਿਣ ਦਾ ਹੱਕਦਾਰ ਨਹੀਂ ਹੈ। ਸਾਨੂੰ ਸਾਰਿਆਂ ਨੂੰ ਵੀ ਇਸ ਮੰਗ ਵਿੱਚ ਉਠਾਈ ਉਨਾਂ ਦੀ ਅਵਾਜ ਵਿੱਚ ਆਪਣੀ ਅਵਾਜ ਸ਼ਾਮਲ ਕਰਨੀ ਚਾਹੀਦੀ ਹੈ।’

## ਤਬਾਹ ਕੀਤੇ ਜਾ ਰਹੇ...

ਪਰ ਮਹਿਜ ਇਸੇ ਆੜ ਹੇਠ ਕੁਦਰਤੀ ਸਮਤੋਲ ਅਤੇ ਮਨੁੱਖ ਪ੍ਰਤੀ ਜ਼ਿੰਮੇਵਾਰੀ ਤੋਂ ਭੱਜਿਆ ਨਹੀਂ ਜਾ ਸਕਦਾ। ਪੰਜਾਬ ਵਿਚ ਸਿਰਫ ਜੰਗਲਾਤ ਵਿਭਾਗ ਉਪਰ ਹੀ ਨਿਰਭਰ ਹੋ ਕੇ ਵੀ ਨਹੀਂ ਸਰਨਾ, ਭਰਾਤਰੀ ਮਹਿਕਮੇ ਬਾਗਬਾਨੀ, ਖੇਤੀਬਾੜੀ, ਵਿਸ਼ੇਸ਼ ਕਰ ਕੇ ਭੂਮੀ ਤੇ ਜਲ ਸੰਭਾਲ ਸਮੇਤ ਲੋਕਾਂ ਦੀ ਸ਼ਮੂਲੀਅਤ ਅਤੇ ਭਰੋਸਾ ਜਿੱਤ ਕੇ ਤੁਰਨਾ ਪਵੇਗਾ, ਤਦ ਹੀ ਢੁਕਵੇਂ ਸਿੱਟੇ ਕੱਢੇ ਜਾ ਸਕਦੇ ਹਨ। ਲੋਅਰ ਸ਼ਿਵਾਲਕ ਅਤੇ ਕੰਢੀ ਖੇਤਰ ਵਿਚ ਉੱਥੋਂ ਦੇ ਬਾਸ਼ਿੰਦਿਆਂ ਅਤੇ ਕੁਦਰਤੀ ਸੋਮਿਆਂ ਨਾਲ ਸਬੰਧਿਤ ਭਰਾਤਰੀ ਮਹਿਕਮਿਆਂ ਨੂੰ ਨਾਲ ਲੈ ਕੇ ਨਾ ਚੱਲਣ ਦੀ ਜੰਗਲਾਤ ਵਿਭਾਗ ਦੀ ਅਚੇਤ-ਸੁਚੇਤ ਨੀਤੀ ਕਾਰਨ ਵੀ ਅਜਿਹੀ ਦੁਰਦਸ਼ਾ ਹੋਈ ਹੈ। ਜੰਗਲਾਤ ਨਿਯਮਾਂ ਨੂੰ ‘ਥਾਣੇਦਾਰੀ ਤਰਜ਼’ ਨਾਲ ਨਹੀਂ ਸਗੋਂ ਉਸ ਦੀ ਮੂਲ ਭਾਵਨਾ ਅਨੁਸਾਰ ਲਾਗੂ ਕਰਨ ਦੀ ਲੋੜ ਹੈ। ਭੂਮੀ ਅਤੇ ਜਲ ਸੰਭਾਲ ਵਰਗੇ ਕੁਦਰਤੀ ਸਰੋਤਾਂ ਨਾਲ ਜੁੜੇ ਹੋਏ ਮਹਿਕਮਿਆਂ ਦੇ ਕਾਰਜ ਪਹਾੜੀ ਖਿੱਤਿਆਂ ਵਿਚ ਖਾਸ ਰੋਲ ਅਦਾ ਕਰ ਸਕਦੇ ਹਨ। ਪੰਜਾਬ ਜਿਸ ਦਾ ਮੈਦਾਨੀ ਇਲਾਕਾ ਸੰਘਣੀ ਖੇਤੀ ਹੇਠ ਹੈ, ਦੇ ਪਹਾੜੀ ਖਿੱਤੇ ਉੱਤੇ ਧਿਆਨ ਇਕਾਗਰ ਕਰਨਾ ਹੋਰ ਵੀ ਜ਼ਰੂਰੀ ਹੈ। ਰਾਸ਼ਟਰੀ ਵਣ ਨੀਤੀ ਵਿਚ ਇਸ ਗੱਲ ਉੱਤੇ ਜ਼ੋਰ ਦਿੱਤਾ ਗਿਆ ਹੈ ਕਿ ਦੇਸ਼ ਦੇ ਪਹਾੜੀ ਖੇਤਰਾਂ ਵਿਚ ਦੋ ਤਿਹਾਈ ਭੂਗੋਲਿਕ ਖੇਤਰ ਜੰਗਲਾਂ ਹੇਠ ਹੋਣ। ਪੰਜਾਬ ਦੇ ਪਹਾੜੀ ਖਿੱਤਿਆਂ ਦੀ ਭੈੜੀ ਹਾਲਤ ਨੂੰ ਛੱਡ ਕੇ ਦੇਸ਼ ਦੇ ਬਾਕੀ ਪਹਾੜੀ ਅਤੇ ਜੰਗਲੀ ਖੇਤਰਾਂ ਵਿਚ ਹਾਲਤ ਕੁਝ ਤਸੱਲੀਬਖ਼ਸ਼ ਹੈ। ਦਰਅਸਲ ਪਹਾੜਾਂ ਰਾਹੀ ਅਸੀਂ ਕੁਲ ਰਕਬੇ ਵਿਚ ਤੀਜਾ ਹਿੱਸਾ ਜੰਗਲ ਜ਼ਰੂਰ ਹੋਣ ਦਾ ਨਿਸ਼ਾਨਾ ਪੂਰਾ ਕਰ ਸਕਦੇ ਹਾਂ। ਪਹਾੜੀ ਖੇਤਰਾਂ ਵਿਚ ਵਣਾਂ ਦਾ ਹੋਣਾ ਵਾਤਾਵਰਨ ਸੰਤੁਲਨ (ਇਕੋਲੋਜੀਕਲ ਬੈਲੈਂਸ) ਅਤੇ ਵਾਤਾਵਰਨ ਸਥਿਰਤਾ ਦੀ ਦ੍ਰਿਸ਼ਟੀ ਤੋਂ ਵੀ ਲਾਹੇਵੰਦ ਹੈ। ਇਸ ਨਾਲ ਭੌਂ-ਖੋਰ, ਜਲ ਸੰਕਟ ਅਤੇ ਜ਼ਮੀਨ ਦੀ ਗੁਣ-ਗਿਰਾਵਟ ਰੋਕਣ ਅਤੇ ਜਲ ਸੋਮੇ ਤੇ ਜਲ-ਤਲ ਦੀ ਸਥਿਰਤਾ ਰਹਿੰਦੀ ਹੈ ਅਤੇ ਇਹ ਜਨੌਰਾਂ, ਵਰਖਾ ਅਤੇ ਆਲਮੀ ਤਪਸ਼ ਦੇ ਮਾਮਲੇ ਵਿਚ ਬੇਹੱਦ ਲਾਹੇਵੰਦ ਹੈ। ਜੇ ਪੰਜਾਬ ਨੂੰ ਬਚਾਉਣਾ ਹੈ ਤਾਂ ਸ਼ਿਵਾਲਿਕ ਨੂੰ ਮੁੜ-ਸੁਰਜੀਤ ਕਰਨਾ ਪੈਣਾ ਹੈ। ਜਲ ਸੰਕਟ, ਸ਼ੁਧ ਹਵਾ ਅਤੇ ਸਾਵੇਂ ਵਾਤਾਵਰਨ ਦਾ ਸਸਤਾ ਅਤੇ ਢੁੱਕਵਾਂ ਹੱਲ ਇਹੀ ਹੈ।

ਮੁੱਕਦੀ ਗੱਲ; ਸਿਰ ਜੋੜ ਕੇ ਬੈਠਣ ਅਤੇ ਭਾਈਵਾਲ ਕੋਸ਼ਿਸ਼ਾਂ ਨਾਲ ਹੀ ਹੱਲ ਸੰਭਵ ਹੈ। ਪਹਾੜਾਂ ਵੱਲ ਧਿਆਨ ਦਿਓ ਪਰ ਮੈਦਾਨੀ ਜੰਗਲ ਬਿਲਕੁਲ ਨਾ ਉਜਾੜੋ, ਇਸੇ ਵਿਚ ਹੀ ਸਾਡਾ ਸਭ ਦਾ ਭਲਾ ਲੁਕਿਆ ਹੋਇਆ ਹੈ। ਫਰੀਦਕੋਟ ਨਿਵਾਸੀਆਂ ਨੂੰ ਸਲਾਮ, ਜਿਨਾਂ ਦੀ ਬਦੌਲਤ ਜੰਗਲਾਂ ਦੀ ਗੱਲ ਤੁਰੀ। ਇਹ ਕਿਤੇ ਪਹਿਲਾਂ ਤੁਰਨੀ ਚਾਹੀਦੀ ਸੀ, ਕਰੋਨਾ ਦੌਰ ਤੋਂ ਤਾਂ ਕਿਤੇ ਪਹਿਲਾਂ, ਬੜੀ ਦੇਰ ਕਰ ਦਿੱਤੀ ਅਸਾਂ।

## ਗੁਰੂ ਨਾਨਕ ਫਲਸਫੇ...

ਅਸਲ ਵਿਚ ਤਾਂ ਗੁਰੂ ਜੀ ਨੇ ਮਨੁੱਖ ਵੱਲੋਂ ਕੀਤੀ ਜਾਂਦੀ ਸਾਧਾਰਨ ਆਰਤੀ ਦੇ ਮੁਕਾਬਲੇ ਵਿਸ਼ਾਲ ਪ੍ਰਕਿਰਤਕ ਵਿਸਮਾਦੀ ਆਰਤੀ ਦੀ ਗੱਲ ਕੀਤੀ ਹੈ। ਹੈਰਾਨੀ ਵਾਲੀ ਗੱਲ ਹੈ ਕਿ ਵਿਸ਼ਾਲ ਆਰਤੀ ਨੂੰ ਭੁੱਲ ਕੇ ਅੱਜ ਵੀ ਧਾਰਮਿਕ ਸਥਾਨਾਂ ਦੇ ਵਿਚ ਚੰਦ ਸੂਰਜ ਤੇ ਭਰੋਸਾ ਨਾ ਕਰ ਕੇ ਦੀਵੇ ਜਗਾਏ ਜਾਂਦੇ ਹਨ, ਮੋਮਬੱਤੀਆਂ ਲਗਾਈਆਂ ਜਾਂਦੀਆਂ ਹਨ। ਬਨਾਉਟੀ ਬਲਬ ਟਿਊਬਾਂ ਦੀ ਰੋਸ਼ਨੀ ਕੀਤੀ ਜਾਂਦੀ ਹੈ ਅਤੇ ਆਤਿਸ਼ਬਾਜ਼ੀ, ਅਨਾਰ, ਪਟਾਕਿਆਂ ਨਾਲ ਵਾਤਾਵਰਨ ਧੁੰਦਲਾ ਕੀਤਾ ਜਾਂਦਾ ਹੈ। ਇਸੇ ਪ੍ਰਕਾਰ ਕੁਦਰਤੀ ਬਨਸਪਤੀ ਦੀ ਚੰਦਨੀ ਮਹਿਕ ਦੀ ਥਾਵੇਂ ਅਗਰਬੱਤੀਆਂ ਧੁਖਾਈਆਂ ਜਾਂਦੀਆਂ ਹਨ ਅਤੇ ਵਾਤਾਵਰਨ ਦੂਸ਼ਿਤ ਕੀਤਾ ਜਾਂਦਾ ਹੈ। ਫੁੱਲਾਂ ਨੂੰ ਉਨਾਂ ਦੇ ਕੁਦਰਤੀ ਸਥਾਨਾਂ ਨਾਲੋਂ ਤੋੜ ਕੇ ਨਿਰਜੀਵ ਪੱਥਰਾਂ ਅੱਗੇ ਭੇਟ ਕੀਤਾ ਜਾਂਦਾ ਹੈ। ਕੁਦਰਤ ਦੇ ਝਰ ਝਰ ਕਰਦੇ ਝਰਨਿਆਂ, ਕਲ ਕਲ ਕਰਦੀਆਂ ਨਦੀਆਂ ਅਤੇ ਸ਼ੂਕਦੀਆਂ ਹਵਾਵਾਂ ਦੇ ਸੰਗੀਤ ਦੀ ਥਾਵੇਂ ਢੋਲ ਕੁੱਟੇ ਜਾਂਦੇ ਹਨ, ਨਰਸਿੰਗੇ ਵਜਾਏ ਜਾਂਦੇ ਹਨ ਅਤੇ ਰੱਬ ਨੂੰ ਬੋਲ਼ਾ ਜਾਣ ਉਸ ਸਪੀਕਰਾਂ ਦੇ ਸ਼ੋਰ ਸ਼ਰਾਬੇ ਨਾਲ ਵਾਤਾਵਰਨ ਵਿਚ ਸ਼ੋਰ ਪ੍ਰਦੂਸ਼ਣ ਕੀਤਾ ਜਾ ਰਿਹਾ ਹੈ। ਜਾਪਦਾ ਹੈ, ਗੁਰੂ ਜੀ ਦੀ ਬਾਣੀ ਸਾਨੂੰ ਸਮਝ ਨਹੀਂ ਆਉਂਦੀ ਜਾਂ ਅਸੀਂ ਸਮਝਣੀ ਨਹੀਂ ਚਾਹੁੰਦੇ।

ਵਾਤਾਵਰਨ ਵਿਚਲੇ ਵਿਗਾੜਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਦੀ ਰੋਸ਼ਨੀ ਵਿਚ ਦੂਰ ਕੀਤਾ ਜਾ ਸਕਦਾ ਹੈ ਪਰ ਇਸ ਲਈ ਕੁਝ ਗਿਣਤੀ ਦੇ ਸਿੱਧੇ ਵਾਤਾਵਰਨ ਨਾਲ ਸਬੰਧਤ ਸ਼ਬਦਾਂ ਨੂੰ ਦੁਹਰਾਉਣ ਜਾਂ ਉਨਾਂ ਦੇ ਮਨਮਰਜ਼ੀ ਦੇ ਅਰਥ ਕੱਢਣ ਨਾਲ ਨਹੀਂ ਹੋਣਾ ਸਗੋਂ ਉਸ ਜੀਵਨ ਜਾਚ ਨੂੰ ਅਪਨਾਉਣ ਨਾਲ ਹੋਣਾ ਹੈ ਜਿਹੜਾ ਮਾਰਗ ਗੁਰੂ ਜੀ ਨੇ ਆਪਣੀ ਬਾਣੀ ਅਤੇ ਅਮਲ ਨਾਲ ਸੁਝਾਇਆ ਹੈ। ਬਹੁਤ ਵਾਰ ਵਾਤਾਵਰਨ ਪ੍ਰੇਮੀ ਇਸ ਅਤਿ ਤੇ ਪਹੁੰਚ ਜਾਂਦੇ ਹਨ ਕਿ ਸਾਨੂੰ ਸਾਰੀਆਂ ਆਧੁਨਿਕ ਸੁੱਖ ਸਹੂਲਤਾਂ ਅਤੇ ਤਕਨੀਕਾਂ ਛੱਡ ਕੇ ਮੁੜ ਮੱਧਕਾਲੀ ਜੀਵਨ ਵੱਲ ਪਰਤ ਜਾਣਾ ਚਾਹੀਦਾ ਹੈ। ਅਸਲ ਗੱਲ ਤਾਂ ਇਹ ਹੈ ਕਿ ਅੱਜ ਦੁਨੀਆ ਦੀ ਆਬਾਦੀ ਜਿੰਨੀ ਵਧ ਚੁੱਕੀ ਹੈ ਅਤੇ ਜੋ ਸੁੱਖ ਸਹੂਲਤਾਂ ਮਨੁੱਖ ਨੂੰ ਪ੍ਰਾਪਤ ਹੋ ਚੁੱਕੀਆਂ ਹਨ, ਉਨਾਂ ਦਾ ਤਿਆਗ ਨਾ ਸੰਭਵ ਹੈ ਅਤੇ ਨਾ ਹੀ ਤਿਆਗਣ ਵਿਚ ਕੋਈ ਸਮਝਦਾਰੀ ਹੈ। ਅਸਲ ਵਿਚ ਲੋੜ ਤੇ ਲਾਲਚ, ਮਜਬੂਰੀ ਤੇ ਅੱਯਾਸ਼ੀ ਦਰਮਿਆਨ ਫਰਕ ਕਰਨ ਦੀ ਹੈ। ਗੁਰੂ ਜੀ ਤੋਂ ਪਹਿਲਾਂ ਪਰਮਾਤਮਾ ਨੂੰ ਪਾਉਣ ਲਈ ਘਰ ਬਾਰ ਤਿਆਗਣ ਦੀ ਗੱਲ ਕੀਤੀ ਜਾਂਦੀ ਸੀ ਪਰ ਗੁਰੂ ਜੀ ਨੇ ਗ੍ਰਹਿਸਥ ਮਾਰਗ ਸੁਝਾਇਆ, ਉਸ ਤੇ ਧਿਆਨ ਕੇਂਦਰਤ ਕਰਨ ਦੀ ਲੋੜ ਹੈ:

**ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥**
**ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥**

ਇਸ ਪੰਕਤੀ ਵਿਚ ਗੁਰੂ ਜੀ ਕਮਾਲ ਦਾ ਦ੍ਰਿਸ਼ ਬਿੰਬ ਸਿਰਜ ਕੇ ਦਰਸਾਉਂਦੇ ਨੇ ਕਿ ਜਿਵੇਂ ਮੁਰਗਾਬੀ ਪਾਣੀ ਵਿਚ ਡੁਬਕੀ ਵੀ ਲਗਾਉਂਦੀ ਹੈ ਪਰ ਉਸ ਦੇ ਖੰਭ ਨਹੀਂ ਭਿੱਜਦੇ, ਜਿਵੇਂ ਕਮਲ ਚਿੱਕੜ ਵਿਚ ਪੈਦਾ ਹੁੰਦਾ ਹੈ ਪਰ ਉਸ ਦੀਆਂ ਪੰਖੜੀਆਂ ਨਹੀਂ ਲਿੱਬੜਦੀਆਂ। ਮਨੁੱਖ ਆਪਣੀ ਚੇਤਨਾ ਨਾਲ ਭਵ ਸਾਗਰ ਪਾਰ ਕਰ ਸਕਦਾ ਹੈ। ਇੰਜ ਹੀ ਮਨੁੱਖ ਖਪਤਕਾਰੀ ਯੁੱਗ ਵਿਚ ਰਹਿੰਦਿਆਂ ਹੀ ਖਪਤਕਾਰੀ ਰੁਚੀਆਂ ਤੇ ਕਾਬੂ ਪਾ ਕੇ ਨਾ ਕੇਵਲ ਆਪਣਾ ਆਪ ਹੀ ਬਚਾ ਸਕਦਾ ਹੈ ਸਗੋਂ ਖਪਤਕਾਰੀ ਸਮਾਜ ਅਤੇ ਸੋਚ ਵੀ ਖ਼ਤਮ ਕਰ ਸਕਦਾ ਹੈ। ਇਸ ਲਈ ਆਪਣੀਆਂ ਲੋੜਾਂ ਤਕ ਸੀਮਤ ਰਹਿਣ ਅਤੇ ਵਾਧੂ ਬਾਜ਼ਾਰ ਦੀਆਂ ਭੜਕਾਈਆਂ ਤ੍ਰਿਸ਼ਨਾਵਾਂ ਤੇ ਕਾਬੂ ਪਾਉਣ ਦੀ ਜ਼ਰੂਰਤ ਹੈ। ਇਹ ਕਾਬੂ ਤਾਂ ਹੀ ਪਾਇਆ ਜਾ ਸਕਦਾ ਹੈ, ਜੇ ਅਸੀਂ ਨਾਮ ਚੇਤਨਾ ਦੇ ਵੱਡੇ ਸੰਸਾਰ ਨਾਲ ਜੁੜੀਏ ਅਤੇ ਪ੍ਰਕਿਰਤ ਸਹਿਜ ਅਨੰਦ ਵਿਚ ਰਹਿਣਾ ਸਿੱਖੀਏ। ਇਸ ਲਈ ਨਾ ਵਿਗਿਆਨ ਨੂੰ ਤਿਆਗਣ ਦੀ ਲੋੜ ਹੈ ਅਤੇ ਨਾ ਹੀ ਸੰਸਾਰ ਤਿਆਗਣ ਦੀ ਲੋੜ ਹੈ ਸਗੋਂ ਸੰਤੁਲਿਤ ਸਹਿਜ ਜੀਵਨ ਮਾਰਗ ਅਪਨਾਉਣ ਦੀ ਜ਼ਰੂਰਤ ਹੈ। ਅੱਜ ਧਰਤੀ ਤਬਾਹੀ ਵੱਲ ਵਧ ਰਹੀ ਹੈ। ਸਾਨੂੰ ਬੇਫ਼ਿਕਰੀ ਵਾਲਾ ਰਵੱਈਆ ਛੱਡ ਕੇ ਗੁਰੂ ਨਾਨਕ ਦੇਵ ਜੀ ਦੀ ਹਦਾਇਤ ਮੰਨ ਕੇ ਵਾਤਾਵਰਨ ਦੀ ਸੰਭਾਲ ਲਈ ਜ਼ਿੰਮੇਵਾਰੀ ਸੰਭਾਲਣੀ ਚਾਹੀਦੀ ਹੈ।

ਪੁਰਾਤਨ ਜਨਮ ਸਾਖੀ ਸੰਪਾਦਤ ਭਾਈ ਵੀਰ ਸਿੰਘ ਵਿਚ ਸਾਖੀ ਆਉਂਦੀ ਹੈ ਕਿ ਉਦਾਸੀਆਂ ਦੌਰਾਨ ਜੰਗਲ ਵਿਚ ਗੁਜ਼ਰਦਿਆਂ ਮਰਦਾਨੇ ਨੂੰ ਭੁੱਖ ਲਗਦੀ ਹੈ ਤਾਂ ਉਹ ਬਾਬੇ ਨੂੰ ਜੋਦੜੀ ਕਰਦਾ ਹੈ ਤਾਂ ਬਾਬੇ ਆਖਿਆ- ‘ਮਰਦਾਨਿਆਂ! ਇਸ ਰੁਖੁ ਦੇ ਫਲ ਖਾਹਿ, ਪਰ ਰਜਿ ਕੈ ਖਾਹਿ, ਜਿਤਨੇ ਖਾਇ ਸਕਦਾ ਹੈਂ, ਪਰ ਹੋਰੁ ਪਲੈ ਬੰਨਿ ਨਾਹੀਂ।’ ਮਰਦਾਨੇ ਨੇ ਰੱਜ ਕੇ ਫਲ ਖਾਧੇ ਅਤੇ ਬਾਬੇ ਦੇ ਹੁਕਮ ਦੇ ਉਲਟ ਸੁਆਦੀ ਹੋਣ ਕਰ ਕੇ ਕੁਝ ਫਲ ਪੱਲੇ ਵੀ ਬੰਨ ਲਏ। ਕਾਫੀ ਦੇਰ ਬਾਅਦ ਜਦ ਮੁੜ ਜੀਅ ਲਲਚਾਇਆ ਤਾਂ ਫਲ ਖਾਣ ਲਈ ਮੂੰਹ ਵਿਚ ਪਾਏ ਤਾਂ ਮਰਦਾਨਾ ਡਿੱਗ ਪਿਆ। ਗੁਰੂ ਬਾਬੇ ਨੇ ਪੁੱਛਿਆ ਕਿ ਕੀ ਹੋਇਆ ਤਾਂ ਮਰਦਾਨਾ ਆਖਦਾ ਹੈ ਕਿ ਤੁਸੀਂ ਕਿਹਾ ਸੀ ਕਿ ਫਲ ਖਾ ਲੈ ਪਰ ਪੱਲੇ ਨਹੀਂ ਬੰਨਣੇ। ਮੈਂ ਪੱਲੇ ਬੰਨ ਲਏ ਸੀ, ਹੁਣ ਖਾਧੇ ਤਾਂ ਇਹ ਹਾਲ ਹੋ ਗਿਆ। ਬਾਬੇ ਨੇ ਆਖਿਆ ਕਿ ਇਹ ਜ਼ਹਿਰੀਲੇ ਫਲ ਸਨ, ਬਚਨਾਂ ਨਾਲ ਅੰਮ੍ਰਿਤ ਹੋਏ ਸੀ।

ਖੈਰ, ਇਹ ਸਾਖੀ ਪ੍ਰਤੀਕਾਤਮਿਕ ਤੌਰ ’ਤੇ ਦੱਸਦੀ ਹੈ ਕਿ ਮਨੁੱਖੀ ਲੋੜ ਸਮੇਂ ਤਾਂ ਜ਼ਹਿਰ ਵੀ ਅੰਮ੍ਰਿਤ ਬਣ ਸਕਦੀ ਹੈ ਪਰ ਜੇ ਮਨੁੱਖ ਲਾਲਚ ਕਰੇ ਤਾਂ ਅੰਮ੍ਰਿਤ ਵੀ ਜ਼ਹਿਰ ਬਣ ਜਾਂਦਾ ਹੈ। ਅਸਲ ਵਿਚ ਤਾਂ ਇਸ ਸਾਖੀ ਅੰਦਰ ਅੱਜ ਦੀ ਸਾਰੀ ਵਾਤਾਵਰਨ ਸਬੰਧੀ ਸਮੱਸਿਆ ਦਾ ਹੱਲ ਪਿਆ ਹੈ ਕਿ ਜੇ ਅਸੀਂ ਸੁਆਦ ਲਈ, ਭਵਿੱਖ ਦੇ ਡਰ ਅਧੀਨ ਲੋੜ ਤੋਂ ਵੱਧ ਪੱਲੇ ਨਾ ਬੰਨੀਏ, ਵਾਧੂ ਤਿਜੌਰੀਆਂ ਨਾ ਭਰੀਏ ਤਾਂ ਵਾਤਾਵਰਨ ਦੀ ਸਮੱਸਿਆ ਪੈਦਾ ਹੀ ਨਹੀਂ ਹੋ ਸਕਦੀ। ਗੁਰੂ ਵਾਕ ਅਗੋ ਦੇ ਜੇ ਚੇਤੀਐ ਤਾਂ ਕਾਇਤ ਮਿਲੈ ਸਜਾਇ॥ ਵਾਤਾਵਰਨ ਤੋਂ ਇਲਾਵਾ ਭਲਾ ਹੋਰ ਕਿਸ ਸਮੱਸਿਆ ਤੇ ਸਭ ਤੋਂ ਵੱਧ ਢੁਕਦਾ ਹੈ? ਜੇ ਅਸੀਂ ਹੁਣ ਵੀ ਸੁਚੇਤ ਹੋ ਜਾਈਏ ਤਾਂ ਸਜ਼ਾ ਤੋਂ ਬਚ ਸਕਦੇ ਹਾਂ।

## ਮਾਮਲਾ ਜੰਮੂ-ਕਸ਼ਮੀਰ ’ਚ...

ਡਾ. ਕੁਲਦੀਪ ਸਿੰਘ, ਕੌਮੀ ਘੱਟ ਗਿਣਤੀ ਕਮਿਸ਼ਨ ਦੇ ਪ੍ਰੋਫੈਸਰ ਬਾਵਾ ਸਿੰਘ, ਰਾਜਿੰਦਰ ਸਿੰਘ (ਖਾਲਸਾ ਪੰਚਾਇਤ), ਡਾ. ਪਿਆਰੇ ਲਾਲ ਗਰਗ, ਇੰਜ. ਗੁਰਪਾਲ ਸਿੰਘ ਸਿੱਧੂ, ਪ੍ਰੋ. ਮਨਜੀਤ ਸਿੰਘ, ਗਲੋਬਲ ਸਿੱਖ ਕੌਂਸਲ ਦੇ ਪ੍ਰਧਾਨ ਗੁਰਪ੍ਰੀਤ ਸਿੰਘ, ਸੁਰਿੰਦਰ ਸਿੰਘ ਕਿਸ਼ਨਪੁਰਾ ਅਤੇ ਨਵਤੇਜ ਸਿੰਘ ਨੇ ਕਿਹਾ ਕਿ ਸਿਆਸੀ ਵਿਅਕਤੀਆਂ ਦੇ ਕਹਿਣ ਉੱਤੇ ਸਿੱਧਾ ਬਿਆਨ ਜਾਰੀ ਕਰਨ ਤੋਂ ਗੁਰੇਜ ਕੀਤਾ ਜਾਣਾ ਚਾਹੀਦਾ ਹੈ।

ਉਨਾਂ ਕਿਹਾ ਕਿ ਕਈ ਸਿੱਖ ਲੀਡਰ ਨੇ ਲੜਕੀਆਂ ਦੇ ਵਿਆਹ ਦੀ ਅਸਲੀਅਤ ਨੂੰ ਦਬਾ ਕੇ ਅਤੇ ਉਨਾਂ ਦੇ ਧਰਮ ਪਰਿਵਰਤਨ ਦੀਆਂ ਘਟਨਾਵਾਂ ਨੂੰ ਧਾਰਮਿਕ ਰੰਗਤ ਦੇਕੇ ਇੱਕ ਘੱਟ-ਗਿਣਤੀ ਭਾਈਚਾਰੇ ਨੂੰ ਦੂਜੇ ਘੱਟ-ਗਿਣਤੀ ਸਮਾਜ ਵਿਰੁੱਧ ਖੜਾ ਕਰਕੇ, ਭਾਜਪਾ ਦੀ ਸਿਆਸਤ ਦਾ ਦਮ ਭਰ ਰਹੇ ਹਨ। ਭਾਜਪਾ ਸਰਕਾਰ ਵੀਂ ਸਿੱਖ ਲੀਡਰਾਂ ਨੂੰ ਇਸ ਕੇਸ ਨੂੰ ਸਿਆਸੀ ਰੂਪ ਦੇਣ ਲਈ ਉਕਸਾ ਰਹੀ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਖੁਦ ਵੀ ਇਸ ਸਬੰਧ ਵਿੱਚ ਤੁਰੰਤ ਜੰਮੂ-ਕਸ਼ਮੀਰ ਸਰਕਾਰ ਨੂੰ ਲੋੜੀਦੀਆਂ ਹਦਾਇਤਾਂ ਦਿੱਤੀਆਂ ਹਨ। ਜਦੋਂ ਕਿ ਅਮਿਤ ਸ਼ਾਹ ਨੇ ਸੱਤ ਮਹੀਨਿਆਂ ਤੋਂ ਚਲਦੇ ਕਿਸਾਨ ਅੰਦੋਲਨ ਬਾਰੇ ਅਤੇ ਸ਼ਹੀਦ ਹੋਏ 500 ਤੋਂ ਵੱਧ ਕਿਸਾਨਾਂ ਬਾਰੇ ਅਜੇ ਇੱਕ ਸ਼ਬਦ ਨਹੀਂ ਬੋਲਿਆ। ਸਰਕਾਰ ਹਰਿਦਵਾਰ ਦੇ ਗਿਆਨ ਗੋਦੜੀ, ਪੁਰੀ ਵਿੱਚ ਮੰਗੂ ਮੱਠ ਅਤੇ ਲਦਾਖ ਵਿਚਲੇ ਡਾਗਮਾਰ ਗੁਰਦਵਾਰਿਆਂ ਦੇ ਮਸਲਿਆਂ ਬਾਰੇ ਲੰਬੇ ਸਮੇਂ ਤੋਂ ਦੜ ਵੱਟੀ ਬੈਠੇ ਹਨ। ਅਤੇ ਸਿੱਖਾਂ ਦੀ ਜੰਮੂ-ਕਸ਼ਮੀਰ ਵਿੱਚ ਘੱਟ ਗਿਣਤੀ ਦਾ ਦਰਜਾ ਦੇਣ ਤੋਂ ਵੀ ਦਿੱਲੀ ਸਰਕਾਰ ਚੁੱਪ ਵੱਟੀ ਬੈਠੀ ਹੈ।

ਕਈ ਸਿੱਖ ਲੀਡਰ ਦਿੱਲੀ ਤੋਂ ਹਵਾਈ ਉਡਾਨਾਂ ਰਾਹੀਂ ਕਸ਼ਮੀਰ ਪਹੁੰਚ ਗਏ ਹਨ ਅਤੇ ਦਿੱਲੀ ਵਿੱਚ ਜੰਮੂ-ਕਸ਼ਮੀਰ ਹਾਊਸ ਅਤੇ ਇੱਕ ਦੂਜੇ ਤੋਂ ਵੱਧ ਚੜਕੇ ਮੁਕਾਬਲੇਬਾਜ਼ੀ ਵਾਲੇ ਜਲੂਸ ਕੱਢ ਰਹੇ ਹਨ। ਜਦੋਂ ਕਿ ਸ੍ਰੀਨਗਰ ਵਿੱਚ ਲੋਕਲ ਸਿੱਖਾਂ ਨੇ ਪ੍ਰੈਸ ਨੂੰ ਦਿੱਤੇ ਬਿਆਨਾਂ ਵਿੱਚ ਕਿਹਾ ਕਿ ‘ਲੜਕੀਆਂ ਦੇ ਮਸਲੇ ਦਾ ਸਿਆਸੀ ਕਰਨ ਕਰਨਾ ਸਥਾਨਕ ਸਿੱਖ ਭਾਈਚਾਰੇ ਦੇ ਬਹੁਗਿਣਤੀ ਵਸੋਂ ਨਾਲ ਸਬੰਧਾਂ ਨੂੰ ਖਰਾਬ ਕਰੇਗਾ ਅਤੇ ਭਵਿੱਖ ਵਿੱਚ ਉਹਨਾਂ ਲਈ ਮੁਸ਼ਕਲਾਂ ਪੈਦਾ ਕਰੇਗਾ।’

ਸਿੱਖ ਬੁੱਧੀਜੀਵੀਆਂ ਨੇ ਕਿਹਾ ਕਸ਼ਮੀਰ ਸਿੱਖ ਭਾਈਚਾਰੇ ਨੂੰ ਆਪਣੇ ਸਮਾਜਿਕ ਮਸਲੇ ਗੱਲਬਾਤ ਰਾਹੀਂ ਅਤੇ ਸਮਾਜਿਕ ਦਬਾ ਰਾਹੀ ਹੱਲ ਕਰਨੇ ਚਾਹੀਦੇ ਹਨ ਅਤੇ ਬਾਹਰਲੇ ਸਿੱਖ ਲੀਡਰਾਂ ਦੇ ਸਿਆਸੀ ਹੱਥਠੋਕੇ ਬਣਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

**ਕਸ਼ਮੀਰੀ ਸਿੱਖ ਕੁੜੀਆਂ ਦਾ ਪੱਖ**

ਸਿੱਖ ਕੁੜੀ ਵੀਰਪਾਲ ਕੌਰ ਨੇ ਹੁਣ ਆਪਣੀ ਇੱਕ ਤਾਜ਼ਾ ਵੀਡੀਓ ਜਾਰੀ ਕਰਕੇ ਬਿਆਨ ਜਾਰੀ ਕੀਤਾ ਹੈ ਕਿ ਕਸ਼ਮੀਰ ਵਾਦੀ ’ਚ ਕਿਸੇ ਤਰਾਂ ਕੋਈ ਜ਼ਬਰਦਸਤੀ ਨਹੀਂ ਕੀਤੀ ਜਾ ਰਹੀ ਤੇ ਉਸ ਨੇ ਆਪਣੀ ਮਰਜ਼ੀ ਨਾਲ ਇਸਲਾਮ ਕਬੂਲ ਕਰਕੇ ਮੁਸਲਿਮ ਲੜਕੇ ਨਾਲ ਵਿਆਹ ਰਚਾਇਆ ਹੈ। ਵੀਰਪਾਲ ਨੇ ਇਹ ਵੀ ਸਪੱਸ਼ਟ ਕੀਤਾ ਕਿ ਹੁਣ ਉਸ ਦਾ ਨਾਂ ਖਦੀਜਾ ਹੈ ਤੇ ਆਪਣੇ ਪਤੀ ਨਾਲ ਬਹੁਤ ਖ਼ੁਸ਼ ਹੈ।

ਵੀਰਪਾਲ ਕੌਰ ਨੇ ਇਹ ਵੀ ਕਿਹਾ ਕਿ ਅਜਿਹੇ ਇਲਜ਼ਾਮ ਬਿਲਕੁਲ ਬੇਬੁਨਿਆਦ ਹਨ ਕਿ ਕਸ਼ਮੀਰ ਵਿੱਚ ਬੰਦੂਕ ਦੀ ਨੋਕ ਉੱਤੇ ਧਰਮ ਪਰਿਵਰਤਨ ਕਰਵਾਇਆ ਜਾ ਰਿਹਾ ਹੈ। ਉਸ ਨੇ ਕਿਹਾ,‘ਪਿਛਲੇ ਤਿੰਨ-ਚਾਰ ਦਿਨਾਂ ਤੋਂ ਸਿੱਖ ਆਗੂ ਬਹੁਤ ਖਰਵੇ ਢੰਗ ਨਾਲ ਪੇਸ਼ ਆ ਰਹੇ ਹਨ। ਹੁਣ ਜਦੋਂ ਮੇਰਾ ਨਾਂ ਸਭ ਨੂੰ ਪਤਾ ਲੱਗ ਹੀ ਗਿਆ ਹੈ, ਤਾਂ ਮੈਂ ਸੋਚਿਆ ਕਿਉਂ ਨਾ ਇੱਕ ਵੀਡੀਓ ਰਾਹੀਂ ਸਭ ਕੁਝ ਸਪੱਸ਼ਟ ਕਰ ਦੇਵਾਂ।’

ਵੀਰਪਾਲ ਕੌਰ ਦੀ ਵੀਡੀਓ ਕਲਿੱਪ ਪੰਜ ਮਿੰਟਾਂ ਦੀ ਹੈ। ਉਸ ਵਿੱਚ ਉਸ ਨੇ ਸਪੱਸ਼ਟ ਕੀਤਾ ਹੈ ਕਿ ਜਿਸ ਅਦਾਲਤ ਵਿੱਚ ਉਨਾਂ ਦੋਵਾਂ ਦਾ ਵਿਆਹ ਰਜਿਸਟਰਡ ਹੋਇਆ ਹੈ ਤੇ ਜਿਸ ਮੌਲਵੀ ਦੀ ਦੇਖ-ਰੇਖ ਹੇਠ ‘ਨਿਕਾਹ’ ਪੜਿਆ ਗਿਆ ਹੈ, ਉਨਾਂ ਦੋਵੇਂ ਥਾਵਾਂ ਉੱਤੇ ਬਹੁਤ ਸਪੱਸ਼ਟ ਤਰੀਕੇ ਨਾਲ ਪਹਿਲਾਂ ਇਹ ਪੁਸ਼ਟੀ ਕੀਤੀ ਗਈ ਕਿ ‘ਮੈਂ ਕਿਤੇ ਜ਼ੋਰ-ਜ਼ਬਰਦਸਤੀ ਨਾਲ ਜਾਂ ਦਬਾਅ ਹੇਠ ਤਾਂ ਇਸਲਾਮ ਕਬੂਲ ਨਹੀਂ ਕਰ ਰਹੀ।’

ਯੁੱਧਵੀਰ ਰਾਣਾ ਦੀ ਪ੍ਰਕਾਸ਼ਤ ਹੋਈ ਇਕ ਰਿਪੋਰਟ ਅਨੁਸਾਰ ਵੀਰਪਾਲ ਕੌਰ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਉਹ ਇਸਲਾਮ ਧਰਮ ਦੀਆਂ ਸਿੱਖਿਆਵਾਂ ਤੋਂ ਪ੍ਰਭਾਵਿਤ ਹੈ। ਇਸੇ ਲਈ ਉਸ ਨੇ ਅਜਿਹਾ ਕਦਮ ਚੁੱਕਿਆ ਹੈ।

ਦੱਸ ਦੇਈਏ ਕਿ ਬੀਤੀ 26 ਜੂਨ ਨੂੰ 18 ਸਾਲਾਂ ਦੀ ਇੱਕ ਹੋਰ ਕਸ਼ਮੀਰੀ ਸਿੱਖ ਲੜਕੀ ਨੂੰ ਵੀ ਕਥਿਤ ਤੌਰ ਉੱਤੇ ਜ਼ੋਰ-ਜ਼ਬਰਦਸਤੀ ਨਾਲ ਇਸਲਾਮ ਕਬੂਲ ਕਰਨ ਲਈ ਮਜਬੂਰ ਕੀਤਾ ਗਿਆ ਸੀ ਪਰ ਉਸ ਨੂੰ ਦਿੱਲੀ ਦੇ ਸਿੱਖ ਆਗੂਆਂ ਦੇ ਦਖਲ ਤੋਂ ਬਾਅਦ ਬਚਾ ਲਿਆ ਗਿਆ ਤੇ ਉਸ ਦਾ ਇੱਕ ਸਿੱਖ ਨੌਜਵਾਨ ਨਾਲ ਵਿਆਹ ਵੀ ਕਰ ਦਿੱਤਾ ਗਿਆ ਹੈ। ਉਹ ਦੋਵੇਂ ਇਸ ਵੇਲੇ ਦਿੱਲੀ ’ਚ ਹਨ।



# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm,office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**



**PROPERTY ADDRESS: 27022 RIVER ROADM, NEWMAN CA 95360.**




## RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**